ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 5 | Issue 51 | 28 December to 03 January 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


**'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਵਰ੍ਹੇ ਦੀਆਂ ਲੱਖ ਲੱਖ ਵਧਾਈਆਂ। ਸਾਲ 2017 ਸਭਨਾਂ ਲਈ ਖੁਸ਼ੀਆਂ-ਖੇੜੇ ਲੈ ਕੇ ਆਵੇ**

## ਛੋਟੇ ਸਾਹਿਬਜ਼ਾਦਿਆਂ ਦੀ ਧਰਤੀ 'ਤੇ ਸੰਗਤ ਦਾ ਸੈਲਾਬ

# ਸ਼ਰਧਾ ਦੇ ਸਮੁੰਦਰ 'ਚ ਲੀਡਰਾਂ ਨੇ ਰੱਜ ਰੱਜ ਲਾਏ ਦੂਸ਼ਣਬਾਜ਼ੀਆਂ ਦੇ ਗੋਤੇ

**ਹੁਣ ਸ਼ੁਰੂ ਹੋਵੇਗਾ 'ਜੇਲ੍ਹ ਵਿਦ ਕੈਪਟਨ' : ਸੁਖਬੀਰ ਬਾਦਲ**

**ਪੰਜਾਬ ਨੂੰ ਲੁੱਟਣ ਵਾਲੇ ਬਾਦਲਾਂ ਨੂੰ ਕਰਾਂਗੇ ਅੰਦਰ : ਕੈਪਟਨ**

**ਮੈਂ ਪੋਸਟਰ ਛਪਾਉਣੈ, ਸੁਖਬੀਰ ਦੱਸੇ-ਉਹਨੇ ਕਿਥੋਂ ਲੜਨੈ : ਭਗਵੰਤ**

**ਸਰਬੱਤ ਖ਼ਾਲਸਾ ਦੇ ਪ੍ਰਸਤਾਵ ਲਾਗੂ ਕਰਾਵਾਂਗੇ : ਸਿਮਰਨਜੀਤ ਸਿੰਘ ਮਾਨ**



ਸ਼ਹੀਦੀ ਜੋੜ ਮੇਲੇ ਦੇ ਅੰਤਿਮ ਦਿਨ ਸਜਾਏ ਗਏ ਨਗਰ ਕੀਰਤਨ ਦੀ ਝਲਕ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਇਸ ਵਾਰ ਫਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਛੋਟੇ ਸਾਹਿਬਜ਼ਾਦਿਆਂ ਦੀ ਹੋਈ ਲਾਸਾਨੀ ਕੁਰਬਾਨੀ ਨੂੰ ਨਮਨ ਕਰਨ ਵਾਲਿਆਂ ਦੀ ਗਿਣਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਰਹੀ। ਠੰਢ ਦੇ ਬਾਵਜੂਦ ਹਰ ਸੜਕ 'ਤੇ ਜਿਵੇਂ ਆਸਥਾ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂ ਗੁਰਦੁਆਰਾ ਸ਼੍ਰੀ ਜਿਓਤੀ ਸਰੂਪ ਸਾਹਿਬ ਪਹੁੰਚੇ। ਪੂਰੇ ਇਲਾਕੇ ਵਿਚ 400 ਤੋਂ ਜ਼ਿਆਦਾ ਲੰਗਰ ਲੱਗੇ ਹੋਏ ਸਨ। ਸਿਆਸੀ ਪਾਰਟੀਆਂ ਨੇ ਵੀ ਸ਼ਰਧਾ ਦੇ ਇਸ ਸਮੁੰਦਰ ਦਾ ਲਾਹਾ ਲੈਣ ਵਿਚ ਕੋਈ ਕਸਰ ਨਹੀਂ ਛੱਡੀ। ਲੀਡਰਾਂ ਨੇ ਸ਼ਰਧਾ ਦੇ ਇਸ ਸਮੁੰਦਰ ਦਾ ਲਾਹਾ ਲੈਂਦਿਆਂ ਰੱਜ ਰੱਜ ਕੇ ਦੂਸ਼ਣਬਾਜ਼ੀਆਂ ਦੇ ਗੋਤੇ ਲਾਏ। ਜੋ ਜੋ ਦਾਅਵੇ ਉਨ੍ਹਾਂ ਪਿਛਲੀ ਕਾਨਫਰੰਸ ਵਿਚ ਕੀਤੇ ਸਨ, ਉਹੀ ਇਸ ਵਾਰ ਵੀ ਦੁਹਰਾਏ। ਅਕਾਲੀ ਦਲ ਦੀ ਕਾਨਫਰੰਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ, 'ਕਾਂਗਰਸ ਅਤੇ 'ਆਪ' ਸੱਤਾ ਹਾਸਲ ਕਰਨ ਲਈ ਲੋਕਾਂ ਨੂੰ ਝੂਠੇ ਸੁਪਨੇ ਦਿਖਾ ਰਹੀਆਂ ਹਨ। ਬਾਦਲ ਨੇ ਕਿਹਾ, 'ਪੰਜਾਬ ਕੋਲ ਇਕ ਵੀ ਬੂੰਦ ਫਾਲਤੂ ਪਾਣੀ ਨਹੀਂ ਹੈ। ਐਸ.ਵਾਈ.ਐਲ. ਨਹਿਰ ਕਿਸੇ ਕੀਮਤ 'ਤੇ ਨਹੀਂ ਬਣਨ ਦਿਆਂਗੇ।' ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੈਪਟਨ 'ਤੇ ਹਮਲਾ ਬੋਲਦਿਆਂ ਕਿਹਾ, 'ਕਾਂਗਰਸ ਨੂੰ ਹੁਣ 'ਕਾਫ਼ੀ ਵਿਦ ਕੈਪਟਨ' ਦੀ ਅਸਫਲਤਾ ਮਗਰੋਂ 'ਜੇਲ੍ਹ ਵਿਦ ਕੈਪਟਨ' ਸ਼ੁਰੂ ਕਰਨਾ ਚਾਹੀਦਾ ਹੈ। ਉਧਰ ਕਾਂਗਰਸ

**ਵਿਸਥਾਰ ਵਿਚ ਰਿਪੋਰਟ ਅੰਦਰ ਸਫ਼ਾ 43 'ਤੇ**

**ਬਾਕੀ ਸਫ਼ਾ 42 'ਤੇ**

# ਚੋਣ ਮੈਨੀਫੈਸਟੋ ਆਖ਼ਰ ਕਿਉਂ ਨਹੀਂ ਬਣਦੇ ਕਾਨੂੰਨੀ ਦਸਤਾਵੇਜ਼ ?

**ਚੰਡੀਗੜ੍ਹ/ਬਿਊਰੋ ਨਿਊਜ਼ :** ਵੱਡੇ ਵੱਡੇ ਵਾਅਦੇ-ਦਾਅਵੇ ਕਰਕੇ ਆਮ ਲੁਕਾਈ ਨੂੰ ਲਾਰਿਆਂ ਵਿਚ ਰੱਖਣਾ ਦੁਨੀਆ ਭਰ ਦੀ ਸਿਆਸਤ ਦੀ ਫ਼ਿਤਰਤ ਬਣ ਚੁੱਕੀ ਹੈ। ਆਪਣੇ ਹੱਕ ਲੈਣ ਦੀ ਥਾਂ ਆਮ ਲੋਕ ਵੀ ਇਨ੍ਹਾਂ ਲਾਰਿਆਂ ਦੇ ਕਦੇ ਤਾਂ ਪੂਰੇ ਹੋਣ ਦੀ ਆਸ ਨਾਲ ਆਪਣੀ ਹੋਣੀ ਨਾਲ ਸਬਰ ਕਰੀ ਬੈਠੇ ਹਨ। ਪਿਛਲੇ ਦਿਨੀਂ ਦੁਨੀਆ ਦੀ ਮਹਾਂਸ਼ਕਤੀ ਅਖਵਾਉਂਦਾ ਮੁਲਕ ਅਮਰੀਕਾ ਵੀ ਆਪਣੇ ਰਾਸ਼ਟਰਪਤੀ ਦੇ ਮੁੱਖ ਉਮੀਦਵਾਰਾਂ ਦੇ ਮੂੰਹੋਂ ਡੋਨਲਡ ਟਰੰਪ ਤੇ ਹਿਲੇਰੀ ਕਲਿੰਟਨ ਕੋਲੋਂ ਹਜ਼ਾਰਾਂ ਹਜ਼ਾਰਾਂ ਵਾਅਦਿਆਂ ਦੀ ਲੜੀ ਪਰੋਏ ਜਾਣ ਦਾ ਗਵਾਹ ਬਣ ਚੁੱਕਾ ਹੈ। ਇਨ੍ਹੀਂ ਦਿਨੀਂ ਪੰਜਾਬ ਵਿਚ ਵੀ ਵਾਅਦਿਆਂ ਦੀ ਰੁੱਤ ਨਿਤ ਨਵੀਂ ਕਰਵਟ ਲੈ ਰਹੀ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇਹ ਵਾਅਦੇ ਕਦੇ ਪੂਰੇ ਨਹੀਂ ਹੁੰਦੇ। ਵਿਧਾਨ ਸਭਾਵਾਂ ਵਿਚ ਆਪਣੀਆਂ ਤਨਖ਼ਾਹਾਂ ਚੋਗੁਣੀਆਂ ਹੋਣ, ਮਹਿੰਗੀਆਂ ਗੱਡੀਆਂ ਮਿਲਣ ਦੇ ਮੁੱਦੇ 'ਤੇ ਸਾਰੀਆਂ ਧਿਰਾਂ ਘਿਓ-ਖਿਚੜੀ ਹੋ ਜਾਂਦੀਆਂ ਹਨ ਪਰ ਜਦੋਂ ਗੱਲ ਲੋਕਾਂ ਦੇ ਮਸਲਿਆਂ ਦੀ ਹੁੰਦੀ ਹੈ ਤਾਂ ਇਹ ਸਾਜ਼ਿਸ਼ੀ ਤੂੰ-ਤੂੰ, ਮੈਂ-ਮੈਂ ਦਾ ਰੌਲਾ ਪਾ ਕੇ ਸ਼ਰੇਆਮ ਜਨਤਾ ਨੂੰ ਮੂਰਖ਼ ਬਣਾ ਜਾਂਦੀਆਂ ਹਨ। ਪੰਜਾਬ ਦੀਆਂ ਕਿਸਾਨੀ ਨਾਲ ਸਬੰਧਤ ਕੁਝ ਧਿਰਾਂ ਨੇ ਹੁਣ ਇਨ੍ਹਾਂ ਵਾਅਦਿਆਂ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਮੰਗ ਤੇਜ਼ ਕਰ ਦਿੱਤੀ ਹੈ। ਇਨ੍ਹਾਂ ਧਿਰਾਂ ਦਾ ਕਹਿਣਾ ਹੈ ਕਿ ਜਿਹੜੀ ਵੀ ਸਿਆਸੀ ਪਾਰਟੀ ਆਪਣੇ ਚੋਣ ਮੈਨੀਫੈਸਟੋ ਮੁਤਾਬਕ ਆਪਣੇ ਵਾਅਦੇ ਪੂਰੇ ਨਹੀਂ ਕਰਦੀ, ਚੋਣ ਕਮਿਸ਼ਨ ਨੂੰ ਉਸ ਖ਼ਿਲਾਫ਼ ਕਾਨੂੰਨੀ

**ਬਾਕੀ ਸਫ਼ਾ 41 'ਤੇ**

# ਅਰਦਾਸ ਦਾ 'ਭਗਵਾਂਕਰਨ', ਸਿੱਖ ਹਲਕਿਆਂ 'ਚ ਰੋਹ

## ਬਾਦਲਾਂ ਦੇ ਚਹੇਤੇ ਸਿਕੰਦਰ ਸਿੰਘ ਮਲੂਕੇ ਦੀ ਦੇਖ ਰੇਖ ਹੇਠ ਹਿੰਦੂਆਂ ਵਲੋਂ ਕੀਤੀ ਗਈ ਘਿਣਾਉਣੀ ਕਾਰਵਾਈ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਇਕ ਵਾਰ ਫੇਰ ਵਿਵਾਦਾਂ ਵਿਚ ਹਨ ਤੇ ਇਸ ਵਾਰ ਉਨ੍ਹਾਂ ਨੇ ਸਿੱਖਾਂ ਦੇ ਦਿਲਾਂ ਨੂੰ ਬੁਰੀ ਤਰ੍ਹਾਂ ਵਲੂੰਧਰ ਦਿੱਤਾ ਹੈ। ਮਲੂਕਾ ਦੀ ਹਾਜ਼ਰੀ ਵਿਚ ਰਾਮਾਇਣ ਦੇ ਅਖੰਡ ਪਾਠ ਅਤੇ ਸਿੱਖ ਧਰਮ ਵਰਗੀ ਅਰਦਾਸ ਨੇ ਸਿੱਖ ਭਾਈਚਾਰੇ ਅੰਦਰ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਇਸ ਵਿਚ ਮਲੂਕਾ ਹੱਥ ਜੋੜ ਕੇ ਖੜ੍ਹੇ ਹਨ। ਇਸ ਨੇ ਸਿੱਖਾਂ ਦੇ ਦਿਲਾਂ 'ਤੇ ਡੂੰਘੀ ਸੱਟ ਮਾਰੀ ਹੈ। ਮੀਡੀਆ ਵਿਚ ਇਹ ਵੀਡੀਓ ਆਉਣ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਸਿੱਖ ਜਥੇਬੰਦੀਆਂ ਨੇ 'ਸਿੱਖ ਅਰਦਾਸ ਦਾ ਭਗਵਾਂਕਰਨ' ਕੀਤੇ ਜਾਣ 'ਤੇ ਸਖ਼ਤ ਇਤਰਾਜ਼ ਜ਼ਾਹਰ ਕਰਦਿਆਂ ਕਾਰਵਾਈ ਦੀ ਮੰਗ ਕੀਤੀ ਹੈ। ਵਾਇਰਲ ਹੋਏ ਵੀਡੀਓ ਵਿਚ ਦਿਖਾਈ ਦੇ ਰਿਹਾ ਹੈ ਕਿ ਸਮਾਗਮ ਵਿੱਚ ਕੈਬਨਿਟ ਮੰਤਰੀ ਸ੍ਰੀ ਮਲੂਕਾ ਤੇ ਉਨ੍ਹਾਂ ਦੇ ਹਮਾਇਤੀ ਹਾਜ਼ਰ ਹਨ। ਸਮਾਗਮ ਵਿਚ ਕੀਤੀ ਗਈ ਅਰਦਾਸ ਸਿੱਖ ਧਰਮ ਦੀ ਅਰਦਾਸ ਵਰਗੀ ਹੈ, ਜਿਸ ਦੀ ਸ਼ੁਰੂਆਤ

**ਬਾਕੀ ਸਫ਼ਾ 36 'ਤੇ**













ਕਿਸਾਨ ਬਚਾਓ, ਬੱਚੇ ਪੜ੍ਹਾਓ
ਆਰਥਿਕ ਤੰਗੀ ਕਾਰਨ
ਖ਼ੁਦਕੁਸ਼ੀ ਕਰ ਗਏ ਕਿਸਾਨਾਂ ਦੇ
ਬੱਚਿਆਂ ਨੂੰ ਪੜ੍ਹਾਈ ਕਰਵਾਉਣ ਲਈ
KALGIDHAR TRUST
ਕਲਗੀਧਰ ਟ੍ਰੱਸਟ - ਬੜੂ ਸਾਹਿਬ
ਵਲੋਂ ਨਿਮਾਣਾ ਜਿਹਾ ਉਪਰਾਲਾ
4 ਸਾਲ ਤੋਂ 8 ਸਾਲ ਤੱਕ ਦੇ ਬੱਚਿਆਂ ਨੂੰ
ਅਕਾਲ ਅਕੈਡਮੀਆਂ ਵਿੱਚ
ਦਾਖਲਾ ਦਿੱਤਾ ਜਾਵੇਗਾ ਅਤੇ
ਬਾਰਵੀਂ ਜਮਾਤ ਤੱਕ
ਮੁਫ਼ਤ ਪੜ੍ਹਾਈ
ਕਰਵਾਈ ਜਾਵੇਗੀ।
ਨੋਟ: ਜਿਨ੍ਹਾਂ ਕਿਸਾਨ ਪਰਿਵਾਰਾਂ ਕੋਲ ਜਿਲ੍ਹਾ ਕੇਂਦਰ ਤੋਂ ਜਾਰੀ ਕੀਤਾ ਕਿਸਾਨ ਖ਼ੁਦਕੁਸ਼ੀ ਐਫੀਡੈਵਿਟ ਹੋਵੇਗਾ, ਕੇਵਲ ਉਨ੍ਹਾਂ ਕਿਸਾਨਾਂ ਦੇ ਬੱਚਿਆਂ ਨੂੰ ਹੀ ਮਿਲੇਗੀ ਮੁਫ਼ਤ ਪੜ੍ਹਾਈ ਕਰਨ ਦੀ ਸੁਵਿਧਾ।
ਕਲਗੀਧਰ ਟ੍ਰੱਸਟ ਵੱਲੋਂ ਗ੍ਰੰਥੀ, ਰਾਗੀ ਅਤੇ ਪ੍ਰਚਾਰਕਾਂ ਦੇ ਬੱਚਿਆਂ ਨੂੰ ਵੀ ਅਕਾਲ ਅਕੈਡਮੀ ਵਿੱਚ ਮੁਫ਼ਤ ਵਿਦਿਆ ਦੇਣ ਦਾ ਬੀੜਾ ਚੁੱਕਿਆ ਗਿਆ ਹੈ।
ਬਿਨੈ ਪੱਤਰ ਅਤੇ ਇਸ ਮਿਸ਼ਨ ਦਾ ਸਮਰਥਨ ਕਰਨ ਲਈ ਹੇਠ ਲਿਖੇ ਨੰਬਰ
972-693-1077 ਤੇ ਸੰਪਰਕ ਕਰੋ !

# ਪੰਜਾਬੀ ਵੀਕਲੀ ਅਖ਼ਬਾਰਾਂ ਦੇ ਸੰਪਾਦਕਾਂ ਦੀ ਮੀਟਿੰਗ ਵਿਚ ਅਹਿਮ ਮਤੇ ਪਾਸ

## ਸਿੱਖ ਸਿਧਾਂਤ ਨੂੰ ਸੱਟ ਮਾਰਨ ਵਾਲੀਆਂ ਖ਼ਬਰ ਜਾਂ ਆਰਟੀਕਲ ਨਹੀਂ ਛਾਪੇ ਜਾਣਗੇ

### ਅਖ਼ਬਾਰਾਂ ਲਈ ਇਸ਼ਤਿਹਾਰਾਂ ਦੇ ਰੇਟਾਂ ਸਬੰਧੀ ਸਹਿਮਤੀ ਬਣੀ

### ਘੱਟ ਰੇਟ 'ਤੇ ਛਾਪਣ ਵਾਲਿਆਂ ਨੂੰ ਹੋਵੇਗਾ 500 ਡਾਲਰ ਜੁਰਮਾਨਾ



ਪੰਜਾਬੀ ਵੀਕਲੀ ਅਖ਼ਬਾਰਾਂ ਦੇ ਸੰਪਾਦਕਾਂ ਦੀ ਮੀਟਿੰਗ ਦੌਰਾਨ 'ਅੰਮ੍ਰਿਤਸਰ ਟਾਈਮਜ਼' ਦੇ ਜਸਜੀਤ ਸਿੰਘ, 'ਸਾਂਝੀ ਸੋਚ' ਦੇ ਬੂਟਾ ਸਿੰਘ ਬਾਸੀ, 'ਸਾਡੇ ਲੋਕ' ਦੇ ਸਤਨਾਮ ਸਿੰਘ ਖਾਲਸਾ, 'ਪੰਜਾਬ ਨਿਊਜ਼' ਦੇ ਸੰਦੀਪ ਚਾਹਲ ਅਤੇ 'ਪੰਜਾਬ ਮੇਲ' ਦੇ ਗੁਰਜਤਿੰਦਰ ਸਿੰਘ ਰੰਧਾਵਾ।

**ਸੈਕਰਾਮੈਂਟੋ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੀਆਂ ਪੰਜਾਬੀ ਵੀਕਲੀ ਅਖ਼ਬਾਰਾਂ ਦੇ ਸੰਪਾਦਕਾਂ ਦੀ ਅਹਿਮ ਮੀਟਿੰਗ ਲੈਥਰੋਪ ਸਿਟੀ ਵਿਖੇ ਹੋਈ। ਇਸ ਵਿਚ 'ਅੰਮ੍ਰਿਤਸਰ ਟਾਈਮਜ਼' ਵੱਲੋਂ ਜਸਜੀਤ ਸਿੰਘ, 'ਪੰਜਾਬ ਨਿਊਜ਼' ਵੱਲੋਂ ਸੰਦੀਪ ਚਾਹਲ, 'ਪੰਜਾਬ ਮੇਲ' ਵੱਲੋਂ ਗੁਰਜਤਿੰਦਰ ਸਿੰਘ ਰੰਧਾਵਾ, 'ਸਾਡੇ ਲੋਕ' ਵੱਲੋਂ ਸਤਨਾਮ ਸਿੰਘ ਖਾਲਸਾ ਅਤੇ 'ਸਾਂਝੀ ਸੋਚ' ਵੱਲੋਂ ਬੂਟਾ ਸਿੰਘ ਬਾਸੀ ਨੇ ਸ਼ਿਰਕਤ ਕੀਤੀ। 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਨਾਲ ਗੱਲ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਸਭ ਤੋਂ ਪਹਿਲਾ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਅਖ਼ਬਾਰਾਂ ਵਿੱਚ ਸਿੱਖ ਸਿਧਾਂਤਾਂ ਨੂੰ ਸੱਟ ਮਾਰਨ ਵਾਲ਼ੀਆਂ ਖ਼ਬਰਾਂ ਜਾਂ ਆਰਟੀਕਲ ਨਹੀਂ ਛਾਪੇ ਜਾਣਗੇ ਅਤੇ ਨਾ ਹੀ ਪੰਥ ਵਿਰੋਧੀ ਲੇਖਕਾਂ ਨੂੰ ਅਖ਼ਬਾਰਾਂ ਵਿੱਚ ਜਗਾ ਦਿੱਤੀ ਜਾਵੇਗੀ। ਸਾਰੇ ਅਖ਼ਬਾਰਾਂ ਦੇ ਮਾਲਕਾਂ ਨੇ ਪੰਥਕ ਸੰਘਰਸ਼ ਨੂੰ ਸਮਝਦੇ ਹੋਏ ਕੌਮ ਦੀ ਹਰ ਮਦਦ ਲਈ ਵਚਨਬੱਧ ਹੋਏ। ਮੀਟਿੰਗ ਦੌਰਾਨ ਕੈਲੀਫੋਰਨੀਆ ਤੋਂ ਨਿਕਲਦੀਆਂ ਪੰਜਾਬੀ ਵੀਕਲੀ ਅਖ਼ਬਾਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਵੱਖ-ਵੱਖ ਵਿਸ਼ਿਆਂ 'ਤੇ ਭੱਖਵੀਂ ਬਹਿਸ ਕਰਨ ਤੋਂ ਬਾਅਦ ਕੁਝ ਮਤੇ ਪਾਸ ਕੀਤੇ ਗਏ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਤੋਂ ਛਪਦੀਆਂ ਪੰਜਾਬੀ ਅਖ਼ਬਾਰਾਂ 'ਤੇ ਸੰਪਾਦਕਾਂ ਦੀ ਕਾਫੀ ਮਿਹਨਤ ਹੁੰਦੀ ਹੈ ਅਤੇ ਇਨ੍ਹਾਂ ਉੱਤੇ ਭਾਰੀ ਖਰਚਾ ਕੀਤਾ ਜਾਂਦਾ ਹੈ ਪਰ ਦੇਖਣ ਵਿਚ ਆਇਆ ਹੈ ਕਿ ਕੁਝ ਸਟੋਰਾਂ ਅਤੇ ਗੁਰੂ ਘਰਾਂ ਵਿਚ ਇਨ੍ਹਾਂ ਨੂੰ ਤਰਤੀਬਵਾਰ ਜਾਂ ਠੀਕ ਤਰੀਕੇ ਨਾਲ ਨਹੀਂ ਰੱਖਿਆ ਜਾਂਦਾ। ਮੀਟਿੰਗ ਦੌਰਾਨ ਇਹ ਮਤਾ ਪਾਸ ਕੀਤਾ ਗਿਆ ਕਿ ਜਿਸ ਥਾਂ 'ਤੇ ਪੰਜਾਬੀ ਅਖ਼ਬਾਰਾਂ ਦੀ ਬੇਕਦਰੀ ਹੋਵੇਗੀ, ਉਥੇ ਵੀਕਲੀ ਪੰਜਾਬੀ ਅਖ਼ਬਾਰਾਂ ਭੇਜਣੀਆਂ ਬੰਦ ਕਰ ਦਿੱਤੀਆਂ ਜਾਣਗੀਆਂ।

ਕੁੱਝ ਲੋਕਾਂ ਜਾਂ ਸੰਸਥਾਵਾਂ ਵੱਲੋਂ ਆਪਣੇ ਕਿਸੇ ਸਮਾਗਮ ਬਾਰੇ ਅਖ਼ਬਾਰਾਂ ਨੂੰ ਇਸ਼ਤਿਹਾਰ ਦੇਣ ਦੀ ਬਜਾਏ ਖ਼ਬਰਾਂ ਭੇਜ ਦਿੱਤੀਆਂ ਜਾਂਦੀਆਂ ਹਨ, ਜੋ ਕਿ ਇਕ ਤਰ੍ਹਾਂ ਨਾਲ ਇਸ਼ਤਿਹਾਰ ਰੂਪੀ ਖ਼ਬਰ ਹੀ ਹੁੰਦੀ ਹੈ। ਇਸ ਬਾਰੇ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ ਜਿਹੜੀ ਸੰਸਥਾ ਅਖ਼ਬਾਰ ਨੂੰ ਇਸ਼ਤਿਹਾਰ ਨਹੀਂ ਦੇਵੇਗੀ, ਉਨ੍ਹਾਂ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਵਿਚ ਪ੍ਰਕਾਸ਼ਤ ਨਹੀਂ ਕੀਤੀਆਂ ਜਾਣਗੀਆਂ। ਇਕ ਹੋਰ ਮਤੇ ਰਾਹੀਂ ਪੰਜਾਬੀ ਵੀਕਲੀ ਅਖ਼ਬਾਰਾਂ ਲਈ ਇਸ਼ਤਿਹਾਰਾਂ ਦੇ ਰੇਟ ਵੀ ਨਿਰਧਾਰਤ ਕੀਤੇ ਗਏ ਹਨ। ਜਿਹੜਾ ਅਖ਼ਬਾਰ ਮਾਲਕ ਮਿੱਥੇ ਰੇਟ ਤੋਂ ਘੱਟ ਚਾਰਜ ਕਰੇਗਾ, ਉਸ ਨੂੰ 500 ਡਾਲਰ ਪ੍ਰਤੀ ਇਸ਼ਤਿਹਾਰ ਜੁਰਮਾਨਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਵਿਚ ਇਹ ਅਖ਼ਬਾਰਾਂ ਕੁਝ ਚੋਣਵੇਂ ਸਟੋਰਾਂ ਵਿਚ ਹੀ ਰੱਖੀਆਂ ਜਾਣਗੀਆਂ, ਜਿਸ ਬਾਰੇ ਅੰਤਿਮ ਫੈਸਲਾ ਅਗਲੀ ਮੀਟਿੰਗ ਵਿਚ ਲਿਆ ਜਾਵੇਗਾ। ਸੰਪਾਦਕਾਂ ਦੀ ਇਸ ਮੀਟਿੰਗ ਵਿਚ ਹੋਰ ਵੀ ਬਹੁਤ ਸਾਰੇ ਅਹਿਮ ਅਤੇ ਗੰਭੀਰ ਮਸਲੇ ਵਿਚਾਰੇ ਗਏ।

### *ਗੁਰਜਤਿੰਦਰ ਰੰਧਾਵਾ ਦੀ ਹਮਾਇਤ ਦਾ ਸੱਦਾ*

ਇਸ ਦੌਰਾਨ ਵੀਕਲੀ ਪੰਜਾਬੀ ਅਖ਼ਬਾਰਾਂ ਦੇ ਸੰਪਾਦਕਾਂ ਵੱਲੋਂ ਆਪਣੇ ਸਾਥੀ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਅਸੈਂਬਲੀ ਹਲਕਾ-9 ਤੋਂ ਡੈਮੋਕ੍ਰੇਟ ਦੇ ਡੈਲੀਗੇਟ ਦੀ ਚੋਣ ਲਈ ਹਮਾਇਤ ਕੀਤੀ ਗਈ ਅਤੇ ਸਮੁੱਚੇ ਪਾਠਕਾਂ ਨੂੰ ਅਪੀਲ ਕੀਤੀ ਗਈ ਕਿ ਪੰਜਾਬ ਮੇਲ ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਭਾਰੀ ਵੋਟਾਂ ਨਾਲ ਜਿਤਾਇਆ ਜਾਵੇ, ਤਾਂ ਕਿ ਅਮਰੀਕੀ ਰਾਜਨੀਤੀ ਵਿਚ ਸਿੱਖਾਂ ਦੀ ਪਛਾਣ ਨੂੰ ਹੋਰ ਵੀ ਉਭਾਰਿਆ ਜਾ ਸਕੇ।

# ਤਖ਼ਤ ਸ੍ਰੀ ਪਟਨਾ ਸਾਹਿਬ ਵਿਚ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਸ਼ੁਰੂ



**ਪਟਨਾ/ਬਿਊਰੋ ਨਿਊਜ਼ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਪ੍ਰਭਾਤ ਫੇਰੀ ਕੱਢਦਿਆਂ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਦੀ ਸ਼ੁਰੂਆਤ ਹੋ ਗਈ। ਪੰਜ ਪਿਆਰਿਆਂ ਦੀ ਅਗਵਾਈ ਹੇਠ ਤਖ਼ਤ ਸਾਹਿਬ ਤੋਂ ਪ੍ਰਭਾਤ ਫੇਰੀ ਸ਼ੁਰੂ ਹੋਈ, ਜੋ ਕਿ ਜੈਕਾਰਿਆਂ ਤੇ ਸ਼ਬਦਾਂ ਦੀ ਲਗਾਤਾਰ ਗੂੰਜ ਨਾਲ ਸ਼ਹਿਰ ਵਿਚ ਭਗਤ ਸਿੰਘ ਚੌਕ, ਦੀਰਾਪਰ, ਕਾਲੀਸਥਾਨ, ਹਰਿਮੰਦਰ ਗਲੀ ਅਤੇ ਹੋਰ ਵੱਖ-ਵੱਖ ਖੇਤਰਾਂ ਵਿਚ ਦੀ ਹੁੰਦੀ ਹੋਈ ਵਾਪਸ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਈ। ਸ਼ਤਾਬਦੀ ਸਮਾਗਮ ਦੇ ਚੇਅਰਮੈਨ ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸ਼ਰਧਾਲੂ ਪਟਨਾ ਪਹੁੰਚ ਗਏ ਹਨ। 3 ਜਨਵਰੀ ਤੱਕ ਲਗਾਤਾਰ ਪ੍ਰਭਾਤ ਫੇਰੀਆਂ ਜਾਰੀ ਰਹਿਣਗੀਆਂ ਤੇ 4 ਜਨਵਰੀ ਨੂੰ ਗਾਂਧੀਨਗਰ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਮੁੱਖ ਸਮਾਗਮ 5 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ।

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
***ਜੈ ਸਿੰਘ*** **ਫੋਨ ਨੰਬਰ**
**510-677-2777**





S. ASHOK BHAURA
& IKKI INTERNATIONAL INC. ASSOCIATION WITH
GLOBAL PUNJAB TV & CHANNEL PUNJABI
CHHANKATA VANGAN DA 2017
(Dedicated to Late: Surjit Bindrakhia)
ਐਸ ਅਸ਼ੋਕ ਭੌਰਾ
ਛਣਕਾਟਾ ਵੰਗਾਂ ਦਾ 2017
8 January 2017, Sunday,
ਸਮਾ ਸਵੇਰ 11 ਤੋਂ ਦੇਰ ਸ਼ਾਮ ਤੱਕ
at Paradise Ballroom, 4100 Peralta Blvd. Fremont Ca 94536
ਸਵ. ਸੁਰਜੀਤ ਬਿੰਦਰਖੀਆ
ਪ੍ਰੋਗਰਾਮ
ਜਲੰਧਰ ਦੂਰਦਰਸ਼ਨ
ਦੇ ਨੈਸ਼ਨਲ ਨੈੱਟਵਰਕ
(ਡੀ ਡੀ ਪੰਜਾਬੀ)
ਤੋਂ ਵੀ ਪ੍ਰਸਾਰਿਤ
ਕੀਤਾ ਜਾਵੇਗਾ
ਪੰਜਾਬ ਦੀ ਪ੍ਰਸਿੱਧ 'ਤੇ ਚੋਟੀ ਦੀ ਗਾਇਕਾ
ਰਣਜੀਤ ਕੌਰ
ਨੂੰ ਗੋਲਡ ਮੈਡਲ ਨਾਲ
ਸਨਮਾਨਿਤ ਕੀਤਾ ਜਾਵੇਗਾ
ਨੌਜਵਾਨ ਗਾਇਕ
ਗੀਤਾਜ ਬਿੰਦਰਖੀਆ
(ਸਪੁੱਤਰ ਸੁਰਜੀਤ ਬਿੰਦਰਖੀਆ)
ਪ੍ਰੋਗਰਾਮ ਦੀ ਸ਼ਾਨ ਬਣਨਗੇ।
ਵਿਸ਼ੇਸ਼ ਮਹਿਮਾਨ
ਜੀ ਕੇ ਸਿੰਘ ਆਈ ਏ ਐਸ
ਟਰੱਸਟੀ
ਸਰਬੱਤ ਦਾ ਭਲਾ ਟਰੱਸਟ
ਗਿੱਧਾ, ਭੰਗੜਾ, ਹਾਸਰਸ ਅਤੇ
ਮਲਵਈ ਗਿੱਧਾ ਦਾ ਨਿਵੇਕਲਾ ਰੰਗ ਵੀ ਉੱਘੜੇਗਾ
ਮੁੱਖ ਮਹਿਮਾਨ
ਸ. ਐਸ ਪੀ ਸਿੰਘ ਓਬਰਾਏ
ਚੇਅਰਮੈਨ ਸਰਬੱਤ ਦਾ ਭਲਾ ਟਰੱਸਟ
ਗੀਤ ਸੰਗੀਤ ਦਾ ਸ਼ਿੰਗਾਰ
ਧਰਮਵੀਰ ਥਾਂਦੀ
ਜੋਤ ਰਣਜੀਤ
ਸੱਤੀ ਪਾਬਲਾ
ਅਨੂਪ ਚੀਮਾ 'ਤੇ ਤਰਲੋਕ ਸਿੰਘ
Tarsem Atwal Archana Singh Manga Dhaliwal
ਮੰਚ ਸੰਚਾਲਨ ਦੀ ਨਿਵੇਕਲੀ ਜੁਗਲਬੰਦੀ
ਬਲਜੀਵਨ ਧਾਲੀਵਾਲ, ਵਿਜੇ, ਪੱਪੀ ਸਿੰਘ ਅਤੇ ਦਰਸ਼ਨ ਕਹਿਲ ਦੀ ਕਾਮੇਡੀ ਦਾ ਨਵਾਂ ਰੂਪ ਪੇਸ਼ ਕਰਨਗੇ
Contact:
510-695-4836 (Manvir), 408-609-9861 (Rahul)
510-512-3401 (Anmol), 408-659-9959 (Manjit)
Powered By:
GB Entertainment, Total Entertainment, Punjab Lok Rang
Fog, Indo American Motion Pictures,
Dance Krishma Academy Ritu Maheshwari & Sonia Chera,
Raja Sweets, Radio CK
ਨਿਰਦੇਸ਼ਕਾ ਜਯਾ ਸ਼ਰਮਾ ਦੀ ਅਗਵਾਈ ਹੇਠ ਡਾਂਸ ਕ੍ਰਿਸ਼ਮਾ ਅਕੈਡਮੀ
ਦੀ ਗੀਤਾਂ 'ਤੇ ਕੋਰੀਓਗ੍ਰਾਫੀ ਪ੍ਰੋਗਰਾਮ ਦਾ ਮੁੱਖ ਆਕਰਸ਼ਣ ਰਹੇਗੀ।
Total
CK
Raja SWEETS & CATERING
OUR RESPECTED SPONSERS
GAKHAL BROTHER'S (GB ENTERTAINMENT ), MAKHAN BAINS & GIANI RAVINDER SINGH( RAJA SWEETS ),GULVINDER SINGH GAKHAL , NEKI ATWAL ( DIAMOND TRANSPORT), JAGRAJ SINGH SAHOTA ,NARINDER SINGH SAHOTA, KULWANT SINGH NIJJAR, SURINDER SINGH NIJJAR ,AMRITPAL SINGH NIJJAR MADERA, NIRMAL SINGH SAHOTA, JASWANT SINGH HOTHI, INDERJIT SINGH THIND, TUT BROTHER'S ( SURJIT SINGH TUT & RANJIT SINGH TUT ), RAJ BHANOT, MALKIT SINGH BOPARAI & JASWINDER SINGH BOPARAI ( VENCO TRUCK STOP ), MANGAL SINGH BHANDAL, TARLOCHAN SINGH LACHAR, JAGDEV RAM PAUL & JACK RAM PAULSAM PANNU, SURINDER SINGH BHINDRA, DR. GURPREET SINGH DHUGGA, GOLDEN STATE TRUCK SALES INC.( DHARMINDER SINGH DHAR ), RANA KAHLON, RAY WALIA ( INDO AMERICAN MOTION PICTURE ), HARJINDER SINGH DHAMI FAIRFIELD, HARRY GILL & AVTAR GILL ( GILL INSURANCE ), JASWANT SINGH SRA ,SARABJIT SARAO , HARJINDER JOHAL, TAJ RANDHAWA ( REMAX GOLD ), PAUL SAHOTA ,NAJJAR SINGH SAHOTA, HARDUMAN SINGH BILLA SANGHERA, ASHWANI BHAKHRI, KULDIP SINGH ATWAL, SURJIT SINGH ATWAL, SUKHRAJ DHALIWAL, DR HARMESH KUMAR , PRITAM SINGH GAREWAL, SURINDER SINGH DHANOA ( PUNJAB LOK RANG ), SIKANDER GAREWAL SARPANCH ( PUNJABI DHABA ), AMRIT PAL SINGH SRA , VIJAY SINGH, AVTAR LAKHA, CHICAGO PIZZA , DESI SWAG , BITTU NIJJAR, KASHMIR SINGH DHUGGA ( CASH FABRICS ), LAKHBIR SAHOTA ( KALA TRACY), LAKHVIR SINGH PATWARI , GURCHARAN MAAN, GULINDER GILL , PREET FABRICS , AMRIK CHAND LAKHA, KHUSHWINDER PAL SINGH ( NY LIFE ), RAJ BHADWAL , GARRY DHESI , SUKHI DHALIWAL , RAMESH SUMAN, FAQIR CHAND MEHMI , DR DALBIR PANNU , BHARPUR BRAR ,VINOD KUMAR CHUMBER , DHARAMPAL JHAMAT , PAUL MAHAL , GURDAWAR SINGH MAAN , NEETA MACHIKE , KULWANT UBHI DHALIAN , MANJIT KANG , TARA SAGAR , SUKHDEV GAREWAL , SANTOKH SINGH JUDGE , JASSI BANGA , SMILE DHIR , BOB VIRK , SUKHWINDER KAMBOJ
IKKI INTERNATIONAL ENT. INC.


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In
Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ
✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa





# ਗੁਰਸਿੱਖ ਨੌਜਵਾਨ ਹਰਵਿੰਦਰ ਸਿੰਘ ਦਾ ਅਕਾਲ ਚਲਾਣਾ

## ਸਸਕਾਰ ਤੇ ਅੰਤਮ ਅਰਦਾਸ 31 ਦਸੰਬਰ ਸ਼ਨਿਚਰਵਾਰ ਨੂੰ

**ਸਿਆਟਲ/ਬਿਊਰੋ ਨਿਊਜ਼:**
ਪੰਜਾਬ ਦੇ ਜਲੰਧਰ ਜਿਲ੍ਹੇ ਦੇ ਪਿੰਡ ਸੇਮ (ਚਿੱਟੀ) ਦੇ ਜੰਮਪਲ, ਪਿਤਾ ਦਰਬਾਰਾ ਸਿੰਘ ਚਿੱਟੀ ਤੇ ਮਾਤਾ ਸੁਰਜੀਤ ਕੌਰ ਦੇ ਇਕਲੌਤੇ ਬੇਟੇ ਪੂਰਨ ਗੁਰਸਿੱਖ ਨੌਜਵਾਨ ਹਰਵਿੰਦਰ ਸਿੰਘ (41 ਸਾਲ) ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਅਚਨਚੇਤੀ ਮੌਤ ਦਾ ਸਿਆਟਲ ਦੇ ਪੰਜਾਬੀ ਭਾਈਚਾਰੇ ਵੱਲੋਂ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਹਰਵਿੰਦਰ ਸਿੰਘ ਆਪਣੇ ਪਿੱਛੇ ਪਤਨੀ ਜਸਵਿੰਦਰ ਕੌਰ, ਇਕ ਲੜਕਾ ਗੁਰਕੀਰਤ ਸਿੰਘ ਅਤੇ ਲੜਕੀ ਥਨਬੀਰ ਕੌਰ ਛੱਡ ਗਏ ਹਨ। ਗੁਰਚਰਨ ਸਿੰਘ ਢਿੱਲੋਂ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਹਰਵਿੰਦਰ ਸਿੰਘ ਦਾ ਸਸਕਾਰ ਸ਼ਨਿਚਰਵਾਰ 31 ਦਸੰਬਰ ਨੂੰ ਦੁਪਹਿਰ 12:00 ਵਜੇ ਕੈਂਟ ਵਿਚ ਕੀਤਾ ਜਾਵੇਗਾ ਅਤੇ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਰੈਕਟਨ ਵਿਖੇ ਬਾਅਦ ਦੁਪਹਿਰ 2:00 ਵਜੇ ਹੋਵੇਗੀ। ਜਗਦੇਵ ਸਿੰਘ ਧਾਲੀਵਾਲ, ਹਰਜਿੰਦਰ ਸਿੰਘ, ਗੁਰਿੰਦਰ ਸਿੰਘ, ਪਰਮਿੰਦਰ ਸਿੰਘ ਭੱਟੀ, ਉਕਾਰ ਸਿੰਘ ਭੰਡਾਲ, ਬਲਜੀਤ ਸਿੰਘ ਸੋਹਲ ਅਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਸਿਆਟਲ ਦੀ ਸਮੁੱਚੀ ਸੰਗਤ ਨੇ ਭਾਰੀ ਸਦਮੇ ਵਿਚ ਗਹਿਰਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਦਸਿਆ ਕਿ ਹਰਵਿੰਦਰ ਸਿੰਘ ਬਹੁਤ ਹੀ ਮਿਲਾਪੜੇ, ਸਾਊ ਤੇ ਪੂਰਨ ਗੁਰਸਿੱਖ ਸਨ ਜਿਨ੍ਹਾਂ ਨੇ ਗੁਰਦੁਆਰੇ ਵਿਚ ਬਹੁਤ ਸੇਵਾ ਕੀਤੀਆਂ ਜੱਸ ਖਟਿਆ।



# ਮਿਸ਼ਨਰੀ ਅਵਤਾਰ ਸਿੰਘ ਨੂੰ ਗਹਿਰਾ ਸਦਮਾ

## ਛੋਟੇ ਭਰਾ ਗਿਆਨੀ ਦਿਲਾਵਰ ਸਿੰਘ ਦਾ ਅਕਾਲ ਚਲਾਣਾ

**ਜਲੰਧਰ/ਬਿਊਰੋ ਨਿਊਜ਼ :** ਅਮਰੀਕਾ ਵਸਦੇ ਅਵਤਾਰ ਸਿੰਘ ਮਿਸ਼ਨਰੀ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਛੋਟੇ ਭਰਾ ਗਿਆਨੀ ਦਿਲਾਵਰ ਸਿੰਘ (54 ਸਾਲ) ਪੁੱਤਰ ਸ. ਗੁਰਮੇਜ ਸਿੰਘ, ਜੋ ਰਾਮਾਮੰਡੀ ਨੇੜੇ ਜਲੰਧਰ ਕੈਂਟ ਰਹਿੰਦੇ ਸਨ, ਦਿਲ ਦੀ ਬਿਮਾਰੀ ਕਾਰਨ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ । ਕੁਝ ਦਿਨ ਪਹਿਲਾਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ ਸਨ।ਉਹ ਆਪਣੇ ਪਿਛੇ ਮਾਂ-ਬਾਪ, ਪਤਨੀ ਰਣਜੀਤ ਕੌਰ, ਧੀਆਂ ਮਨਜੀਤ ਕੌਰ, ਅਮਰਜੀਤ ਕੌਰ ਅਤੇ ਬੇਟਾ ਕਾਕਾ ਜਸਪ੍ਰੀਤ ਸਿੰਘ ਛੱਡ ਗਏ ਹਨ। ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਸਕੇ-ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੇ ਸ਼ਿਰਕਤ ਕੀਤੀ। ਕੈਲੇਫੋਰਨੀਆ ਤੋਂ ਪ੍ਰਚਾਰਕ ਭਾਈ ਚਮਕੌਰ ਸਿੰਘ ਫਰਿਜ਼ਨੋ, ਪੰਥਕ ਵਿਦਵਾਨ ਗਿਆਨੀ ਦਲੇਰ ਸਿੰਘ ਜੋਸ਼ ਲੁਧਿਆਣਾ ਅਤੇ ਭਾਈ ਸਾਹਿਬ ਸਿੰਘ ਕਵੀਸ਼ਰ ਉੱਤਰ ਪ੍ਰਦੇਸ਼ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸਮੂਹ ਪਰਿਵਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਵਤਾਰ ਸਿੰਘ ਮਿਸ਼ਨਰੀ ਦੇ ਸੁਝਾਅ 'ਤੇ ਮਰਹੂਮ ਭਾਈ ਦਿਲਾਵਰ ਸਿੰਘ ਦੀ ਸਦੀਵੀ ਯਾਦ ਲਈ ਗੁਰਮਤਿ ਲਾਇਬ੍ਰੇਰੀ ਖੋਲ੍ਹਣ ਦਾ ਐਲਾਨ ਜੈਕਾਰਾ ਬੁਲਾ ਕੇ ਕੀਤਾ। ਅਵਤਾਰ ਸਿੰਘ ਮਿਸ਼ਨਰੀ ਨੇ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਵਾਲੇ ਦੋਸਤਾਂ-ਮਿੱਤਰਾਂ ਦਾ ਧੰਨਵਾਦ ਕੀਤਾ। ਪਰਿਵਾਰ ਨਾਲ ਅਫਸੋਸ ਪ੍ਰਗਟ ਕਰਨ ਲਈ ਅਵਤਾਰ ਸਿੰਘ ਮਿਸ਼ਨਰੀ ਨਾਲ 510-432-5827 (ਯੂਐਸਏ) 'ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਬੇਕਰਸਫੀਲਡ ਦੇ ਬਲਮੀਤ ਸਿੰਘ ਨੂੰ ਅਮਰੀਕਾ ਦੇ 'ਯੰਗ ਸਿੱਖ ਹੀਰੋ' ਨਾਲ ਨਿਵਾਜਿਆ

**ਬੇਕਰਸਫੀਲਡ/ਬਿਊਰੋ ਨਿਊਜ਼ :** ਬੇਕਰਸਫੀਲਡ ਵਿਚ ਵੱਸਦੇ ਭਾਰਤੀ ਸਿੱਖ ਨੌਜਵਾਨ ਬਲਮੀਤ ਸਿੰਘ ਨੂੰ 'ਯੰਗ ਸਿੱਖ ਹੀਰੋ' ਐਵਾਰਡ ਨਾਲ ਨਿਵਾਜਿਆ ਗਿਆ ਹੈ। ਬਲਮੀਤ ਸਿੰਘ ਨੂੰ ਇਹ ਐਵਾਰਡ ਨਸਲੀ ਹਮਲਾ ਕਰਨ ਵਾਲੇ ਸਨਕੀ ਵਿਅਕਤੀ ਨੂੰ ਲਲਕਾਰਨ ਬਦਲੇ ਦਿੱਤਾ ਗਿਆ ਹੈ। ਬੀਤੀ 30 ਸਤੰਬਰ ਨੂੰ ਡੇਵਿਡ ਹੁੱਕ ਨਾਂ ਦੇ ਵਿਅਕਤੀ ਨੇ ਬੇਕਰਸਫੀਲਡ ਸਥਿਤ ਰੇਸਤਰਾਂ ਦੇ ਬਾਹਰ ਬਲਮੀਤ ਦੇ ਮੂੰਹ ਉੱਤੇ ਕੋਈ ਪੀਣ ਵਾਲੀ ਚੀਜ਼ ਸੁੱਟ ਦਿੱਤੀ ਸੀ। ਉਸ ਸਮੇਂ ਬਲਮੀਤ ਦੀ ਪਤਨੀ ਵੀ ਉਸ ਨਾਲ ਸੀ। ਹਮਲਾਵਰ ਨੇ ਨਾਲ ਹੀ ਭੱਦੀ ਸ਼ਬਦਾਵਲੀ ਬੋਲਦਿਆਂ ਉਸ ਨੂੰ ਦੇਸ਼ ਤੋਂ ਚਲੇ ਜਾਣ ਦੀ ਧਮਕੀ ਵੀ ਦਿੱਤੀ ਸੀ।



ਇਹ ਦੇਖ ਬਲਮੀਤ ਘਬਰਾ ਤਾਂ ਜ਼ਰੂਰ ਗਿਆ ਸੀ ਪਰ ਉਸ ਨੇ ਹਿੰਮਤ ਕਰਦਿਆਂ ਆਪਣੇ ਪਿਕ-ਅਪ ਟਰੱਕ ਰਾਹੀਂ ਭੱਜਦੇ ਮੁਲਜ਼ਮ ਦਾ ਪਿੱਛਾ ਕੀਤਾ। ਉਸ ਦੇ ਵਾਹਨ ਦੀ ਲਾਇਸੈਂਸ ਪਲੇਟ ਦਾ ਨੰਬਰ ਨੋਟ ਕਰ ਲਿਆ ਸੀ। ਉਸ ਤੋਂ ਬਾਅਦ ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਨਸਲੀ ਭੇਦਭਾਵ ਦਾ ਮਾਮਲਾ ਦਰਜ ਕੀਤਾ ਗਿਆ ਸੀ। ਅਜਿਹਾ ਸਿੱਖ ਭਾਈਚਾਰੇ ਦੇ ਪੁਲੀਸ 'ਤੇ ਇਨਸਾਫ ਲਈ ਦਬਾਅ ਪਾਏ ਜਾਣ ਕਾਰਨ ਹੀ ਸੰਭਵ ਹੋ ਸਕਿਆ ਸੀ। ਉਸ ਘਟਨਾ ਤੋਂ ਬਾਅਦ ਬਲਮੀਤ ਨਸਲੀ ਵਿਤਕਰੇ ਦੇ ਖ਼ਿਲਾਫ਼ ਜਨਤਕ ਥਾਵਾਂ 'ਤੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸ਼ਲਾਘਾਯੋਗ ਕੰਮ ਕਰਦਾ ਆ ਰਿਹਾ ਹੈ। ਇਸ ਦੌਰਾਨ ਲੋਕਾਂ ਨੂੰ ਨਸਲੀ ਭੇਦਭਾਵ ਖ਼ਿਲਾਫ਼ ਆਵਾਜ਼ ਚੁੱਕਣ ਲਈ ਪ੍ਰੇਰਿਤ ਕਰ ਰਿਹਾ ਹੈ। ਉਸ ਨੇ ਲੋਕਲ ਗੁਰਦੁਆਰਾ ਸਾਹਿਬ ਵਿਖੇ ਨਸਲੀ ਭੇਦਭਾਵ ਖ਼ਿਲਾਫ਼ ਪ੍ਰੋਗਰਾਮ ਵੀ ਕਰਵਾਇਆ ਸੀ। ਇਸ ਵਿੱਚ ਸ਼ਹਿਰ ਦੇ ਮੇਅਰ, ਨੇਤਾਵਾਂ ਤੇ ਸਮਾਜਿਕ ਆਗੂਆਂ ਨੂੰ ਵੀ ਬੁਲਾਇਆ ਗਿਆ ਸੀ। ਬਲਮੀਤ ਸਿੰਘ ਨੂੰ ਇਹ ਸਨਮਾਨ ਕੈਲੀਫੋਰਨੀਆ ਦੇ ਬੇਕਰਸਫੀਲਡ ਸ਼ਹਿਰ ਦੇ ਮੇਅਰ ਹਾਰਵੇ ਹਾਲ ਨੇ ਦਿੱਤਾ ਹੈ।

# ਗੁਰਜਤਿੰਦਰ ਸਿੰਘ ਰੰਧਾਵਾ ਡੈਲੀਗੇਟ ਦੀਆਂ ਚੋਣਾਂ ਲਈ ਫਿਰ ਮੈਦਾਨ 'ਚ

**ਸੈਕਰਾਮੈਂਟੋ/ਬਿਊਰੋ ਨਿਊਜ਼:** ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ ਡੈਮੋਕ੍ਰੇਟਿਕ ਪਾਰਟੀ ਦੇ ਡੈਲੀਗੇਟ ਚੁਣਨ ਲਈ 7 ਅਤੇ 8 ਜਨਵਰੀ 2017 ਨੂੰ ਹੋਣ ਵਾਲੀਆਂ



'ਚ ਕੈਲੀਫੋਰਨੀਆ ਡਿਸਟ੍ਰਿਕ-9 ਤੋਂ ਇਕ ਵਾਰ ਫਿਰ ਚੋਣ ਮੈਦਾਨ ਵਿਚ ਨਿਤਰੇ ਹਨ। ਉਹ ਇਥੋਂ ਅਸੈਂਬਲੀ ਡਿਸਟ੍ਰਿਕ ਡੈਲੀਗੇਟ ਦੇ ਨਾਲ-ਨਾਲ ਐਗਜ਼ੈਕਟਿਵ ਬੋਰਡ ਲਈ ਵੀ ਚੋਣ ਲੜ ਰਹੇ ਹਨ। ਐਲਕ ਗਰੋਵ ਦੇ ਮੇਅਰ ਸਟੀਵ ਲੀ ਵੀ ਉਨ੍ਹਾਂ ਨਾਲ ਸਲੇਟ ਵਿਚ ਸ਼ਾਮਲ ਹਨ, ਜਿਸ ਕਰ ਕੇ ਉਨ੍ਹਾਂ ਦੀ ਸਥਿਤੀ ਕਾਫੀ ਮਜ਼ਬੂਤ ਹੈ ਅਤੇ ਇਕ ਵਾਰ ਫੇਰ ਉਹ ਜਿੱਤ ਦੇ ਨਜ਼ਦੀਕ ਪਹੁੰਚ ਚੁੱਕੇ ਹਨ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ. ਰੰਧਾਵਾ ਡੈਮੋਕ੍ਰੇਟਿਕ ਪਾਰਟੀ ਦੇ ਨੈਸ਼ਨਲ ਡੈਲੀਗੇਟ ਦੀ ਚੋਣ ਵੀ ਜਿੱਤ ਚੁੱਕੇ ਹਨ ਅਤੇ ਉਹ ਹਿਲੇਰੀ ਕਲਿੰਟਨ ਲਈ ਫਿਲਾਡੇਲਫੀਆ ਵਿਖੇ ਹੋਈ 5 ਦਿਨਾਂ ਕਨਵੈਨਸ਼ਨ ਵਿਚ ਵੀ ਹਿੱਸਾ ਲੈ ਚੁੱਕੇ ਹਨ। ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਹਰ ਪਾਸਿਓਂ ਵੱਡਮੁੱਲਾ ਯੋਗਦਾਨ ਮਿਲ ਰਿਹਾ ਹੈ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546



CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਰੋਕੀ ਰੱਖ...!!!

ਮੋਦੀ-"ਅਸੀਂ ਦੇਸ਼ ਨੂੰ ਕੈਸ਼ਲੈੱਸ ਬਣਾ ਕੇ ਰਹਾਂਗੇ। ਤੁਸੀਂ ਸਾਰੀਆਂ ਅਦਾਇਗੀਆਂ ਡਿਜੀਟਲ ਕਰੋ...। ਦੇਖੋ, ਕਿੰਨਾ ਆਸਾਨ ਐ, ਆਪਣੇ ਫ਼ੋਨ 'ਤੇ ਜ਼ਰਾ ਪੇ.ਟੀਐਮ ਡਾਊਨਲੋਡ ਕਰੋ ਤੇ ਐਸ਼ ਕਰੋ।"

ਸੁਥਰਾ-ਪਰ ਮੋਦੀ ਜੀ, ਮੈਂ ਸੁਣਿਐ, ਆ ਪੇ.ਟੀਐਮ ਤਾਂ ਚੀਨ ਦੀ ਐ।

ਮੋਦੀ-ਓ ਕੰਜਰੋ, ਮੈਂ ਥੋਨੂੰ ਚੀਨ ਦੇ ਪਟਾਕੇ ਚਲਾਉਣ ਤੋਂ ਰੋਕਿਆ ਸੀ, ਪੇ.ਟੀਐਮ ਥੋੜ੍ਹੀ... ਇਹ ਤਾਂ ਆਪਣੀਓ ਐ...।

ਸੁਥਰਾ-ਪਰ ਮੋਦੀ ਜੀ, ਇਹਦੇ ਲਈ ਨੈੱਟ ਵੀ ਤਾਂ ਚਾਹੀਦੈ।

ਮੋਦੀ-ਲੈ, ਭਲਿਆ ਲੋਕਾ, ਥੋਡੇ ਲਈ ਮੇਰੇ ਮਿੱਤਰ ਅੰਬਾਨੀ ਕਦੋਂ ਕੰਮ ਆਉਣਗੇ... ਉਨ੍ਹਾਂ ਦਾ ਜੀਓ ਲਓ...ਮੈਂ ਅਖ਼ਬਾਰਾਂ 'ਚ ਆਪਣੀ ਜੀਓ ਨਾਲ ਫੋਟੂ ਤਾਂ ਛਾਪੀ ਸੀ, ਤੂੰ ਦੇਖਿਆ ਨਹੀਂ?

ਸੁਥਰਾ-ਮੈਨੂੰ ਕਿੱਥੇ ਪੜ੍ਹਨਾ ਆਉਂਦੈ...ਪਰ ਮੇਰੇ ਸਾਥੀ ਘੋਲੇ ਨੂੰ ਆਉਂਦੈ...।

ਪਰ ਉਹ ਤਾਂ ਸੌਰੀ ਦਾ ਆ ਥੋਡੀ ਪੇ.ਟੀਐਮ. ਲੈ ਕੇ ਪੰਗਾ ਈ ਲੈ ਬੈਠਾ।

ਮੋਦੀ- ਲੈ ਭਲਾ, ਪੰਗਾ ਕਾਹਦਾ ਪੈ ਗਿਆ।

ਸੁਥਰਾ- ਜਨਾਬ, ਅਸੀਂ ਲੱਗੇ ਸੀ ਬੈਂਕ ਦੀ ਲਾਈਨ ਤੇ ਐਨੇ ਨੂੰ ਘੋਲੇ ਦਾ ਢਿੱਡ ਮਰੋੜੇ ਖਾਣ ਲੱਗਾ। ਅਸੀਂ ਦੌੜ ਕੇ ਆ ਥੋਡੇ ਸੁਲਭ ਸੁਚਾਲੇ ਚਲੇ ਗਏ...ਘੋਲੇ ਨੇ ਮੂਹਰੇ ਬੈਠੇ ਬੰਦੇ ਨੂੰ ਪੇ.ਟੀਐਮ ਨਾਲ ਪੰਜ ਰੁਪਏ ਦਿੱਤੇ ਪਰ ਏਨੇ ਨੂੰ ਨੈੱਟਵਰਕ ਟੁੱਟ ਗਿਆ।

ਮੋਦੀ-ਸੁਥਰਿਆ ਫੇਰ ਕੀ ਹੋਈਆ?

ਸੁਥਰਾ-ਹੋਣਾ ਕੀ ਸੀ ਜਨਾਬ, ਅੱਗੋਂ ਬੰਦਾ ਕਹਿੰਦਾ, ਰੋਕੀ ਰੱਖ ਜਦੋਂ ਤਕ ਨੈੱਟਵਰਕ ਨੀਂ ਆਉਂਦਾ!!!




## ਕੰਡੇ ਬੀਜ ਕੇ ਕੀ ਆਲੂ ਪੁਟੋਂਗੇ...!!

ਮੋਦੀ ਜੀ ਕਹਿੰਦੇ-ਕੁਝ ਲੋਕ ਇਸ ਤਾੜ ਵਿਚ ਨੇ ਕਿ ਜਦੋਂ ਈ ਉਨ੍ਹਾਂ ਨੂੰ ਮੌਕਾ ਮਿਲੇ ਤਾਂ ਉਹ ਮੇਰੇ 'ਤੇ ਟੁੱਟ ਪੈਣ ਪਰ ਮੇਰੇ 'ਤੇ ਦੇਸ਼ਵਾਸੀਆਂ ਨੇ ਰੱਖਿਆ ਕਵਚ ਕੀਤਾ ਹੋਇਐ। ਗੱਲ ਤਾਂ ਮੋਦੀ ਜੀ ਸਹੀ ਐ...। ਬੰਦਾ ਜੋ ਬੀਜਦਾ, ਉਹੀ ਖੇਤੀ ਹੋਊਗੀ ਤੇ ਉਹੀ ਵੱਢੂਗਾ...। ਹੁਣ ਕੰਡੇ ਬੀਜ ਕੇ ਆਲੂ ਤਾਂ ਪੁੱਟੇ ਨੀਂ ਜਾ ਸਕਦੇ। ਜਿਹੜੇ ਟੁੱਟ ਕੇ ਪੈਣਗੇ, ਉਹ ਤਾਂ ਵਿਚਾਰੇ ਨੋਟਬੰਦੀ ਤੋਂ ਦੁਖੀ ਆ...ਬੈਠੇ-ਬਿਠਾਇਆਂ ਉਨ੍ਹਾਂ 'ਤੇ ਤੁਸੀਂ ਬਾਜ਼ ਵਾਂਗ ਟੁੱਟ ਪਏ...ਟੈਲੀਵਿਜ਼ਨ ਮੂਹਰੇ ਆਏ ਤੇ ਨੋਟ ਬੰਦ ਕਰਕੇ ਚਲਦੇ ਬਣੇ...ਏਨੇ ਦਿਨਾਂ ਦੇ ਵਿਚਾਰਿਆਂ ਦੇ ਚੁੱਲ੍ਹੇ ਠੰਢੇ ਪਏ ਆ...ਗੁਰਦੁਆਰਿਆਂ 'ਚ ਲੰਗਰ ਛੱਕ ਕੇ ਗੁਜ਼ਾਰਾ ਕਰ ਰਹੇ ਆ... ਪਤਾ ਨਹੀਂ ਕਿੰਨੇ ਉਨ੍ਹਾਂ ਦੇ ਕੰਮ ਰੁਕ ਗਏ...ਇਹ ਤਾਂ ਸ਼ੁਕਰ ਕਰੋ, ਤੁਹਾਡੇ 'ਤੇ ਦੇਸ਼ਵਾਸੀਆਂ ਦੀ ਨਹੀਂ, ਬਲਕਿ ਤੁਹਾਡੇ ਭਗਤਾਂ ਤੇ ਮੀਡੀਆ ਦੀ ਛਤਰ ਛਾਇਐ, ਨਹੀਂ ਤਾਂ ਸੱਚ ਹੀ ਲੋਕਾਂ ਨੇ ਥੋਡੇ 'ਤੇ ਟੁੱਟ ਕੇ ਪੈ ਜਾਣਾ ਸੀ। ਲਾਈਨ 'ਚ ਲੱਗੇ ਲੋਕਾਂ ਦਾ ਹਾਲ ਜਾਣਨ ਲਈ ਤੁਸੀਂ ਆਪਣਾ ਮੰਤਰੀ ਭੇਜ ਕੇ ਹਾਲ ਤਾਂ ਦੇਖ ਈ ਲਿਆ ਹੋਣਾ ਕਿ ਕਿਵੇਂ ਲੋਕਾਂ ਨੇ ਉਹਦੇ ਕੁੱਟ-ਕੁੱਟ ਕੱਪੜੇ ਪਾੜ ਦਿੱਤੇ...। ਸ਼ੁਕਰ ਮਨਾਓ ਜ਼ੈੱਡ ਸਕਿਊਰਿਟੀ ਦਾ!!!






## ਸਿਆਸਤੇ ਤੇਰਾ ਵੀ ਜਵਾਬ ਨੀਂ...!!

ਅੱਜ ਕਲ੍ਹ ਚੋਣਾਂ ਦਾ ਜ਼ੋਰ ਹੈ ਤੇ ਵਫ਼ਾਦਾਰੀਆਂ ਡਿਗ ਡਿਗ ਪੈ ਰਹੀਆਂ ਨੇ...ਕੋਈ ਕਿਧਰ ਨੂੰ ਮੂੰਹ ਚੁੱਕੀ ਫਿਰਦੈ ਤੇ ਕੋਈ ਕਿਧਰ ਨੂੰ...ਜਿਧਰ ਢੋਈ ਮਿਲੀ, ਉਸੇ ਦਾ ਸਹਾਰਾ ਲੈ ਲਿਆ। ਉਂਜ ਇਨ੍ਹਾਂ ਨੂੰ ਦਲ-ਬਦਲੂ ਕਹਿੰਦੇ ਆ। ਜਿਹੜਾ ਪਾਰਟੀ ਛੱਡ ਜਾਏ, ਉਹ ਦਲ-ਬਦਲੂ ਤੇ ਜਿਹੜਾ ਸ਼ਾਮਲ ਹੋ ਜਾਵੇ ਤਾਂ ਉਹਦਾ ਫੁੱਲਾਂ ਨਾਲ ਸਵਾਗਤ...। ਬੰਦਾ ਇਕ ਚਿਹਰੇ ਕਿੰਨੇ। ਵੈਸੇ ਲੀਡਰਾਂ ਨੂੰ ਬਿਆਨ ਦੇਣ ਲਈ ਵੀ ਤਾਂ ਕੋਈ ਮੁੱਦਾ ਚਾਹੀਦੈ...ਹੁਣ ਭਲਾ ਰੋਜ਼ ਕਿਥੋਂ ਨਵੇਂ ਨਵੇਂ ਮੁੱਦੇ ਮਿਲਣ। ਉਪ ਮੁੱਖ ਮੰਤਰੀ ਦੇ ਸਾਲਾ ਸਾਹਿਬ ਬਿਕਰਮ ਸਿੰਘ ਮਜੀਠੀਆ ਵੀ ਬਿਆਨੋ-ਬਿਆਨੀ, ਕਹਿ ਲਓ-ਮਿਹਣੋ-ਮਿਹਣੀ ਹੋ ਰਹੇ ਹਨ। ਉਨ੍ਹਾਂ ਦੀ ਸੂਈ ਹਾਲੇ ਤਕ ਪਰਗਟ ਸਿੰਘ ਤੇ ਨਵਜੋਤ ਸਿੰਘ ਸਿੱਧੂ 'ਤੇ ਅਟਕੀ ਹੋਈ ਐ-ਉਨ੍ਹਾਂ ਦਾ ਕਹਿਣਾ ਐ ਕਿ ਭਲਾ ਇਹ ਵੀ ਕੋਈ ਭਰੋਸੇਯੋਗ ਬੰਦੇ ਆ...ਇਹ ਤਾਂ ਦਲ-ਬਦਲੂ ਆ ਦਲ ਬਦਲੂ...। ਹੁਣ ਮਜੀਠੀਆ ਸਾਹਿਬ ਨੂੰ ਪੁਛੇ, ਭਲਾ ਜਿਹੜੇ ਦੂਜੀਆਂ ਪਾਰਟੀਆਂ ਛੱਡ ਕੇ ਅਕਾਲੀ ਦਲ 'ਚ ਆ ਰਹੇ ਆ, ਉਹ ਕੀ ਆ। ਨਾਲ ਜੇ ਕੱਲ੍ਹ ਨੂੰ ਇਨ੍ਹਾਂ 'ਚੋਂ ਕਿਸੇ ਦੀ ਵਾਪਸੀ ਹੋ ਗਈ ਤਾਂ ਕਹਿਣਗੇ-ਘਰ ਵਾਪਸੀ ਹੋਈ... ਹੁਣ ਇਹ ਬੰਦਾ ਚੰਗਾ ਐ...ਵਾਹ ਨੀਂ ਸਿਆਸਤੇ, ਤੇਰਾ ਵੀ ਕੋਈ ਜਵਾਬ ਨਹੀਂ...!!

## ਇਹ ਤਾਂ ਬਾਦਲਾਂ ਦੀ ਮਿਹਨਤ ਐ...!!

"ਅਸੀਂ ਉਤਰ ਪ੍ਰਦੇਸ਼ ਵਿਚੋਂ ਪਰਿਵਾਰਵਾਦ ਖ਼ਤਮ ਕਰਕੇ ਰਹਾਂਗੇ...ਮੁਲਾਇਮ ਸਰਕਾਰ ਨੂੰ ਭਜਾ ਕੇ ਰਹਾਂਗੇ...ਇਨ੍ਹਾਂ ਨੇ ਪਰਿਵਾਰਵਾਦ ਨੂੰ ਬੜਾਵਾ ਦਿੱਤੈ...।" ਇਹ ਬੋਲ ਨੇ ਭਾਜਪਾ ਦੇ ਬੁਲਾਰੇ ਸ਼ਾਹਨਵਾਜ਼ ਹੁਸੈਨ ਦੇ। ਬਈ, ਹੁਣ ਉਤਰ ਪ੍ਰਦੇਸ਼ ਦੀਆਂ ਚੋਣਾਂ ਸ਼ਿਖ਼ਰ 'ਤੇ ਨੇ ਤੇ ਕੋਈ ਨਾ ਕੋਈ ਠੋਸ ਮੁੱਦਾ ਤਾਂ ਚਾਹੀਦੈ...ਉਂਜ ਵੀ ਮੁਲਾਇਮ ਯਾਦਵ ਦੀ ਸਮਾਜਵਾਦੀ ਪਾਰਟੀ ਪਰਿਵਾਰਕ ਕਲੇਸ਼ ਵਿਚ ਉਲਝੀ ਪਈ ਹੈ ਤੇ ਮੌਕਾ ਚੰਗਾ ਹੈ ਪਰਿਵਾਰਵਾਦ ਖ਼ਤਮ ਕਰਨ ਦਾ ਨਾਅਰਾ ਦੇ ਮਾਰੋ...ਦੁਸ਼ਮਣ ਨੂੰ ਮਾਤ ਦੇਣਾ ਸੌਖਾ। ਪਰ ਪੰਜਾਬ ਵਿਚ ਬਾਦਲਾਂ ਦੇ ਪਰਿਵਾਰਵਾਦ ਬਾਰੇ ਉਨ੍ਹਾਂ ਦੀ ਰਾਏ ਕੁਝ ਹੋਰ ਹੀ ਜ਼ੁਬਾਨ ਬੋਲੀ ਜਾਂਦੀ ਐ...। ਉਨ੍ਹਾਂ ਨੂੰ ਜਦੋਂ ਪੁਛਿਆ, ਜੇ ਉਤਰ ਪ੍ਰਦੇਸ਼ ਵਿਚ ਪਰਿਵਾਰਵਾਦ ਖ਼ਤਮ ਕਰਨੈ ਤਾਂ ਤੁਸੀਂ ਆਪਣੀ ਭਾਈਵਾਲ ਅਕਾਲੀ ਦਲ ਬਾਰੇ ਕੀ ਕਹੋਂਗੇ? ਬਾਪ-ਪੁੱਤ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ, ਸਾਲਾ ਮਾਲ ਮੰਤਰੀ ਤੇ ਨੂੰਹ ਨੂੰ ਕੇਂਦਰ ਵਿਚ ਮੰਤਰੀ ਬਣਾ ਲਿਆ...ਕੇਂਦਰ ਵੱਲ ਮੂੰਹ ਕਰਨ ਲਈ ਕਿੰਨੇ ਸੀਨੀਅਰ ਅਕਾਲੀ ਆਗੂ ਤੱਕਦੇ ਹੀ ਰਹਿ ਗਏ ਤੇ ਬਾਜ਼ੀ ਨੂੰਹ ਰਾਣੀ ਮਾਰ ਗਈ। ਜਨਾਬ ਹੁਸੈਨ ਦਾ ਕਹਿਣੈ ਕਿ ਬਾਦਲ ਪਰਿਵਾਰ ਤਾਂ ਮਿਹਨਤ ਕਰਕੇ ਸਿਆਸਤ ਵਿਚ ਅੱਗੇ ਵਧਿਐ...ਉਹੀ ਮਿਹਨਤ ਤਾਂ ਮੁਲਾਇਮ ਸਿੰਘ ਨੇ ਵੀ ਕੀਤੀ ਐ...ਉਂ ਮਿਹਨਤੀ ਤਾਂ ਜੀ ਬਾਦਲ ਪਰਿਵਾਰ ਬਹੁਤ ਐ, ਦੇਖੋ ਦੇਖਦਿਆਂ ਈ ਦੇਖਦਿਆਂ ਕਿੰਨੀ ਜਾਇਦਾਦ ਬਣਾ ਲਈ...ਛੱਡਿਐ ਕੋਈ ਢਾਬਾ, ਕੋਈ ਦਾਬਾ...!!



## ਅਸੀਂ ਤਾਂ ਪਾਰਟੀ ਦੀ ਸੇਵਾ ਕਰੀ ਦੀ ਐ...!!

ਸੀਬੀਆ ਸਾਹਿਬ (ਸੁਰਿੰਦਰਪਾਲ ਸਿੰਘ ਸੀਬੀਆ, ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ) ਦੀ ਵੀ ਸੁਣ ਲਓ! ਕਾਂਗਰਸ ਛੱਡ ਕੇ ਅਕਾਲੀ ਦਲ ਦੀ ਤੱਕੜੀ ਵਿਚ ਬਹਿ ਗਏ ਨੇ...। ਕਹਿੰਦੇ ਆ, ਬਈ-ਮੈਂ ਚਾਲ ਸਾਲ ਕਾਂਗਰਸ ਦੀ ਸੇਵਾ ਕੀਤੀ, ਪਰ ਮਿਲਿਆ ਕੀ...?! 'ਕੱਲੇ ਸੀਬੀਆ ਦੀ ਛੱਡੋ, ਇਨ੍ਹਾਂ ਲੀਡਰਾਂ ਨੂੰ ਮਿਲਦਾ-ਮਲਾਉਂਦਾ ਕੀ ਐ, ਇਹ ਤਾਂ ਸਭ ਨੂੰ ਪਤੈ...। ਗੱਲ ਤਾਂ ਸੇਵਾ ਦੀ ਐ...ਗੱਲ ਕਰਦੇ ਨੇ ਲੋਕਾਂ ਦੀ ਤੇ ਸੇਵਾ ਕਰਦੇ ਨੇ ਪਾਰਟੀ ਦੀ। ਪੈਸਾ ਖਾਂਦੇ ਨੇ ਲੋਕਾਂ, ਸੇਵਾ ਪਾਰਟੀ ਦੀ। ਹੱਕ ਮਾਰਦੇ ਨੇ ਲੋਕਾਂ ਦਾ ਤੇ ਸੇਵਾ ਪਾਰਟੀ ਦੀ। ਤੇ ਲੋਕਾਂ ਦੀ ਸੇਵਾ ਤਾਂ ਇਹ ਡੰਡਿਆਂ ਨਾਲ ਕਰਦੇ ਨੇ...। ਹੋਰ ਤਾਂ ਹੋਰ ਜਿਧਰੋਂ ਦੀ ਇਹ ਲੰਘਣ, ਸੜਕਾਂ ਜਾਮ ਕਰਕੇ, ਲੋਕਾਂ ਨੂੰ ਪ੍ਰੇਸ਼ਾਨ ਕਰਕੇ, ਇਨ੍ਹਾਂ ਦੀ ਗੱਡੀਆਂ ਹੂਟਰ ਮਾਰਦੀਆਂ ਧੂਹ ਧੂਹ ਕਰਕੇ ਲੰਘ ਜਾਂਦੀਆਂ ਨੇ...। ਗੱਲ ਤਾਂ ਇਨ੍ਹਾਂ ਦੀ ਸਹੀ ਐ, ਬਈ ਸੇਵਾ ਤਾਂ ਇਹ ਪਾਰਟੀ ਦੀ ਕਰਦੇ ਆ, ਜੇ ਪਾਰਟੀ ਨੇ ਝੋਲੀ 'ਚ ਕੁਝ ਪਾਇਆ ਨਾ ਤਾਂ, ਉਹ ਛੱਡ ਦੂਜੀ ਪਾਰਟੀ ਦੀ ਸੇਵਾ 'ਚ ਜਾ ਹਾਜ਼ਰ ਹੁੰਦੇ ਆ। ਜੇ ਇਨ੍ਹਾਂ ਨੇ ਲੋਕਾਂ ਦੀ ਸੇਵਾ ਕੀਤੀ ਹੁੰਦੀ ਤਾਂ ਹੱਥ ਅੱਡਨੇ ਈ ਨਾ ਪੈਂਦੇ, ਨਾ ਦਲ-ਬਦਲੂ ਦਾ ਠੱਪਾ ਲਗਦਾ।

ਨਾਲੋ-ਨਾਲ ਵੱਡੇ ਬਾਦਲ ਸਾਹਿਬ ਦੀ ਵੀ ਸੁਣ ਲਓ, ਕੁਝ ਦਿਨ ਪਹਿਲਾਂ ਕਹਿੰਦੇ ਕਿ ਦਲ-ਬਦਲੀ ਖ਼ਿਲਾਫ਼ ਕਾਨੂੰਨ ਬਣਨਾ ਚਾਹੀਦੈ ਤੇ ਆਪ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰ ਰਹੇ ਨੇ...। ਇਮਾਨ ਲੀਡਰਾਂ ਦੇ ਗਏ ਤੇ ਹੁਣ ਕਾਨੂੰਨ ਵਿਚਾਰਾ ਕੀ ਕੀ ਕਰੇ!!!

# ਟਿਕਟ ਵੰਡ ਨੂੰ ਲੈ ਕੇ ਕਾਂਗਰਸੀ ਹੋਏ ਹੱਥੋਪਾਈ, ਰਾਣਾ ਗੁਰਜੀਤ ਖ਼ਿਲਾਫ਼ ਕੇਸ



**ਭੁਲੱਥ/ਬਿਊਰੋ ਨਿਊਜ਼ :** ਕਾਂਗਰਸੀ ਵਰਕਰਾਂ ਦੀ ਨਡਾਲਾ ਵਿਖੇ ਬੀਤੀ ਰਾਤ ਹੋਈ ਝੜਪ ਦੇ ਸਬੰਧ ਵਿੱਚ ਕਪੂਰਥਲਾ ਤੋਂ ਪਾਰਟੀ ਦੇ ਵਿਧਾਇਕ ਰਾਣਾ ਗੁਰਜੀਤ ਸਮੇਤ ਦੋ ਹੋਰਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਕਾਂਗਰਸੀ ਆਗੂ ਕੁਲਵਿੰਦਰ ਸਿੰਘ ਬੱਬਲ ਦੀ ਸ਼ਿਕਾਇਤ ਉੱਤੇ ਥਾਣਾ ਸੁਭਾਨਪੁਰ ਦੀ ਪੁਲੀਸ ਨੇ ਕੀਤੀ ਹੈ।

ਜ਼ਿਕਰਯੋਗ ਹੈ ਕਿ ਸੋਮਵਾਰ ਰਾਤ ਨੂੰ ਵਿਧਾਨ ਸਭਾ ਹਲਕਾ ਭੁਲੱਥ ਤੋਂ ਕਾਂਗਰਸ ਦੇ ਐਲਾਨੇ ਗਏ ਉਮੀਦਵਾਰ ਗੁਰਵਿੰਦਰ ਸਿੰਘ ਅਟਵਾਲ ਦੇ ਵਿਰੋਧ ਵਿੱਚ ਕਾਂਗਰਸ ਦੇ ਦੋ ਧੜੇ ਆਪਸ ਵਿੱਚ ਭਿੜ ਗਏ ਸਨ। ਮੀਟਿੰਗ ਦੌਰਾਨ ਜੰਮ ਕੇ ਇੱਕ ਦੂਜੇ ਉੱਤੇ ਕੁਰਸੀਆਂ ਚਲੀਆਂ, ਗਾਲ਼ੀ ਗਲੋਚ ਤੋਂ ਬਾਅਦ ਇੱਕ ਸਥਾਨਕ ਆਗੂ ਦੀ ਦਸਤਾਰ ਤੱਕ ਉਤਰ ਗਈ ਸੀ।

ਅਸਲ ਵਿੱਚ ਭੁਲੱਥ ਹਲਕੇ ਤੋਂ ਕਾਂਗਰਸ ਦੇ ਅੱਠ ਉਮੀਦਵਾਰ ਚੋਣ ਲੜਨ ਦੀ ਤਿਆਰੀ ਵਿੱਚ ਸਨ। ਪਰ ਪਾਰਟੀ ਨੇ ਪੈਰਾਸ਼ੂਟ ਰਾਹੀਂ ਬਾਹਰੀ ਉਮੀਦਵਾਰ ਗੁਰਵਿੰਦਰ ਸਿੰਘ ਅਟਵਾਲ ਨੂੰ ਟਿਕਟ ਦੇ ਕੇ ਚੋਣ ਲੜਨ ਵਾਲੇ ਉਮੀਦਵਾਰਾਂ ਦੀਆਂ ਆਸਾਂ ਉੱਤੇ ਪਾਣੀ ਫੇਰ ਦਿੱਤਾ। ਇਸ ਸਬੰਧ ਵਿਚ ਪਾਰਟੀ ਦੇ ਨਾਰਾਜ਼ ਧੜਿਆਂ ਨੇ ਅਗਲੀ ਰਣਨੀਤੀ ਉਲੀਕਣ ਲਈ ਵਰਕਰਾਂ ਦੀ ਮੀਟਿੰਗ ਨਡਾਲਾ ਵਿੱਚ ਬੁਲਾਈ ਸੀ।

ਮੀਟਿੰਗ ਵਿੱਚ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਰਾਣਾ ਗੁਰਜੀਤ ਸਿੰਘ ਵੀ ਸ਼ਾਮਲ ਸਨ। ਮੀਟਿੰਗ ਦੌਰਾਨ ਹੀ ਕੁੱਝ ਕਾਂਗਰਸ ਵਰਕਰਾਂ ਨੇ ਹਲਕੇ ਦਾ ਉਮੀਦਵਾਰ ਦੇਣ ਲਈ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਮੀਟਿੰਗ ਵਿੱਚ ਮੌਜੂਦਾ ਇੱਕ ਕਾਂਗਰਸੀ ਆਗੂ ਨੇ ਗੁਰਵਿੰਦਰ ਸਿੰਘ ਅਟਵਾਲ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। ਇਸ ਤੋਂ ਬਾਅਦ ਫਿਰ ਤੋਂ ਮੀਟਿੰਗ ਦੌਰਾਨ ਨਾਅਰੇਬਾਜ਼ੀ ਸ਼ੁਰੂ ਹੋ ਗਈ।

ਇਸ ਦੌਰਾਨ ਮੀਟਿੰਗ ਵਿੱਚ ਮੌਜੂਦ ਯੂਥ ਆਗੂ ਦਲਜੀਤ ਸਿੰਘ ਨਡਾਲਾ ਅਤੇ ਕੁਲਵਿੰਦਰ ਸਿੰਘ ਬੱਬਲ ਵਿਚਕਾਰ ਬਹਿਸ ਹੋ ਗਈ। ਜਿਸ ਤੋਂ ਬਾਅਦ ਮੀਟਿੰਗ ਵਿੱਚ ਹੰਗਾਮਾ ਹੋ ਗਿਆ। ਦੋਹਾਂ ਧੜਿਆਂ ਨੇ ਇੱਕ-ਦੂਜੇ ਉੱਤੇ ਕੁਰਸੀਆਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਹੱਥੋਪਾਈ ਦੌਰਾਨ ਇੱਕ ਆਗੂ ਦੀ ਦਸਤਾਰ ਵੀ ਉੱਤਰ ਗਈ। ਇਸ ਦੌਰਾਨ ਭੁਲੱਥ ਤੋਂ ਕਾਂਗਰਸ ਦੀ ਟਿਕਟ ਪ੍ਰਾਪਤ ਕਰਨ ਦੇ ਚਾਹਵਾਨ ਕੁਲਵਿੰਦਰ ਸਿੰਘ ਬੱਬਲ ਨੇ ਕਾਂਗਰਸ ਦੇ ਇੱਕ ਹੋਰ ਆਗੂ ਦਲਜੀਤ ਸਿੰਘ ਉੱਤੇ ਉਸ ਦੀ ਦਸਤਾਰ ਉੱਤਰਨ ਅਤੇ ਪਿਸਤੌਲ ਦਿਖਾ ਕੇ ਧਮਕਾਉਣ ਦਾ ਦੋਸ਼ ਲਗਾਇਆ।

ਕਾਂਗਰਸੀ ਆਗੂਆਂ ਨੇ ਲੜਾਈ ਤੋਂ ਬਾਅਦ ਵੀ ਪਾਰਟੀ ਵੱਲੋਂ ਐਲਾਨੇ ਗਏ ਉਮੀਦਵਾਰ ਦਾ ਵਿਰੋਧ ਜਾਰੀ ਰੱਖਣ ਦੀ ਗੱਲ ਆਖੀ ਹੈ।

ਅਸਲ ਵਿੱਚ ਵਿਧਾਨ ਸਭਾ ਹਲਕਾ ਭੁਲੱਥ ਤੋਂ ਪਿਛਲੀਆਂ ਚੋਣਾਂ ਤੱਕ ਸੁਖਪਾਲ ਸਿੰਘ ਖਹਿਰਾ ਨੂੰ ਪਾਰਟੀ ਵੱਲੋਂ ਟਿਕਟ ਦਿੱਤੀ ਜਾਂਦੀ ਸੀ। ਪਰ ਇਸ ਵਾਰ ਖਹਿਰਾ ਵੱਲੋਂ ਆਮ ਆਦਮੀ ਪਾਰਟੀ ਵਿੱਚ ਚਲੇ ਜਾਣ ਕਾਰਨ ਕਾਂਗਰਸ ਦੀ ਸੀਟ ਖ਼ਾਲੀ ਹੋ ਗਈ। ਭੁਲੱਥ ਹਲਕੇ ਤੋਂ ਅਕਾਲੀ ਦਲ ਵੱਲੋਂ ਬੀਬੀ ਜਾਗੀਰ ਕੌਰ ਅਤੇ ਆਮ ਆਦਮੀ ਪਾਰਟੀ ਵੱਲੋਂ ਸੁਖਪਾਲ ਖਹਿਰਾ ਚੋਣ ਮੈਦਾਨ ਵਿੱਚ ਹਨ।

# ਅਕਾਲੀ ਦਲ, ਕਾਂਗਰਸ ਅਤੇ 'ਆਪ' ਦੇ ਚੋਣ ਐਲਾਨਨਾਮੇ : ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ

**• ਤਿੰਨ ਪਾਰਟੀਆਂ ਦੇ ਅਜਿਹੇ ਵਾਅਦੇ, ਜੋ ਮੌਜੂਦਾ ਹਾਲਾਤ 'ਚ ਪੂਰੇ ਹੋਣੇ ਸੰਭਵ ਨਹੀਂ • ਸਾਰਿਆਂ ਦਾ ਜਵਾਬ - ਸਰੋਤ ਤਾਂ ਹਨ, ਪਰ ਨਹੀਂ ਦੱਸ ਸਕਦੇ**

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜ ਵਰ੍ਹਿਆਂ ਮਗਰੋਂ ਫੇਰ ਸਿਆਸੀ ਧਿਰਾਂ ਲੋਕਾਂ ਦੇ ਦਰਾਂ 'ਤੇ ਹੱਥ ਅੱਡੀ ਖੜ੍ਹੀਆਂ ਹਨ। 'ਖਾਲੀ' ਝੋਲੀ ਭਰਨ ਦੀ ਮੰਗ ਕਰ ਰਹੀਆਂ ਤੇ ਬਦਲੇ ਵਿਚ ਉਨ੍ਹਾਂ ਦੀ 'ਝੋਲੀ' ਭਰਨ ਦੇ ਵਾਅਦੇ ਕਰ ਰਹੀਆਂ ਹਨ। ਬੇਸ਼ੱਕ ਹੁੰਦਾ ਤਾਂ ਉਲਟ ਆਇਆ ਹੈ ਕਿ ਸਿਆਸੀ ਧਿਰਾਂ ਦੀ ਝੋਲੀ ਲੋਕ ਵੋਟਾਂ ਨਾਲ ਤਾਂ ਭਰ ਦਿੰਦੇ ਹਨ ਪਰ ਚੋਣ ਜਿੱਤਣ ਮਗਰੋਂ ਸਿਆਸਤਦਾਨ ਆਪਣੀਆਂ ਹੀ ਝੋਲੀਆਂ, ਤਿਜੌਰੀਆਂ ਭਰਨ 'ਤੇ ਲੱਗੇ ਰਹਿੰਦੇ ਹਨ ਤੇ ਆਮ ਜਨਤਾ ਠੱਗੀ ਜਿਹੀ ਰਹਿ ਜਾਂਦੀ ਹੈ। ਚੋਣਾਂ ਵੇਲੇ ਸਿਆਸਤਦਾਨ ਆਪ ਜਾ ਕੇ ਵੋਟਰਾਂ ਨੂੰ ਦਰਸ਼ਨ ਦਿੰਦੇ ਹਨ ਤੇ ਜਿੱਤਣ ਮਗਰੋਂ ਇਨ੍ਹਾਂ ਦੇ ਦਰਸ਼ਨ ਵੀ ਦੁਰਲਭ ਹੋ ਜਾਂਦੇ ਹਨ। ਇਸ ਵਾਰ ਵੀ ਮਿਸ਼ਨ 2017 ਵਿਚ ਜੁਟੀਆਂ ਤਿੰਨ ਸਿਆਸੀ ਪਾਰਟੀਆਂ ਇਨ੍ਹਾਂ ਦਿਨੀਂ ਵੋਟਰਾਂ ਨੂੰ ਲੁਭਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ। ਜਿੱਥੇ ਸੱਤਾਧਾਰੀ ਦਲ ਹਰ ਵਰਗ ਦੀ ਮੰਗ ਨੂੰ ਪੂਰਾ ਕਰਨ ਵਿਚ ਲੱਗਾ ਹੈ, ਉੱਥੇ ਹੀ ਮੁੱਖ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਇੱਕ-ਦੂਜੇ ਤੋਂ ਵੱਧ-ਚੜ੍ਹ ਕੇ ਵਾਅਦੇ ਕਰਨ ਵਿਚ ਲੱਗੀਆਂ ਹਨ। ਜਦਕਿ ਇਹ ਜਾਣਦੇ ਹੋਏ ਵੀ ਕਿ ਪੰਜਾਬ ਦੀ ਵਿੱਤੀ ਹਾਲਤ ਅਜਿਹੀ ਹੋ ਚੁੱਕੀ ਹੈ ਕਿ ਨਵੇਂ ਵਿੱਤੀ ਸਾਲ ਵਿਚ ਅਕਤੂਬਰ 2017 ਦੀ ਆਮਦਨ ਵੀ ਮਿਲ ਸਕੇਗੀ ਜਾਂ ਨਹੀਂ, ਇਹ ਕੋਈ ਪੱਕਾ ਨਹੀਂ ਹੈ। ਰਾਜਨੀਤਕ ਪਾਰਟੀਆਂ ਜਿੰਨੇ ਵੀ ਵੱਡੇ ਵਾਅਦੇ ਕਰ ਰਹੀਆਂ ਹਨ, ਉਸ ਨੂੰ ਪੂਰਾ ਕਿਵੇਂ ਕਰਨਗੀਆਂ ? ਜਦੋਂ ਇਹ ਉਨ੍ਹਾਂ ਤੋਂ ਪੁੱਛਿਆ ਜਾਂਦਾ ਹੈ ਤਾਂ ਉਨ੍ਹਾਂ ਕੋਲ ਇਕ ਹੀ ਜਵਾਬ ਹੁੰਦਾ ਹੈ, ਸੱਤਾ ਵਿਚ ਆਉਣ ਤੋਂ ਬਾਅਦ ਸਾਧਨ ਜੁਟਾਉਣ ਦੇ ਉਨ੍ਹਾਂ ਕੋਲ ਸਾਧਨ ਹਨ, ਜਿਨ੍ਹਾਂ ਦਾ ਖੁਲਾਸਾ ਉਹ ਹਾਲੇ ਨਹੀਂ ਕਰ ਸਕਦੇ।

### ਖਜਾਨੇ ਦੇ ਹਾਲਾਤ :

ਆਮਦਨੀ ਤੋਂ 6800 ਕਰੋੜ ਜ਼ਿਆਦਾ ਖਰਚ
ਸਾਲਾਨਾ ਖਰਚ : 58800 ਕਰੋੜ
ਆਮਦਨੀ : 52000 ਕਰੋੜ



## ਵਾਅਦੇ

### ਆਮ ਆਦਮੀ ਪਾਰਟੀ :

1. ਛੋਟੇ ਕਿਸਾਨਾਂ, ਮਜ਼ਦੂਰਾਂ ਦਾ ਪੂਰਾ ਕਰਜ਼ਾ ਮੁਆਫ਼, ਵੱਡੇ ਕਿਸਾਨਾਂ ਨੂੰ ਵਿਆਜ਼ ਵਿਚ ਛੋਟ
   ਕਿਸਾਨਾਂ 'ਤੇ 9000 ਕਰੋੜ ਰੁਪਏ ਕੋਆਪ੍ਰੇਟਿਵ, 14 ਹਜ਼ਾਰ ਕਰੋੜ ਨੈਸ਼ਨਲ ਬੈਂਕਾਂ ਦਾ ਲੰਬੀ ਮਿਆਦ, 35 ਹਜ਼ਾਰ ਕਰੋੜ ਛੋਟੀ ਮਿਆਦ ਅਤੇ 20 ਹਜ਼ਾਰ ਕਰੋੜ ਆੜ੍ਹਤੀਆਂ ਦਾ।
2. ਫਸਲਾਂ ਦਾ ਨੁਕਸਾਨ ਹੋਣ 'ਤੇ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ
   ਪੰਜਾਬ ਵਿਚ ਕਦੇ ਵੀ 7 ਫ਼ੀਸਦੀ ਤੋਂ ਵੱਧ ਨੁਕਸਾਨ ਨਹੀਂ ਹੋਇਆ। ਮਤਲਬ ਕੁਲ ਇਕ ਕਰੋੜ ਏਕੜ ਵਿਚੋਂ 7 ਲੱਖ ਦਾ ਜੇ ਨੁਕਸਾਨ ਹੁੰਦਾ ਹੈ ਤਾਂ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਤੋਂ 1400 ਕਰੋੜ ਦੇਣੇ ਪੈਣਗੇ।
3. ਸ਼ਗਨ ਸਕੀਮ 15 ਹਜ਼ਾਰ ਰੁਪਏ ਤੋਂ ਵਧਾ ਕੇ 51 ਹਜ਼ਾਰ ਰੁਪਏ
   ਇਸ ਸਮੇਂ 15 ਹਜ਼ਾਰ ਦੇ ਹਿਸਾਬ ਤੋਂ ਸ਼ਗਨ ਦੇਣ ਵਿਚ ਖਰਚ ਹੁੰਦੇ ਹਨ। 90 ਕਰੋੜ ਮਤਲਬ ਇਸ ਵਾਅਦੇ ਨੂੰ ਲਾਗੂ ਕੀਤਾ ਤਾਂ 510 ਕਰੋੜ ਖਰਚ ਹੋਣਗੇ।
4. 25 ਲੱਖ ਨੌਜਵਾਨਾਂ ਨੂੰ ਨੌਕਰੀ

### ਕਾਂਗਰਸ :

1. **ਕਿਸਾਨਾਂ ਦਾ ਪੂਰਾ ਕਰਜ਼ਾ ਮੁਆਫ਼, ਹਰ ਪਰਿਵਾਰ ਵਿਚ ਇੱਕ ਨੌਕਰੀ**
   ਪੰਜਾਬ 'ਚ 55 ਲੱਖ ਪਰਿਵਾਰ - ਇਸ ਸਮੇਂ ਬੋਰਡ, ਕਾਰਪੋਰੇਸ਼ਨ ਵਿਚ 5 ਲੱਖ ਲੋਕ ਨੌਕਰੀ 'ਚ।
2. **ਬੇਰੁਜ਼ਗਾਰੀ ਭੱਤਾ 2500 ਰੁਪਏ**
   30 ਲੱਖ ਲੋਕਾਂ ਨੂੰ ਭੱਤਾ ਦਿੱਤਾ ਤਾਂ 9000 ਕਰੋੜ ਰੁਪਏ।
3. **ਬੁਢਾਪਾ ਪੈਨਸ਼ਨ 2000 ਰੁਪਏ**
   ਫਿਲਹਾਲ 500 ਹੋਰ ਖਰਚ ਹੁੰਦੇ ਹਨ 900 ਕਰੋੜ। ਇਸ ਵਾਅਦੇ ਨੂੰ ਪੂਰਾ ਕਰਨ ਲਈ ਚਾਹੀਦੇ ਹਨ 3600 ਕਰੋੜ।
4. **18-35 ਸਲ ਦੇ ਨੌਜਵਾਨਾਂ ਨੂੰ ਸਮਾਰਟ ਫ਼ੋਨ**
   ਇਸ ਲਈ ਚਾਹੀਦੇ ਹਨ 3000 ਕਰੋੜ ਤਿੰਨ ਸਾਲ 'ਚ

### ਅਕਾਲੀ-ਭਾਜਪਾ ਗਠਜੋੜ

1. **14 ਲੱਖ ਨਵੀਂ ਭਰਤੀਆਂ**
   ਇਨ੍ਹਾਂ 'ਤੇ ਲਗਭਗ 2000 ਕਰੋੜ ਰੁਪਏ ਖਰਚ ਹੋਣ ਦੀ ਸੰਭਾਵਨਾ
2. **30 ਹਜ਼ਾਰ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨਾ**
   ਨਵੇਂ ਐਲਾਨ ਹਾਲੇ ਪਾਰਟੀ ਨੇ ਕਰਨੇ ਹਨ। ਸੁਖਦੇਵ ਸਿੰਘ ਢੀਂਡਸਾ ਮੈਨੀਫੈਸਟੋ ਤਿਆਰ ਕਰ ਰਹੇ ਹਨ।

### ਮਾਹਰਾਂ ਦੀ ਰਾਏ :

ਪਾਰਟੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਲੋਕ ਪਾਗਲ ਨਹੀਂ ਹਨ। ਪਿਛਲੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਜਿਹੜੇ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ। ਗਵਰਨੈਂਸ ਨੂੰ ਸੁਧਾਰਨ 'ਤੇ ਕੋਈ ਪਾਰਟੀ ਧਿਆਨ ਨਹੀਂ ਦੇ ਰਹੀ ਹੈ।

**- ਪ੍ਰੋ. ਸੁੱਚਾ ਸਿੰਘ ਗਿੱਲ,**
ਡਾਇਰੈਕਟਰ ਜਨਰਲ - ਕ੍ਰਿਡ

------------------

ਲੋਕ ਜਾਣਦੇ ਹਨ ਕਿ ਪਾਰਟੀਆਂ ਝੂਠ ਬੋਲ ਰਹੀਆਂ ਹਨ। ਇਹ ਉਦੋਂ ਤਕ ਚਲੇਗਾ ਜਦੋਂ ਤਕ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਮਾਨਤਾ ਨਹੀਂ ਮਿਲੇਗੀ ਅਤੇ ਝੂਠ ਬੋਲਣ ਵਾਲੀ ਪਾਰਟੀਆਂ ਦੀ ਮਾਨਤਾ ਰੱਦ ਨਹੀਂ ਹੋਵੇਗੀ।

**- ਦਵਿੰਦਰ ਸ਼ਰਮਾ,**
ਐਗਰੋ ਇਕੋਨੋਮਿਸਟ

**ਸਰਵੇਖਣ :** 10 ਏਕੜ ਤਕ ਦੇ ਕਿਸਾਨਾਂ 'ਤੇ ਪੰਜਾਬ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦੇ ਡਾ. ਗਿਆਨ ਸਿੰਘ ਦੀ ਟੀਮ ਦਾ

**ਸਰਵੇਖਣ :**

***ਛੋਟੇ ਕਿਸਾਨ :*** 2 ਲੱਖ 60 ਹਜ਼ਾਰ ਪਰਿਵਾਰ, ਕਰਜ਼ਾ 2,76,839 ਮਤਲਬ 7223.81 ਕਰੋੜ ਰੁਪਏ ਚਾਹੀਦੇ ਹਨ।

***ਸਰਹੱਦੀ ਕਿਸਾਨ :*** ਇਕ ਲੱਖ ਪਰਿਵਾਰ, ਕਰਜ਼ਾ 5,57,338 ਰੁਪਏ ਮਤਲਬ 5573.38 ਕਰੋੜ ਰੁਪਏ ਚਹੀਦੇ ਹਨ।

***ਮੱਧਮ ਦਰਜੇ ਦੇ ਕਿਸਾਨ :*** 3,34,515 ਪਰਿਵਾਰ , ਕਰਜ਼ਾ 6,84,649 ਰੁਪਏ, ਮਤਲਬ 22217.88 ਕਰੋੜ ਰੁਪਏ ਦੀ ਲੋੜ।

# ਸਿਬੀਆ ਨੇ 'ਹੱਥ' ਛੱਡ ਕੇ ਫੜੀ 'ਤੱਕੜੀ'

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਨੇ ਇੱਥੇ ਹੋਰ ਕਈ ਕਾਂਗਰਸੀਆਂ ਸਮੇਤ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਸਿਬੀਆ ਨੂੰ ਇੱਥੇ ਪ੍ਰੈਸ ਕਾਨਫ਼ਰੰਸ ਵਿੱਚ ਸ਼ਾਮਲ ਕਰਦਿਆਂ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਅਕਾਲੀ ਦਲ ਦਾ ਉਮੀਦਵਾਰ ਐਲਾਨ ਦਿੱਤਾ ਹੈ।
ਬਰਨਾਲਾ ਤੋਂ ਅਕਾਲੀ ਦਲ ਦੇ ਆਗੂ ਅਤੇ ਉਦਯੋਗਪਤੀ ਰਾਜਿੰਦਰ ਗੁਪਤਾ ਦੇ ਚੋਣ ਲੜਨ ਦੇ ਚਰਚੇ ਸਨ ਪਰ ਕਾਨਫ਼ਰੰਸ ਵਿੱਚ ਹੀ ਸ਼ਾਮਲ ਸ੍ਰੀ ਗੁਪਤਾ ਨੇ ਕਿਹਾ ਕਿ



ਸਰੀਰਕ ਕਾਰਨਾਂ ਕਾਰਨ ਉਹ ਚੋਣ ਲੜਨ ਤੋਂ ਅਸਮਰਥ ਸਨ ਅਤੇ ਹੁਣ ਉਹ ਸ੍ਰੀ ਸਿਬੀਆ ਨੂੰ ਜਿਤਾਉਣ ਲਈ ਕੰਮ ਕਰਨਗੇ। ਸੁਖਬੀਰ ਬਾਦਲ ਨੇ ਕਿਹਾ ਕਿ ਕਾਂਗਰਸ ਦਾ ਮਿਸ਼ਨ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਬਣਨ ਤੋਂ ਰੋਕਣਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਕਾਂਗਰਸੀ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਆ ਰਹੇ ਹਨ ਅਤੇ ਅਗਲੇ ਦਿਨੀਂ ਕਈ ਹੋਰ ਧਮਾਕੇ ਹੋਣਗੇ।
ਇਸ ਮੌਕੇ ਸ੍ਰੀ ਸਿਬੀਆ ਨੇ ਕਿਹਾ ਕਿ ਪਿਛਲੇ 40 ਸਾਲਾਂ ਤੋਂ ਕਾਂਗਰਸ ਦੀ ਸੇਵਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਮਹਿਸੂਸ ਹੋ ਗਿਆ ਹੈ ਕਿ ਹੁਣ ਕੈਪਟਨ ਦੀ ਅਗਵਾਈ ਹੇਠ ਪਾਰਟੀ ਵਿੱਚ ਟਕਸਾਲੀ ਆਗੂਆਂ ਦੀ ਨਹੀਂ, ਸਗੋਂ ਧਨਾਢਾਂ ਦੀ ਸੁਣਵਾਈ ਹੁੰਦੀ ਹੈ। ਇਸ ਮੌਕੇ ਕਾਂਗਰਸ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਮਾਨ, ਸਕੱਤਰ ਸੰਦੀਪ ਬਾਂਸਲ ਵੀ ਅਕਾਲੀ ਦਲ ਵਿੱਚ ਸ਼ਾਮਲ ਹੋਏ।

# ਅਕਾਲੀ ਉਮੀਦਵਾਰ ਲੰਗਾਹ ਦੀ ਸਜ਼ਾ 'ਤੇ ਨਹੀਂ ਲੱਗੀ ਰੋਕ, ਚੋਣ ਲੜਨ 'ਤੇ ਸੰਕਟ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਅਤੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਤੋਂ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁੱਚਾ ਸਿੰਘ ਲੰਗਾਹ ਨੂੰ ਆਮਦਨ ਸਰੋਤਾਂ ਤੋਂ ਵਧੇਰੇ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਸੁਣਾਈ ਸਜ਼ਾ ਉੱਤੇ ਰੋਕ ਲਾਉਣ ਲਈ ਹਾਈਕੋਰਟ ਵਿੱਚ ਦਾਇਰ ਲੰਗਾਹ ਦੀ ਅਰਜ਼ੀ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਇਸ ਨਾਲ ਲੰਗਾਹ ਦੇ ਚੋਣ ਲੜਨ 'ਤੇ ਸੰਕਟ ਦੇ ਬੱਦਲ ਛਾ ਗਏ ਹਨ। ਹਾਈਕੋਰਟ ਦੇ ਜਸਟਿਸ ਐੱਮਐੱਮਐੱਸ ਬੇਦੀ ਨੇ ਲੰਗਾਹ ਵੱਲੋਂ ਸਜ਼ਾ ਉੱਤੇ ਰੋਕ ਲਾਉਣ ਸਬੰਧੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਹੈ। ਪਿਛਲੀ ਅਕਾਲੀ ਭਾਜਪਾ ਸਰਕਾਰ ਵਿੱਚ ਮੰਤਰੀ ਰਹੇ ਸੁੱਚਾ ਸਿੰਘ ਲੰਗਾਹ ਦੇ ਆਪਣੇ ਨਾਂ ਅਤੇ ਨਜ਼ਦੀਕੀ ਸਬੰਧੀਆਂ ਦੇ ਨਾਂ ਉੱਤੇ ਬਣਾਈ ਜਾਇਦਾਦ ਨੂੰ ਅਦਾਲਤ ਪਹਿਲਾਂ ਹੀ ਉਸ ਦੇ ਆਮਦਨ ਸਰੋਤਾਂ ਤੋਂ ਵਧੇਰੇ ਐਲਾਨ ਕਰ ਚੁੱਕੀ ਹੈ ਅਤੇ ਹਾਈਕੋਰਟ ਨੇ ਇਸ ਜਾਇਦਾਦ ਨੂੰ ਜ਼ਬਤ ਕਰਨ ਦੇ ਹੁਕਮ ਵੀ ਦਿੱਤੇ ਹੋਏ ਹਨ। ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਨੇ ਮਈ 2002 ਵਿੱਚ ਕੇਸ ਦਰਜ ਕੀਤਾ ਸੀ। ਇਹ ਕੇਸ ਫਲਾਈਂਗ ਸਕੁਐਡ -1 ਮੁਹਾਲੀ ਵੱਲੋਂ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਸੈਕਸ਼ਨ 420, 467, 471, ਅਤੇ 120 ਬੀ ਤਹਿਤ ਦਰਜ ਕਰਵਾਇਆ ਸੀ। ਲੰਗਾਹ ਨੂੰ ਫਰਵਰੀ 2015 ਵਿੱਚ ਮੁਹਾਲੀ ਦੀ ਅਦਾਲਤ ਨੇ ਦੋਸ਼ੀ ਕਰਾਰ ਦਿੱਤੀ ਸੀ। ਮਾਰਚ 2015 ਵਿੱਚ ਹਾਈਕੋਰਟ ਨੇ ਇਸ ਸਜ਼ਾ ਨੂੰ ਮੁਲਤਵੀ ਕਰ ਦਿੱਤਾ ਸੀ। ਲੰਗਾਹ ਨੇ ਹਾਈਕੋਰਟ ਵਿੱਚ ਅਪੀਲ ਦਾਇਰ ਕਰਕੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਇਸ ਆਧਾਰ ਉੱਤੇ ਚੁਣੌਤੀ ਦਿੱਤੀ ਸੀ ਕਿ ਕਿਸੇ ਵੀ ਗਵਾਹ ਨੇ ਸਰਕਾਰੀ ਪੱਖ ਦੀ ਹਮਾਇਤ ਨਹੀ ਕੀਤੀ। ਸਾਰਾ ਮਾਮਲਾ ਰਾਜਨੀਤੀ ਤੋਂ ਪ੍ਰੇਰਿਤ ਹੈ। ਹੇਠਲੀ ਅਦਾਲਤ ਵਿੱਚ ਪੇਸ਼ ਕੀਤੇ ਗਵਾਹਾਂ ਦੀਆਂ ਗਵਾਈਆਂ ਵੀ ਜਾਂਚ ਅਧਿਕਾਰੀ ਨੇ ਪਹਿਲਾਂ ਜਾਂਚ ਦੌਰਾਨ ਰਿਕਾਰਡ ਨਹੀ ਕੀਤੀਆਂ ਸਨ।



# ਯਾਮਨੀ ਗੋਮਰ, ਕੜਵਲ ਤੇ ਨਈਅਰ ਕਾਂਗਰਸ 'ਚ ਸ਼ਾਮਲ

## ਕੈਪਟਨ ਬੋਲੇ-ਭਾਵੇਂ ਹੁੱਡਾ ਸਾਡੇ ਹੱਕ 'ਚ ਪ੍ਰਚਾਰ ਲਈ ਆ ਜਾਣ, ਪਰ ਹਰਿਆਣਾ ਨੂੰ ਪਾਣੀ ਨਹੀਂ ਦਿਆਂਗੇ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਮੈਂਬਰ ਤੇ ਸੀਨੀਅਰ ਆਗੂ ਯਾਮਨੀ ਗੋਮਰ, ਲੁਧਿਆਣਾ ਤੋਂ ਸਾਬਕਾ ਅਕਾਲੀ ਆਗੂ ਕਮਲਜੀਤ ਸਿੰਘ ਕੜਵਲ, ਇਨਕਮ ਟੈਕਸ ਵਿਭਾਗ ਦੇ ਸਾਬਕਾ ਕਮਿਸ਼ਨਰ ਐਲ.ਆਰ.ਨਈਅਰ ਅਤੇ ਸਾਹਨੇਵਾਲ ਨਗਰ ਕੌਂਸਲ ਦੇ ਭਾਜਪਾ ਦੇ ਕੁਝ ਕੌਂਸਲਰਾਂ ਨੂੰ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਇਨ੍ਹਾਂ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਸ਼ਕਤੀਸ਼ਾਲੀ ਹੋਵੇਗੀ। ਕੈਪਟਨ ਨੇ ਕਿਹਾ ਹੈ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਮੇਤ ਹੋਰ ਕੋਈ ਆਗੂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸੀ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਆਉਣ ਜਾਂ ਨਾ ਪਰ ਪੰਜਾਬ ਕੋਲ ਹਰਿਆਣਾ ਸਮੇਤ ਹੋਰ ਕਿਸੇ ਵੀ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ 77 ਉਮੀਦਵਾਰਾਂ ਨੂੰ ਪਾਰਟੀ ਦੀਆਂ ਟਿਕਟਾਂ

ਬਾਕੀ ਸਫ਼ਾ 42 'ਤੇ

### 'ਸਿੱਧੂ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਕੋਈ ਵਾਅਦਾ ਨਹੀਂ ਕੀਤਾ'

ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੂੰ ਸੂਬੇ ਦਾ ਉਪ ਮੁੱਖ ਮੰਤਰੀ ਬਣਾਉਣ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ। ਸਿੱਧੂ ਦੀ ਉਨ੍ਹਾਂ ਨਾਲ ਗੱਲਬਾਤ ਹੋਵੇਗੀ ਤੇ ਉਸ ਤੋਂ ਬਾਅਦ ਹੀ ਕੁਝ ਤੈਅ ਕੀਤਾ ਜਾਵੇਗਾ। ਉਨ੍ਹਾਂ ਨੂੰ ਅੰਮ੍ਰਿਤਸਰ ਪੂਰਬੀ ਹਲਕੇ ਦੀ ਟਿਕਟ ਦਿੱਤੀ ਗਈ ਹੈ। ਡਾ. ਨਵਜੋਤ ਕੌਰ ਸਿੱਧੂ ਅਤੇ ਨਵਜੋਤ ਸਿੱਧੂ ਵਿੱਚੋਂ ਕੋਈ ਵੀ ਇੱਥੋਂ ਚੋਣ ਲੜ ਸਕਦਾ ਹੈ। ਪਰਗਟ ਸਿੰਘ ਵੀ ਆਪਣੀ ਮਰਜ਼ੀ ਦੇ ਹਲਕੇ ਤੋਂ ਚੋਣ ਲੜ ਸਕਦੇ ਹਨ।

# ਪੰਜਾਬ ਕਾਂਗਰਸ ਦੀ ਦੂਜੀ ਸੂਚੀ ਮਗਰੋਂ ਕਈ ਥਾਂਵਾਂ 'ਤੇ ਉਮੀਦਵਾਰਾਂ ਦਾ ਵਿਰੋਧ

## ਬਾਗੀ ਕਾਂਗਰਸੀਆਂ ਵਲੋਂ ਆਜ਼ਾਦ ਲੜਨ ਦਾ ਐਲਾਨ

**ਸੁਨਾਮ/ਮੁਕਤਸਰ/ਭਦੌੜ /ਬਿਊਰੋ ਨਿਊਜ਼ :** ਕਾਂਗਰਸ ਦੀ ਦੂਜੀ ਸੂਚੀ ਜਾਰੀ ਹੋਣ ਦੇ ਨਾਲ ਹੀ ਗਰਮਾ-ਗਰਮੀ ਸ਼ੁਰੂ ਹੋ ਗਈ ਹੈ। ਸੁਨਾਮ 'ਚ ਨਵੇਂ ਚਿਹਰੇ ਦਮਨ ਬਾਜਵਾ ਅਤੇ ਮੁਕਤਸਰ 'ਚ ਐਮ.ਐਲ.ਏ. ਕਰਨ ਬਰਾੜ ਵਿਰੁੱਧ ਬਗਾਵਤ ਸ਼ੁਰੂ ਹੋ ਗਈ ਹੈ। ਭਦੌੜ ਤੋਂ ਉਮੀਦਵਾਰ ਨਿੰਮਾ ਵਿਰੁਧ ਬਾਗੀ ਕਾਂਗਰਸੀਆਂ ਨੇ ਆਜ਼ਾਦ ਉਮੀਦਵਾਰ ਉਤਾਰਨ ਦਾ ਐਲਾਨ ਕੀਤਾ।

**ਦਮਨ ਬਾਜਵਾ ਨੂੰ ਟਿਕਟ ਵੇਚੀ ਗਈ : ਦੀਪਾ**

ਸੁਨਾਮ ਤੋਂ ਟਿਕਟ ਦੇ ਦਾਅਵੇਦਾਰ ਰਹੇ ਸੂਬਾ ਕਾਂਗਰਸ ਦੇ ਜਨਰਲ ਸਕੱਤਰ ਰਾਜਿੰਦਰ ਦੀਪਾ ਦਾ ਕਹਿਣਾ ਹੈ ਕਿ ਪਾਰਟੀ ਫੈਸਲੇ 'ਤੇ ਰਿਵਿਊ ਕਰੇ। ਦਮਨ ਬਾਜਵਾ ਸੁਨਾਮ ਲਈ ਨਵਾਂ ਚਿਹਰਾ ਹਨ। ਨਸ਼ਾ ਤਸਕਰ ਰਾਜਾ ਕੰਦੋਲਾ ਨੇ ਦਮਨ ਬਾਜਵਾ ਦੇ ਪਤੀ ਨਾਲ ਸਬੰਧ ਕਬੂਲੇ ਸਨ। ਦੀਪਾ ਨੇ ਕਾਂਗਰਸ ਪਾਰਟੀ ਦੇ ਦਫਤਰ ਪੁੱਜ ਕੇ ਦੋਸ਼ ਲਗਾਇਆ ਕਿ ਟਿਕਟ ਵੇਚੀ ਗਈ ਹੈ। ਉਧਰ ਦਮਨ ਬਾਜਵਾ ਨੇ ਕਿਹਾ ਕਿ ਉਨ੍ਹਾਂ 'ਤੇ ਲਗਾਏ ਗਏ ਦੋਸ਼ ਨਿਰਾਧਾਰ ਹਨ। ਉਸ ਦਾ ਸਹੁਰਾ ਪਰਿਵਾਰ 50 ਸਾਲਾਂ ਤੋਂ ਪਾਰਟੀ ਨਾਲ ਜੁੜਿਆ ਹੈ। ਸੁਨਾਮ ਤੋਂ ਉਹ ਯੋਗ ਉਮੀਦਵਾਰ ਸਨ। ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਉਨ੍ਹਾਂ 'ਤੇ ਭਰੋਸਾ ਜਤਾਇਆ ਹੈ।

**ਅਕਾਲੀ ਆਗੂ ਮਰਾੜ ਨੇ ਆਜ਼ਾਦ ਲੜਨ ਦਾ ਐਲਾਨ ਕੀਤਾ :**

ਅਕਾਲੀ ਦਲ ਦੀ ਟਿਕਟ ਨਾ ਮਿਲਣ ਕਾਰਨ ਬਾਗੀ ਹੋਏ ਸਾਬਕਾ ਵਿਧਾਇਕ ਸੁਖਦਰਸ਼ਨ ਸਿੰਘ ਮਰਾੜ ਨੇ ਕਾਂਗਰਸ ਟਿਕਟ ਦਾ ਐਲਾਨ ਹੋਣ ਤੋਂ ਬਾਅਦ ਮੁਕਤਸਰ ਤੋਂ ਆਜ਼ਾਦ ਲੜਨ ਦਾ ਐਲਾਨ ਕਰ ਦਿੱਤਾ ਹੈ। ਮਰਾੜ ਨੇ ਕਿਹਾ, "ਜੇ ਮੁਕਤਸਰ ਤੋਂ ਕਾਂਗਰਸ ਦੀ ਟਿਕਟ ਭਾਈ ਕੁੱਕੂ ਨੂੰ ਮਿਲਦੀ ਹੈ ਤਾਂ ਉਨ੍ਹਾਂ ਨੇ ਕੁੱਕੂ ਦੀ ਮਦਦ ਕਰਨੀ ਸੀ ਅਤੇ ਹੁਣ ਉਹ ਖੁਦ ਆਜ਼ਾਦ ਚੋਣ ਲੜਨਗੇ।"



### ਸਾਹਨੇਵਾਲ 'ਚ ਬਿੱਟੀ ਦਾ ਨਾਂ ਅੱਧ-ਵਿਚਕਾਰ ਫਸਿਆ

ਸਾਹਨੇਵਾਲ 'ਚ ਗਾਇਕਾ ਸਤਵਿੰਦਰ ਬਿੱਟੀ ਦਾ ਨਾਂ ਤੈਅ ਸੀ। ਆਖਰੀ ਸਮੇਂ 'ਚ ਰਾਜਾ ਗਿੱਲ ਨੇ ਉਨ੍ਹਾਂ ਨੂੰ ਚੁਣੌਤੀ ਦੇ ਦਿੱਤੀ, ਜਿਸ ਕਾਰਨ ਇਸ ਸੀਟ ਤੋਂ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ। ਕੁੱਝ ਇਸੇ ਤਰ੍ਹਾਂ ਦੀ ਸਥਿਤੀ ਸ਼ਾਹਕੋਟ 'ਚ ਵੀ ਬਣੀ ਹੋਣ ਕਾਰਨ ਉਥੇ ਵੀ ਉਮੀਦਵਾਰ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ।

## ਦੂਜੀ ਸੂਚੀ 'ਚ ਵੀ ਕੈਪਟਨ ਹਾਵੀ, ਨਾਮ ਨਾ ਆਉਣ ਤੋਂ ਤਿਵਾੜੀ, ਚੌਧਰੀ, ਹੈਨਰੀ ਪ੍ਰੇਸ਼ਾਨ

ਨਵੀਂ ਦਿੱਲੀ : ਕਾਂਗਰਸ ਦੀ ਦੂਜੀ ਸੂਚੀ 'ਚ ਵੀ ਨਾਮ ਨਾ ਹੋਣ ਤੋਂ ਜਿੱਥੇ ਵੱਡੇ ਕਾਂਗਰਸੀ ਆਗੂ ਮਨੀਸ਼ ਤਿਵਾੜੀ, ਚੌਧਰੀ ਸੰਤੋਖ ਸਿੰਘ ਤੇ ਅਵਤਾਰ ਹੈਨਰੀ ਦੀ ਨੀਂਦ ਉੱਡੀ ਹੋਈ ਹੈ, ਉੱਥੇ ਦੂਜੀ ਸੂਚੀ 'ਚ ਵੀ ਕੈਪਟਨ ਅਮਰਿੰਦਰ ਸਿੰਘ ਹੀ ਹਾਵੀ ਵਿਖਾਈ ਦੇ ਰਹੇ ਹਨ। ਸੂਤਰਾਂ ਅਨੁਸਾਰ ਇਨ੍ਹਾਂ 'ਚੋਂ ਇਕ ਵੀ ਉਮੀਦਵਾਰ ਅਜਿਹਾ ਨਹੀਂ ਹੈ, ਜੋ ਕੈਪਟਨ ਦੀ ਮਰਜ਼ੀ ਵਿਰੁੱਧ ਟਿਕਟ ਲੈਣ 'ਚ ਸਫਲ ਰਿਹਾ ਹੋਵੇ। ਇਹ ਗੱਲ ਵੱਖ ਹੈ ਕਿ ਸੂਚੀ 'ਚ ਅੰਬਿਕਾ ਸੋਨੀ, ਚਰਨਜੀਤ ਸਿੰਘ ਚੰਨੀ, ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਮਨਪ੍ਰੀਤ ਸਿੰਘ ਬਾਦਲ ਦੀ ਛਾਪ ਵੀ ਨਜ਼ਰ ਆ ਰਹੀ ਹੈ। ਖਰੜ ਤੋਂ ਵਿਧਾਇਕ ਜਗਮੋਹਨ ਸਿੰਘ ਕੰਗ ਨੂੰ ਟਿਕਟ ਅੰਬਿਕਾ ਸੋਨੀ ਦੀ ਸਿਫਾਰਸ਼ ਕਾਰਨ ਮਿਲੀ ਹੈ। ਇਸੇ ਤਰ੍ਹਾਂ ਸੀ.ਐਲ.ਪੀ. ਆਗੂ ਚਰਨਜੀਤ ਚੰਨੀ ਬੰਗਾ ਦੇ ਵਿਧਾਇਕ ਤਰਲੋਚਨ ਸਿੰਘ ਸੂੰਡ ਦੀ ਟਿਕਟ ਕਟਵਾਉਣ 'ਚ ਸਫਲ ਰਹੇ ਅਤੇ ਉਨ੍ਹਾਂ ਤੇ ਅੰਬਿਕਾ ਨੇ ਸਤਨਾਮ ਸਿੰਘ ਕੈਂਥ ਨੂੰ ਟਿਕਟ ਦਿਵਾਉਣ 'ਚ ਅਹਿਮ ਭੂਮਿਕਾ ਨਿਭਾਈ। ਜਦਕਿ ਬਲਾਚੌਰ ਤੋਂ ਦਰਸ਼ਨ ਲਾਲ ਮੰਗੂਪੁਰ ਨੂੰ ਵੀ ਟਿਕਟ ਮਿਲਣ ਪਿੱਛੇ ਅੰਬਿਕਾ ਦਾ ਹੱਥ ਮੰਨਿਆ ਜਾ ਰਿਹਾ ਹੈ। ਇਸੇ ਤਰ੍ਹਾਂ ਮੰਨਿਆ ਜਾ ਰਿਹਾ ਹੈ ਕਿ ਸੁਨਾਮ ਤੋਂ ਉਮੀਦਵਾਰ ਦਮਨ ਬਾਜਵਾ ਨੂੰ ਟਿਕਟ ਰਾਜਾ ਨੇ ਹੀ ਦਿਵਾਈ ਹੈ। ਗੁਰਦਾਸਪੁਰ ਤੋਂ ਪੀ.ਐਸ. ਪਾਹੜਾ, ਖੇਮਕਰਣ ਤੋਂ ਸੁਖਪਾਲ ਸਿੰਘ ਭੁੱਲਰ ਨੂੰ ਟਿਕਟਾਂ ਦੇਣ ਦਾ ਕਾਰਨ ਵੀ ਉਨ੍ਹਾਂ ਦਾ ਯੂਥ ਕੋਟੇ ਨਾਲ ਸਬੰਧਤ ਹੋਣਾ ਹੈ। ਬਾਕੀ ਸਾਰੇ ਉਮੀਦਵਾਰ ਕੈਪਟਨ ਦੀ ਪਸੰਦ ਹਨ। ਮੁਕਤਸਰ ਤੋਂ ਕਰਣ ਬਰਾੜ ਦਾ ਨਾਂ ਸੋਨੀਆ ਗਾਂਧੀ ਦੇ ਦਖ਼ਲ 'ਤੇ ਫਾਈਨਲ ਹੋਇਆ ਹੈ। ਇਸ ਤੋਂ ਇਲਾਵਾ ਸਨੌਰ ਤੇ ਸਮਾਣਾ ਤੋਂ ਸਾਬਕਾ ਮੰਤਰੀ ਲਾਲ ਸਿੰਘ, ਲੁਧਿਆਣਾ ਉੱਤਰੀ ਦੇ ਵਿਧਾਇਕ ਰਾਕੇਸ਼ ਪਾਂਡੇ, ਆਪਣੇ ਪੁੱਤਰ ਲਈ ਫਿਲੌਰ ਤੋਂ ਟਿਕਟ ਮੰਗ ਰਹੇ ਐਮ. ਪੀ ਚੌਧਰੀ ਸੰਤੋਖ ਸਿੰਘ, ਸ਼ਾਮਚੌਰਾਸੀ ਤੋਂ ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਚੌਧਰੀ, ਫਗਵਾੜਾ ਤੋਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਰੋਪੜ ਤੋਂ ਸਾਬਕਾ ਮੰਤਰੀ ਡਾ. ਰਮੇਸ਼ ਦੱਤ ਸ਼ਰਮਾ ਦੀ ਵੀ ਦੂਜੀ ਸੂਚੀ 'ਚ ਨਾਂ ਨਾ ਆਉਣ ਤੋਂ ਨੀਂਦ ਉੱਡੀ ਹੋਈ ਹੈ।

## ਬਰਾੜ ਨੇ ਲਾਈ ਸੰਨ੍ਹ, 'ਆਪ' ਦੇ ਜਸ਼ਨਦੀਪ ਸੰਧੂ ਤੇ ਬਲਜੀਤ ਸਿੰਘ ਨੂੰ ਕੀਤਾ ਆਪਣੀ ਪਾਰਟੀ 'ਚ ਸ਼ਾਮਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ (ਆਪ) ਦੇ ਗੁਣਗਾਨ ਕਰਦੇ ਆ ਰਹੇ ਸਾਬਕਾ ਸੰਸਦ ਮੈਂਬਰ ਅਤੇ ਤ੍ਰਿਣਮੂਲ ਕਾਂਗਰਸ ਪੰਜਾਬ ਦੇ ਪ੍ਰਧਾਨ ਜਗਮੀਤ ਸਿੰਘ ਬਰਾੜ ਨੇ ਹੁਣ 'ਆਪ' ਨੂੰ ਸੰਨ੍ਹ ਲਾਉਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਇਸ ਮੁਹਿੰਮ ਦੇ ਪਹਿਲੇ ਝਟਕੇ ਵਜੋਂ 'ਆਪ' ਦੇ ਮੁੱਢਲੇ ਅਤੇ ਸੀਨੀਅਰ ਆਗੂਆਂ ਜਸ਼ਨਦੀਪ ਸੰਧੂ ਅਤੇ ਬਲਜੀਤ ਸਿੰਘ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ ਹੈ। ਦੱਸਣਯੋਗ ਹੈ ਕਿ ਸ੍ਰੀ ਬਰਾੜ ਨੇ ਬਤੌਰ ਸਾਬਕਾ ਸੰਸਦ ਮੈਂਬਰ ਅਤੇ ਇਸ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਪੰਜਾਬ ਦੇ ਪ੍ਰਧਾਨ ਵਜੋਂ ਵਾਰ-ਵਾਰ 'ਆਪ' ਦੀ ਲੀਡਰਸ਼ਿਪ ਨੂੰ ਉਨ੍ਹਾਂ ਦੀ ਪਾਰਟੀ ਨਾਲ ਗਠਜੋੜ ਕਰਨ ਦੀਆਂ ਅਪੀਲਾਂ ਕੀਤੀਆਂ ਹਨ ਪਰ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਸ੍ਰੀ ਬਰਾੜ ਨੇ ਇਨ੍ਹਾਂ ਦੋਵਾਂ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਦਾਅਵਾ ਕੀਤਾ ਕਿ 'ਆਪ' ਦਾ ਇਕ ਵੱਡਾ ਹਿੱਸਾ ਪਾਰਟੀ ਦੀ ਲੀਡਰਸ਼ਿਪ ਤੋਂ ਕਈ ਕਾਰਨਾਂ ਕਰਕੇ ਪ੍ਰੇਸ਼ਾਨ ਹੈ ਅਤੇ ਜਲਦ ਹੀ ਅਜਿਹੇ ਆਗੂ ਤ੍ਰਿਣਮੂਲ ਦੇ ਝੰਡੇ ਥੱਲੇ ਆ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਕਾਂਗਰਸ ਦੇ ਵੀ ਕਈ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ ਅਤੇ ਉਹ ਸਾਂਝੀ ਸੋਚ ਵਾਲੀ ਲੀਡਰਸ਼ਿਪ ਨੂੰ ਇਕੱਠੀ ਕਰਕੇ ਪੰਜਾਬ ਵਿੱਚੋਂ ਰਜਵਾੜਾਸ਼ਾਹੀ ਤੇ ਪਰਿਵਾਰਵਾਦ ਨੂੰ ਖ਼ਤਮ ਕਰਨ ਲਈ ਵਿਧਾਨ ਸਭਾ ਚੋਣਾਂ ਦੌਰਾਨ ਵੱਡੀ ਭੂਮਿਕਾ ਨਿਭਾਉਣਗੇ।

ਸ੍ਰੀ ਬਰਾੜ ਨੇ ਸੰਪਰਕ ਕਰਨ 'ਤੇ ਕਿਹਾ ਕਿ ਅੱਜ ਵੀ ਉਨ੍ਹਾਂ ਦੀ 'ਆਪ' ਦੀ ਕੌਮੀ ਲੀਡਰਸ਼ਿਪ ਨਾਲ ਗੱਠਜੋੜ ਕਰਨ ਬਾਰੇ ਗੱਲਬਾਤ ਜਾਰੀ ਹੈ ਅਤੇ ਜਲਦ ਹੀ ਚੰਗੇ ਸਿੱਟੇ ਨਿਕਲ ਸਕਦੇ ਹਨ ਕਿਉਂਕਿ 'ਆਪ' ਅਤੇ ਤ੍ਰਿਣਮੂਲ ਕਾਂਗਰਸ ਹੀ ਪੰਜਾਬ ਵਿੱਚੋਂ ਪਰਿਵਾਰਵਾਦ ਦਾ ਸਫਾਇਆ ਕਰ ਸਕਦੀ ਹੈ। ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋਏ ਜਸ਼ਨਦੀਪ ਸਿੰਘ ਸੰਧੂ ਨੇ ਕਿਹਾ ਕਿ 'ਆਪ' ਦੀ ਲੀਡਰਸ਼ਿਪ ਨੇ ਨਿਰਧਾਰਿਤ ਸਾਰੇ ਅਸੂਲਾਂ ਨਾਲ ਸਮਝੌਤਾ ਕਰ ਲਿਆ ਹੈ। ਸ੍ਰੀ ਸੰਧੂ ਨਵਾਂ ਸ਼ਹਿਰ ਵਿਧਾਨ ਸਭਾ ਤੋਂ 'ਆਪ' ਦੀ ਉਮੀਦਵਾਰੀ ਦੇ ਮੁੱਖ ਦਾਅਵੇਦਾਰ ਸਨ ਪਰ ਪਾਰਟੀ ਵੱਲੋਂ ਮੌਕੇ 'ਤੇ ਸਾਬਕਾ ਕਾਂਗਰਸੀ ਚਰਨਜੀਤ ਸਿੰਘ ਚੰਨੀ ਨੂੰ ਟਿਕਟ ਦੇ ਦਿੱਤੀ ਗਈ ਸੀ। ਬਲਜੀਤ ਸਿੰਘ ਨੇ ਕਿਹਾ ਕਿ 'ਆਪ' ਦੀ ਲੀਡਰਸ਼ਿਪ ਨੇ ਆਪਣੀ ਵਿਚਾਰਧਾਰਾ ਤੇ ਅਸੂਲਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਹੈ ਅਤੇ ਹੁਣ ਉਨ੍ਹਾਂ ਨੂੰ ਇਸ ਪਾਰਟੀ ਉਪਰ ਕੋਈ ਵਿਸ਼ਵਾਸ ਨਹੀਂ ਰਿਹਾ।

# ਸੂੰਢ ਤੇ ਪੰਜਗਰਾਈਆਂ ਦੀ ਕੱਟੀ ਗਈ ਟਿਕਟ

## ਕਾਂਗਰਸ ਦੀ ਦੂਜੀ ਸੂਚੀ 'ਚ ਚਾਰ ਨਵੇਂ ਚਿਹਰੇ ਸ਼ਾਮਲ

ਚੰਡੀਗੜ੍ਹ/ਬਿਊਰੋ ਨਿਊਜ਼ :ਕਾਂਗਰਸ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਲਈ ਚਾਰ ਹੋਰ ਨਵੇਂ ਚਿਹਰੇ ਮੈਦਾਨ ਵਿੱਚ ਉਤਾਰੇ ਹਨ, ਜਿਨ੍ਹਾਂ ਵਿੱਚੋਂ ਤਿੰਨ ਨੌਜਵਾਨ ਹਨ। ਦੋ ਮੌਜੂਦਾ ਦਲਿਤ ਵਿਧਾਇਕਾਂ ਦੀ ਛਾਂਟੀ ਕਰ ਦਿਤੀ ਗਈ ਹੈ, ਜਦਕਿ ਚਾਰ ਮੌਜੂਦਾ ਵਿਧਾਇਕ ਟਿਕਟ ਲੈਣ ਵਿੱਚ ਸਫਲ ਰਹੇ ਹਨ। ਦੋ ਮੌਜੂਦਾ ਵਿਧਾਇਕਾਂ ਦੇ ਹਲਕੇ ਬਦਲੇ ਗਏ ਹਨ। ਸੂਤਰਾਂ ਅਨੁਸਾਰ ਕਾਂਗਰਸ ਪਾਰਟੀ ਦੇ 16 ਉਮੀਦਵਾਰਾਂ ਵਿੱਚ ਦੋ ਵਿਧਾਇਕਾਂ ਬੰਗਾ ਤੋਂ ਪੁਰਾਣੇ ਕਾਂਗਰਸੀ ਆਗੂ ਚੌਧਰੀ ਜਗਤ ਰਾਮ ਦੇ ਬੇਟੇ ਅਤੇ ਮੌਜੂਦਾ ਵਿਧਾਇਕ ਤਰਲੋਚਨ ਸਿੰਘ ਸੂੰਢ ਅਤੇ ਜੈਤੋ ਤੋਂ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਆਂ ਦੀ ਟਿਕਟ ਕੱਟੀ ਗਈ ਹੈ। ਦੂਜੀ ਸੂਚੀ ਵਿੱਚ ਕੁੱਲ 16 ਉਮੀਦਵਾਰ ਐਲਾਨੇ ਗਏ ਹਨ। ਇਸ ਨਾਲ ਚੋਣ ਮੈਦਾਨ ਵਿੱਚ ਕਾਂਗਰਸੀ ਉਮੀਦਵਾਰਾਂ ਦੀ ਗਿਣਤੀ 77 ਹੋ ਗਈ ਹੈ। ਤਿੰਨ ਨੌਜਵਾਨ ਚਿਹਰਿਆਂ ਵਿੱਚ ਦਮਨ ਬਿੰਦ ਬਾਜਵਾ ਨੂੰ ਸੁਨਾਮ, ਬਰਿੰਦਰਜੀਤ ਸਿੰਘ ਪਾਹੜਾ ਨੂੰ ਗੁਰਦਾਸਪੁਰ ਅਤੇ ਸੁਖਪਾਲ ਭੁੱਲਰ ਨੂੰ ਖੇਮਕਰਨ ਤੋਂ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸੁਨਾਮ ਹਲਕੇ ਤੋਂ ਕਈ ਦਾਅਵੇਦਾਰ ਸਨ ਪਰ ਯੂਥ ਕਾਂਗਰਸ ਦੀ ਆਗੂ ਦਮਨ ਬਿੰਦ ਬਾਜਵਾ ਸਭ ਨੂੰ ਪਛਾੜ ਕੇ ਟਿਕਟ ਹਾਸਲ ਕਰਨ ਵਿੱਚ ਸਫਲ ਰਹੀ। ਇਸ ਹਲਕੇ ਤੋਂ ਹਲਕਾ-ਫੁਲਕਾ ਰੋਸ ਹੋਣ ਦੇ ਆਸਾਰ ਹਨ। ਹਲਕੇ ਦੇ ਸਾਰੇ ਆਗੂ ਬਾਹਰਲੇ ਉਮੀਦਵਾਰ ਨੂੰ ਟਿਕਟ ਦੇਣ ਦੇ ਖ਼ਿਲਾਫ਼ ਸਨ ਪਰ ਹੁਣ ਹਲਕੇ ਦੀ ਉਮੀਦਵਾਰ ਨੂੰ ਟਿਕਟ ਦੇ ਦਿਤੀ ਗਈ ਹੈ, ਜਿਸ ਕਾਰਨ ਵਿਰੋਧ ਦੀ ਬਹੁਤੀ ਵਜ੍ਹਾ ਨਹੀਂ ਰਹਿ ਗਈ।

ਸੁਖਪਾਲ ਭੁੱਲਰ, ਸਾਬਕਾ ਮੰਤਰੀ ਗੁਰਚੇਤ ਸਿੰਘ ਭੁੱਲਰ ਦਾ ਲੜਕਾ ਹੈ, ਜਿਸ ਨੂੰ ਪਿਤਾ ਦੀ ਥਾਂ ਟਿਕਟ ਮਿਲੀ ਹੈ। ਕਾਂਗਰਸ ਵਿੱਚ ਰਲੇਵਾਂ ਕਰ ਚੁੱਕੀ ਪੰਜਾਬ ਪੀਪਲਜ਼ ਪਾਰਟੀ ਦੇ ਆਗੂਆਂ ਦਰਸ਼ਨ ਲਾਲ ਮੰਗੂਪੁਰ ਨੂੰ ਬਲਾਚੌਰ ਤੋਂ ਅਤੇ ਹਰਵਿੰਦਰ ਸਿੰਘ ਲਾਡੀ ਨੂੰ ਬਠਿੰਡਾ ਦਿਹਾਤੀ ਤੋਂ ਟਿਕਟ ਮਿਲੀ ਹੈ। ਬਹੁਜਨ ਸਮਾਜ ਪਾਰਟੀ ਤੋਂ ਕਾਂਗਰਸ ਵਿੱਚ ਸ਼ਾਮਲ ਹੋਏ ਸਾਬਕਾ ਵਿਧਾਇਕ ਨਿਰਮਲ ਸਿੰਘ ਨਿੰਮਾ ਨੂੰ ਗਾਇਕ ਮੁਹੰਮਦ ਸਦੀਕ ਦੀ ਥਾਂ ਭਦੌੜ ਤੋਂ ਟਿਕਟ ਦਿਤੀ ਗਈ ਹੈ।

ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਰਾਜਾ ਵੜਿੰਗ ਨੂੰ ਉਨ੍ਹਾਂ ਦੇ ਹਲਕੇ ਗਿੱਦੜਬਾਹਾ ਅਤੇ ਮੁਕਤਸਰ ਤੋਂ ਵੀ ਮੌਜੂਦਾ ਵਿਧਾਇਕ ਕਰਨ ਬਰਾੜ ਨੂੰ ਟਿਕਟ ਦਿਤੀ ਗਈ ਹੈ, ਜਿਸ ਨਾਲ ਉਨ੍ਹਾਂ ਦੇ ਹਲਕੇ ਬਦਲੇ ਜਾਣ ਦੇ ਕਿਆਫ਼ੇ ਖ਼ਤਮ ਹੋ ਗਏ ਹਨ। ਮੌਜੂਦਾ ਵਿਧਾਇਕ ਅਮਰੀਕ ਸਿੰਘ ਢਿੱਲੋਂ ਨੂੰ ਸਮਰਾਲਾ ਤੋਂ ਟਿਕਟ ਦੇਣ ਨਾਲ ਉਨ੍ਹਾਂ ਦੇ ਪੁੱਤਰ ਜਾਂ ਪੋਤਰੇ ਨੂੰ ਟਿਕਟ ਦੇਣ ਦੇ ਕਿਆਸ ਵੀ ਮੁੱਕ ਗਏ ਹਨ। ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਅੜਿੱਕਿਆਂ ਦੇ ਬਾਵਜੂਦ ਖਰੜ ਹਲਕੇ ਤੋਂ ਟਿਕਟ ਲੈ ਗਏ ਹਨ। ਉਨ੍ਹਾਂ ਦੀ ਟਿਕਟ ਕੱਟੇ ਜਾਣ ਦੀ ਕਾਫ਼ੀ ਚਰਚਾ ਹੁੰਦੀ ਰਹੀ ਹੈ।

ਗਾਇਕ ਮੁਹੰਮਦ ਸਦੀਕ ਨੂੰ ਭਦੌੜ ਹਲਕੇ ਤੋਂ ਬਦਲ ਕੇ ਮੌਜੂਦਾ ਵਿਧਾਇਕ ਜੋਗਿੰਦਰ ਸਿੰਘ ਪੰਜਗਰਾਈਂ ਥਾਂ ਜੈਤੋ ਤੋਂ ਟਿਕਟ ਦਿਤੀ ਗਈ ਹੈ। ਬੁੱਢੇ ਮੰਡੀ ਤੋਂ ਮੌਜੂਦਾ ਵਿਧਾਇਕ ਅਜੈਬ ਸਿੰਘ ਭੱਟੀ ਨੂੰ ਵੀ ਹਲਕਾ ਬਦਲ ਕੇ ਮਲੋਟ ਰਾਖਵੇਂ ਹਲਕੇ ਤੋਂ ਮੈਦਾਨ ਵਿੱਚ ਉਤਾਰਿਆ ਹੈ। ਸਾਬਕਾ ਮੁੱਖ ਸੰਸਦੀ ਸਕੱਤਰ ਗੁਰਵਿੰਦਰ ਸਿੰਘ ਅਟਵਾਲ ਨੂੰ ਭੁਲੱਥ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਆਗੂ ਤੇ ਸਾਬਕਾ ਮੰਤਰੀ ਬੀਬੀ ਜਗੀਰ ਕੌਰ ਖ਼ਿਲਾਫ਼ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਮਰਹੂਮ ਮੰਤਰੀ ਚੌਧਰੀ ਜਗਜੀਤ ਸਿੰਘ ਦੇ ਲੜਕੇ ਸੁਰਿੰਦਰ ਨੂੰ ਕਰਤਾਰਪੁਰ ਤੋਂ ਟਿਕਟ ਦਿਤੀ ਗਈ ਹੈ। ਇਥੋਂ ਅਕਾਲੀ ਦਲ ਦੀ ਟਿਕਟ 'ਤੇ ਜਿੱਤੇ ਅਤੇ ਪਿੱਛੇ ਜਿਹੇ ਕਾਂਗਰਸ ਵਿੱਚ ਸ਼ਾਮਲ ਹੋਏ ਸਰਵਣ ਸਿੰਘ ਫਿਲੌਰ ਨੂੰ ਹੁਣ ਫਿਲੌਰ ਤੋਂ ਟਿਕਟ ਮਿਲਣ ਦੀ ਆਸ ਬਚੀ ਹੈ। ਉਥੇ ਟਿਕਟ ਲੈਣ ਲਈ ਉਨ੍ਹਾਂ ਦੀ ਟੱਕਰ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਦੇ ਲੜਕੇ ਤੇ ਪੰਜਾਬ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਵਿਕਰਮਜੀਤ ਚੌਧਰੀ ਨਾਲ ਹੋਵੇਗੀ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਦੋਵਾਂ ਵਿੱਚੋਂ ਟਿਕਟ ਕਿਸ ਨੂੰ ਮਿਲੇਗੀ। ਇਸ 16 ਉਮੀਦਵਾਰਾਂ ਦੀ ਸੂਚੀ ਵਿੱਚ ਸਿਰਫ਼ ਅਮਰਗੜ੍ਹ ਤੋਂ ਪਿਛਲੀ ਵਾਰ 4406 ਵੋਟਾਂ ਦੇ ਫਰਕ ਨਾਲ ਹਾਰੇ ਸੁਰਜੀਤ ਸਿੰਘ ਧੀਮਾਨ ਨੂੰ ਟਿਕਟ ਦੇ ਕੇ ਮੁੜ ਦਾਅ ਲਾਇਆ ਗਿਆ ਹੈ। ਗੁਰਦਾਸਪੁਰ ਹਲਕੇ ਤੋਂ ਲਗਪਗ ਦਸ ਸਾਲ ਪਹਿਲਾਂ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਏ ਗੁਰਮੀਤ ਸਿੰਘ ਪਾਹੜਾ ਦੇ ਵੱਡੇ ਲੜਕੇ ਅਤੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਬਰਿੰਦਰਜੀਤ ਸਿੰਘ ਪਾਹੜਾ ਨੂੰ ਟਿਕਟ ਨਾਲ ਨਿਵਾਜਿਆ ਹੈ, ਕਿਉਂਕਿ ਉਹ ਸਾਬਕਾ ਮੁੱਖ ਸੰਸਦੀ ਸਕੱਤਰ ਤੇ ਅਕਾਲੀ ਉਮੀਦਵਾਰ ਗੁਰਬਚਨ ਸਿੰਘ ਬੱਬੇਹਾਲੀ ਨੂੰ ਤਕੜੀ ਟੱਕਰ ਦੇਣ ਦੇ ਸਮਰੱਥ ਹੈ।



ਦਮਨ ਬਿੰਦ ਬਾਜਵਾ | ਸੁਖਪਾਲ ਭੁੱਲਰ | ਬਰਿੰਦਰਜੀਤ ਪਾਹੜਾ | ਨਿਰਮਲ ਨਿੰਮਾ
ਮੁਹੰਮਦ ਸਦੀਕ | ਜਗਮੋਹਨ ਸਿੰਘ ਕੰਗ | ਕਰਨ ਬਰਾੜ | ਸਤਨਾਮ ਕੈਂਥ

### ਤਿੰਨ-ਚਾਰ ਵਾਰ ਹੋਈ ਭੰਨ-ਤੋੜ :

ਕਾਂਗਰਸ ਦੀ ਦੂਜੀ ਸੂਚੀ ਸਭ ਤੋਂ ਪਹਿਲਾਂ 30 ਤੋਂ 35 ਉਮੀਦਵਾਰਾਂ ਦੀ ਆਉਣੀ ਸੀ, ਬਾਅਦ ਵਿੱਚ ਸੂਚੀ 25 'ਤੇ ਆ ਗਈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੋ ਦਿਨ ਪਹਿਲਾਂ ਕਿਹਾ ਸੀ ਕਿ 21 ਦੀ ਸੂਚੀ ਆਵੇਗੀ। ਸਵੇਰੇ ਸੂਚੀ 19 ਦੀ ਹੋ ਗਈ ਤੇ ਜਾਰੀ ਹੋਣ ਤੱਕ 16 ਦੀ ਰਹਿ ਗਈ। ਇਸ ਤੋਂ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਮੀਦਵਾਰਾਂ ਚੋਣ ਕਰਨ ਮੌਕੇ ਕਿਸ ਕਦਰ ਖਿਚਾਈ ਹੋ ਰਹੀ ਹੈ।

### ਧੀਮਾਨ ਨੇ ਮਚਾਈ ਖਲਬਲੀ :

ਇਸ ਦੌਰਾਨ ਕਾਂਗਰਸ ਦੇ ਸਾਬਕਾ ਵਿਧਾਇਕ ਸੁਰਜੀਤ ਧੀਮਾਨ ਨੇ ਫੇਸਬੁੱਕ 'ਤੇ ਸੰਦੇਸ਼ ਪਾਇਆ ਕਿ ਉਸ ਦੇ ਪਰਿਵਾਰ ਨੇ ਇਸ ਵਾਰ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ। ਦੂਜੇ ਪਾਸੇ ਕਾਂਗਰਸ ਦੇ 16 ਉਮੀਦਵਾਰਾਂ ਦੀ ਸੂਚੀ ਵਿੱਚ ਧੀਮਾਨ ਨੂੰ ਅਮਰਗੜ੍ਹ ਤੋਂ ਉਮੀਦਵਾਰ ਐਲਾਨਿਆ ਗਿਆ। ਪਤਾ ਲੱਗਿਆ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਸ ਸੰਦੇਸ਼ ਬਾਰੇ ਉਨ੍ਹਾਂ ਨਾਲ ਸੰਪਰਕ ਕੀਤਾ, ਜਿਸ ਮਗਰੋਂ ਧੀਮਾਨ ਨੇ ਫੇਸਬੁੱਕ 'ਤੇ ਪਾਇਆ ਸੰਦੇਸ਼ ਹਟਾ ਦਿੱਤਾ।

# ਅਕਾਲੀ ਆਗੂ ਸ਼ੇਰ ਸਿੰਘ ਘੁਬਾਇਆ ਦਾ ਮੁੰਡਾ ਤੇ ਭਰਾ ਕਾਂਗਰਸ 'ਚ ਸ਼ਾਮਲ

## *.ਫਾਜ਼ਿਲਕਾ ਤੋਂ ਲੜ ਸਕਦਾ ਹੈ ਚੋਣ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਫਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਲੜਕਾ ਦਵਿੰਦਰ ਸਿੰਘ ਘੁਬਾਇਆ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਆਪਣੇ ਚਾਚੇ ਮੁਨਸ਼ਾ ਸਿੰਘ ਘੁਬਾਇਆ ਤੇ ਹੋਰਨਾਂ ਸਾਥੀਆਂ ਸਮੇਤ ਬਿਨਾਂ ਸ਼ਰਤ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਕਾਂਗਰਸ ਵੱਲੋਂ ਦਵਿੰਦਰ ਸਿੰਘ ਘੁਬਾਇਆ ਨੂੰ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰੇ ਜਾਣ ਦੀ ਸੰਭਾਵਨਾ ਹੈ।

ਸੂਤਰਾਂ ਮੁਤਾਬਕ ਸੀਟ ਦਾ ਫ਼ੈਸਲਾ ਹੋਣ ਮਗਰੋਂ ਹੀ ਉਹ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਫਿਰੋਜ਼ਪੁਰ ਤੇ ਖਾਸ ਕਰਕੇ ਜਲਾਲਾਬਾਦ ਕਸਬੇ ਦੀ ਅਫਸਰਸ਼ਾਹੀ ਵਿੱਚ ਕੋਈ ਸੁਣਵਾਈ ਨਾ ਹੋਣ ਕਰਕੇ ਪਾਰਟੀ ਲੀਡਰਸ਼ਿਪ ਤੋਂ ਨਾਰਾਜ਼ ਸਨ ਤੇ ਇਸੇ ਕਰਕੇ ਹੀ ਉਨ੍ਹਾਂ ਦੇ ਲੜਕੇ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਸ ਦੌਰਾਨ ਅਕਾਲੀ ਭਾਜਪਾ ਸਰਕਾਰ ਨੇ ਰਾਏ ਸਿੱਖ ਭਾਈਚਾਰੇ ਨੂੰ ਦੂਰ ਜਾਣ ਤੋਂ ਰੋਕਣ ਲਈ ਭਾਈਚਾਰੇ ਨਾਲ ਸਬੰਧਤ ਸੰਪੂਰਨ ਸਿੰਘ ਨੂੰ ਰਾਏ ਸਿੱਖ ਭਾਈਚਾਰਾ ਬੋਰਡ ਦਾ ਚੇਅਰਮੈਨ ਥਾਪ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਪ੍ਰਵਾਨਗੀ ਮਿਲਣ ਮਗਰੋਂ ਦਵਿੰਦਰ ਸਿੰਘ ਘੁਬਾਇਆ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ ਤੇ ਜੇਕਰ ਉਸ ਨੂੰ ਟਿਕਟ ਦਿੱਤੀ ਜਾਂਦੀ ਹੈ ਤਾਂ ਉਹ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਵਾਲਾ ਸਭ ਤੋਂ ਨੌਜਵਾਨ ਚਿਹਰਾ ਹੋਵੇਗਾ। ਕੈਪਟਨ ਨੇ ਕਿਹਾ ਕਿ ਘੁਬਾਇਆ ਅਤੇ ਹੋਰਨਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਇਹ ਗੱਲ ਸਾਬਤ ਹੋ ਗਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ ਨੇ ਰੱਦ ਕਰ ਦਿੱਤਾ ਹੈ ਤੇ ਲੋਕ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਦਸ ਸਾਲ ਦੇ ਰਾਜ ਭਾਗ ਤੋਂ ਤੰਗ ਆ ਚੁੱਕੇ ਹਨ। ਆਈਆਈਟੀ ਰੁੜਕੀ ਤੋਂ ਗਰੈਜੂਏਟ ਦਵਿੰਦਰ ਸਿੰਘ ਘੁਬਾਇਆ ਨੇ ਕਿਹਾ ਕਿ ਉਹ ਪੰਜਾਬ ਦੇ ਭਲੇ ਲਈ ਕੰਮ ਕਰਨਾ ਚਾਹੁੰਦਾ ਹੈ ਤੇ ਕਾਂਗਰਸ ਪਾਰਟੀ ਹੀ ਸੂਬੇ ਦੀ ਭਲਾਈ ਯਕੀਨੀ ਬਣਾ ਸਕਦੀ ਹੈ। ਘੁਬਾਇਆ ਰਾਇ ਸਿੱਖ ਭਾਈਚਾਰੇ ਨਾਲ ਸਬੰਧਤ ਹਨ ਤੇ ਇਸ ਦਾ ਫਿਰੋਜ਼ਪੁਰ ਵਿੱਚ ਕਾਫੀ ਆਧਾਰ ਹੈ ਤੇ ਕਈ ਸੀਟਾਂ ਦੇ ਨਤੀਜੇ ਬਦਲਣ ਦੀ ਸਮਰੱਥਾ ਰੱਖਦੀ ਹੈ। ਜਲਾਲਾਬਾਦ, ਗੁਰੂਹਰਸਹਾਏ, ਫਾਜ਼ਿਲਕਾ ਸਮੇਤ ਕਈ ਹਲਕਿਆਂ ਵਿੱਚ ਭਾਈਚਾਰੇ ਦੀ ਅਹਿਮ ਭੂਮਿਕਾ ਹੋਵੇਗੀ।



ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਵੀਂ ਦਿੱਲੀ ਵਿੱਚ ਦਵਿੰਦਰ ਸਿੰਘ ਘੁਬਾਇਆ ਨੂੰ ਕਾਂਗਰਸ ਵਿੱਚ ਸ਼ਾਮਲ ਕਰਦੇ ਹੋਏ।

### ਕੈਪਟਨ ਬੋਲੇ-ਸਿੱਧੂ ਜੋੜੇ ਵਿਚੋਂ ਸਿਰਫ਼ ਇੱਕ ਨੂੰ ਹੀ ਟਿਕਟ :

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇੱਕੋ ਪਰਿਵਾਰ ਦੇ ਦੋ ਵਿਅਕਤੀਆਂ ਨੂੰ ਟਿਕਟ ਨਾ ਦੇਣ ਦੇ ਨਿਯਮ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਵਜੋਤ ਸਿੰਘ ਸਿੱਧੂ ਜਾਂ ਉਨ੍ਹਾਂ ਦੀ ਧਰਮ ਪਤਨੀ ਵਿੱਚੋਂ ਇੱਕ ਨੂੰ ਹੀ ਟਿਕਟ ਦਿੱਤੀ ਜਾਵੇਗੀ, ਪਰ ਦੋਵਾਂ ਵਿੱਚੋਂ ਕਿਸ ਨੇ ਚੋਣ ਲੜਨੀ ਹੈ ਇਹ ਫ਼ੈਸਲਾ ਇਸ ਜੋੜੇ ਨੇ ਕਰਨਾ ਹੈ। ਕੈਪਟਨ ਨੇ ਕਿਹਾ ਕਿ ਪਾਰਟੀ ਨੇ ਉਮੀਦਵਾਰਾਂ ਦੀ ਦੂਜੀ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਤੇ ਇਸ ਨੂੰ ਜਲਦੀ ਹੀ ਜਾਰੀ ਕੀਤਾ ਜਾਵੇਗਾ।

# ਮੈਂ ਅਕਾਲੀ ਦਲ ਦੇ ਉਮੀਦਵਾਰਾਂ ਲਈ ਹਰਗਿਜ਼ ਪ੍ਰਚਾਰ ਨਹੀਂ ਕਰਾਂਗਾ : ਘੁਬਾਇਆ

**ਫਿਰੋਜ਼ਪੁਰ/ਬਿਊਰੋ ਨਿਊਜ਼ :** ਫਿਰੋਜ਼ਪੁਰ ਹਲਕੇ ਤੋਂ ਅਕਾਲੀ ਦਲ ਦੇ ਐਮਪੀ ਸ਼ੇਰ ਸਿੰਘ ਘੁਬਾਇਆ ਖੁੱਲ੍ਹੇਆਮ ਹਾਕਮ ਪਾਰਟੀ ਤੇ ਖ਼ਾਸਕਾਰ 'ਬਾਦਲਾਂ' ਖ਼ਿਲਾਫ ਭੜਾਸ ਕੱਢ ਰਹੇ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਲਈ ਉਨ੍ਹਾਂ ਦੇ ਪਰਿਵਾਰ ਨੂੰ ਟਿਕਟ ਦੇਣ ਦਾ ਆਪਣਾ ਵਾਅਦਾ ਨਹੀਂ ਨਿਭਾਇਆ। ਉਨ੍ਹਾਂ ਕਿਹਾ, "ਮੇਰੀ ਵਰ੍ਹਿਆਂ



ਦੀ ਵਫ਼ਾਦਾਰੀ ਦੇ ਬਾਵਜੂਦ ਮੈਨੂੰ ਬਿਲਕੁਲ ਹੀ ਲਾਂਭੇ ਕਰ ਦਿੱਤਾ ਗਿਆ।" ਉਨ੍ਹਾਂ ਕਿਹਾ ਕਿ ਉਹ ਚੋਣਾਂ ਵਿੱਚ ਦਲ ਦੇ ਉਮੀਦਵਾਰਾਂ ਲਈ ਹਰਗਿਜ਼ ਪ੍ਰਚਾਰ ਨਹੀਂ ਕਰਨਗੇ ਤੇ ਘਰ 'ਬੈਠਣਾ' ਪਸੰਦ ਕਰਨਗੇ। ਗ਼ੌਰਤਲਬ ਹੈ ਕਿ ਹਾਲੇ ਤੱਕ ਨਾ ਤਾਂ ਅਕਾਲੀ ਦਲ ਨੇ ਉਨ੍ਹਾਂ ਨੂੰ ਕੋਈ ਨੋਟਿਸ ਭੇਜਿਆ ਹੈ ਤੇ ਨਾ ਹੀ ਉਨ੍ਹਾਂ ਸੰਸਦ ਮੈਂਬਰੀ ਤੋਂ ਅਸਤੀਫ਼ਾ ਦਿੱਤਾ ਹੈ, ਜਦੋਂਕਿ ਪਿਛਲੇ ਦਿਨੀਂ ਉਨ੍ਹਾਂ ਦਾ ਪੁੱਤਰ ਦਵਿੰਦਰਪਾਲ ਸਿੰਘ ਤੇ ਭਰਾ ਮੁਨਸ਼ਾ ਸਿੰਘ ਦਿੱਲੀ ਵਿਚ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ। ਉਨ੍ਹਾਂ ਕਿਹਾ, "ਜਦੋਂ ਮੈਨੂੰ ਹੀ ਮੇਰਾ ਬਣਦਾ ਹੱਕ ਨਹੀਂ ਮਿਲ ਰਿਹਾ ਤਾਂ ਮੈਂ ਆਪਣੇ ਪਰਿਵਾਰ ਲਈ ਕੀ ਉਮੀਦ ਕਰ ਸਕਦਾ ਹਾਂ।" ਜਦੋਂ ਉਨ੍ਹਾਂ ਦੇ ਪਰਿਵਾਰ ਵੱਲੋਂ ਕਾਂਗਰਸ ਵਿੱਚ ਜਾਣ ਦੀਆਂ ਖ਼ਬਰਾਂ ਆਈਆਂ ਤਾਂ ਸਰਕਾਰ ਨੇ ਉਨ੍ਹਾਂ ਦਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ। ਵਿਜੀਲੈਂਸ ਬਿਊਰੋ ਨੇ ਉਨ੍ਹਾਂ ਦੇ ਇੰਜਨੀਅਰਿੰਗ ਕਾਲਜ ਖ਼ਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਦੀ ਪਤਨੀ ਖ਼ਿਲਾਫ ਵੀ ਕੇਸ ਦਰਜ ਕੀਤਾ ਗਿਆ। ਗ਼ੌਰਤਲਬ ਹੈ ਕਿ ਰਾਏ ਸਿੱਖ ਭਾਈਚਾਰੇ ਨਾਲ ਸਬੰਧਤ ਸ੍ਰੀ ਘੁਬਾਇਆ ਨੇ ਰਾਏ ਸਿੱਖਾਂ ਦੀ ਭਾਰੀ ਆਬਾਦੀ ਵਾਲੇ ਜਲਾਲਾਬਾਦ ਵਿਧਾਨ ਸਭਾ ਹਲਕੇ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਾਸਤੇ ਖ਼ਾਲੀ ਕੀਤਾ ਸੀ, ਤਾਂ ਕਿ ਉਹ ਵਿਧਾਨ ਸਭਾ ਵਿੱਚ ਪੁੱਜ ਸਕਣ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਬਾਵਜੂਦ ਸੁਖਬੀਰ ਸਿੰਘ ਬਦਾਲ ਨੇ ਕਈ ਵਾਰ ਉਨ੍ਹਾਂ ਦੇ ਬੇਇੱਜ਼ਤੀ ਕੀਤੀ।

# ਕਾਂਗਰਸ ਦੇ ਬਾਗੀਆਂ 'ਤੇ ਸੁਖਬੀਰ ਬਾਦਲ ਨੇ ਲਾਇਆ ਨਿਸ਼ਾਨਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਚੋਣ ਨੂੰ ਪ੍ਰਬੰਧਕੀ ਖੇਡ ਵਜੋਂ ਦੇਖਣ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਖੇਡ ਸ਼ੁਰੂ ਕਰ ਦਿੱਤੀ ਹੈ। ਕਾਂਗਰਸ ਦੀ ਟਿਕਟ ਨਾ ਮਿਲਣ ਵਾਲੇ ਆਗੂਆਂ ਦੀ ਨਾਰਾਜ਼ਗੀ ਦੀ ਟੋਹ ਲਗਾਉਣ ਦੀ ਰਣਨੀਤੀ ਤਹਿਤ ਉਨ੍ਹਾਂ ਵੱਲੋਂ ਬਾਗੀਆਂ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ।

ਸੀਨੀਅਰ ਪੱਤਰਕਾਰ ਹਮੀਰ ਸਿੰਘ ਵਲੋਂ ਹਾਸਲ ਸੂਤਰਾਂ ਅਨੁਸਾਰ 'ਆਪ' ਅਤੇ ਕਾਂਗਰਸ ਦੇ ਵੱਧ ਤੋਂ ਵੱਧ ਬਾਗੀਆਂ ਨੂੰ ਪ੍ਰੇਰਿਤ ਕਰਕੇ ਅਤੇ ਉਨ੍ਹਾਂ ਲਈ ਪਰਦੇ ਪਿੱਛੋਂ ਸਮਰਥਨ ਮੁਹੱਈਆ ਕਰਵਾ ਕੇ ਅਕਾਲੀ-ਭਾਜਪਾ ਖਿਲਾਫ਼ ਪੈਦਾ ਹੋਈਆਂ ਸੱਤਾ ਵਿਰੋਧੀ ਭਾਵਨਾਵਾਂ ਨੂੰ ਵੰਡਣ ਦੀ ਰਣਨੀਤੀ ਸੁਖਬੀਰ ਬਾਦਲ ਦੀ ਸਿਆਸੀ ਖੇਡ ਦਾ ਹਿੱਸਾ ਹੈ। ਸੂਤਰਾਂ ਅਨੁਸਾਰ ਕਾਂਗਰਸ ਵੱਲੋਂ ਪਹਿਲੀ 61 ਉਮੀਦਵਾਰਾਂ ਦੀ ਸੂਚੀ ਵਿੱਚ ਤਾਂ ਜ਼ਿਆਦਾਤਰ ਉਨ੍ਹਾਂ ਉਮੀਦਵਾਰਾਂ ਦੇ ਨਾਮ ਐਲਾਨੇ ਗਏ ਸਨ, ਜਿਨ੍ਹਾਂ 'ਤੇ ਲਗਭਗ ਸਹਿਮਤੀ ਸੀ। ਇਸੇ ਕਰਕੇ ਇਨ੍ਹਾਂ ਸੀਟਾਂ 'ਤੇ ਬਹੁਤ ਘੱਟ ਬਾਗੀ ਸੁਰਾਂ ਦਿਖਾਈ ਦਿੱਤੀਆਂ ਹਨ। 16 ਉਮੀਦਵਾਰਾਂ ਦੀ ਦੂਸਰੀ ਸੂਚੀ ਵਿੱਚ ਇਹ ਸੁਰਾਂ ਉੱਠਣ ਲੱਗੀਆਂ ਹਨ। ਸੁਖਬੀਰ ਨੇ ਖੁਦ ਕਈਆਂ ਨੂੰ ਫੋਨ ਕਰਕੇ ਉਨ੍ਹਾਂ ਨੂੰ ਟਿਕਟ ਨਾ ਮਿਲਣ ਉੱਤੇ ਅਫਸੋਸ ਜ਼ਾਹਰ ਕਰਕੇ ਨਾਰਾਜ਼ਗੀ ਦਾ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਟਿਕਟ ਨਾ ਮਿਲਣ ਵਾਲੇ ਇੱਕ ਕਾਂਗਰਸ ਆਗੂ ਨੇ ਸੁਖਬੀਰ ਬਾਦਲ ਵੱਲੋਂ ਕੀਤੇ ਗਏ ਫੋਨ ਦੀ ਪੁਸ਼ਟੀ ਕੀਤੀ ਹੈ। ਕਈ ਹੋਰਾਂ ਨਾਲ ਉਸ ਦੀ ਟੀਮ ਦੇ ਮੈਂਬਰ ਵੀ ਸੰਪਰਕ ਬਣਾ ਰਹੇ ਹਨ।

ਸੂਤਰਾਂ ਅਨੁਸਾਰ ਕਾਂਗਰਸ ਪਾਰਟੀ ਦੇ 16 ਉਮੀਦਵਾਰਾਂ ਵਿੱਚ ਦੋ ਵਿਧਾਇਕਾਂ ਬੰਗਾ ਤੋਂ ਪੁਰਾਣੇ ਕਾਂਗਰਸੀ ਆਗੂ ਚੌਧਰੀ ਜਗਤ ਰਾਮ ਦੇ ਬੇਟੇ ਅਤੇ ਮੌਜੂਦਾ ਵਿਧਾਇਕ ਤਰਲੋਚਨ ਸਿੰਘ ਸੂੰਢ ਅਤੇ ਜੈਤੋ ਤੋਂ ਵਿਧਾਇਕ



ਜੋਗਿੰਦਰ ਸਿੰਘ ਪੰਜਗਰਾਈਆਂ ਦੀ ਟਿਕਟ ਕੱਟੀ ਗਈ ਹੈ। ਸੂੰਢ ਟਕਸਾਲੀ ਕਾਂਗਰਸੀ ਪਰਿਵਾਰ ਨਾਲ ਸਬੰਧਤ ਹੈ। ਵਿਧਾਨ ਸਭਾ ਦੌਰਾਨ ਵੀ ਅਕਾਲੀ ਦਲ ਖਿਲਾਫ਼ ਸਭ ਤੋਂ ਵੱਧ ਬੋਲਣ ਵਾਲਿਆਂ ਵਿੱਚ ਸੂੰਢ ਸ਼ਾਮਲ ਸੀ। ਬੰਗਾ ਸੀਟ ਬਹੁਜਨ ਸਮਾਜ ਪਾਰਟੀ ਦੀ ਟਿਕਟ ਤੋਂ 1992 ਵਿੱਚ ਪਹਿਲੀ ਵਾਰ ਵਿਧਾਇਕ ਅਤੇ ਬਾਅਦ ਵਿੱਚ ਸੰਸਦ ਮੈਂਬਰ ਜਿੱਤੇ ਅਤੇ ਪਿਛਲੀਆਂ ਚੋਣਾਂ ਤੋਂ ਕਾਂਗਰਸ ਵਿੱਚ ਸ਼ਾਮਲ ਸਤਨਾਮ ਕੈਂਥ ਨੂੰ ਟਿਕਟ ਦਿੱਤੀ ਹੈ। ਕੈਂਥ 2012 ਦੀ ਵਿਧਾਨ ਸਭਾ ਚੋਣ ਦੌਰਾਨ ਆਦਮਪੁਰ ਤੋਂ ਕਾਂਗਰਸ ਟਿਕਟ ਉੱਤੇ ਚੋਣ ਹਾਰ ਗਏ ਸਨ। ਸੂਤਰਾਂ ਅਨੁਸਾਰ ਪਾਰਟੀ ਦੇ ਐਕਟਿੰਗ ਪ੍ਰਧਾਨ ਰਹੇ ਮੋਹਿੰਦਰ ਸਿੰਘ ਕੇਪੀ ਆਦਮਪੁਰ ਤੋਂ ਚੋਣ ਲੜਨਾ ਚਾਹੁੰਦੇ ਹਨ। ਜੋਗਿੰਦਰ ਸਿੰਘ ਪੰਜਗਰਾਈਆਂ ਫਰੀਦਕੋਟ ਤੋਂ ਕਾਂਗਰਸ ਦੇ ਲੋਕ ਸਭਾ ਚੋਣਾਂ ਦੌਰਾਨ ਵੀ ਉਮੀਦਵਾਰ ਸਨ। ਉਹ 'ਆਪ' ਦੇ ਪ੍ਰੋਫੈਸਰ ਸਾਧੂ ਸਿੰਘ ਤੋਂ ਚੋਣ ਹਾਰੇ ਸਨ। ਇਨ੍ਹਾਂ ਦੇ ਵੀ ਚੋਣ ਲੜਨ ਦੀ ਸੰਭਾਵਨਾ ਹੈ। ਜੋਗਿੰਦਰ ਸਿੰਘ ਦੀ ਸੀਟ ਜੈਤੋ ਤੇ ਟਿਕਟ ਭਦੌੜ ਤੋਂ ਵਿਧਾਇਕ ਅਤੇ ਪੰਜਾਬ ਦੇ ਮਸ਼ਹੂਰ ਗਾਇਕ ਮੁਹੰਮਦ ਸਦੀਕ ਨੂੰ ਦੇ ਦਿੱਤੀ ਗਈ ਹੈ।

ਸੁਨਾਮ ਤੋਂ ਰਜਿੰਦਰ ਦੀਪਾ ਟਿਕਟ ਦਾ ਵੱਡਾ ਦਾਅਵੇਦਾਰ ਸੀ ਪਰ ਟਿਕਟ ਲਈ ਯੂਥ ਕਾਂਗਰਸ ਆਗੂ ਦਮਨ ਥਿੰਦ ਬਾਜਵਾ ਬਾਜ਼ੀ ਮਾਰ ਗਈ ਹੈ। ਦੀਪਾ ਵੀ ਆਜ਼ਾਦ ਚੋਣ ਲੜਨ ਲਈ ਪਰ ਤੋਲ ਰਹੇ ਹਨ। ਅਕਾਲੀ ਦਲ ਸਮੇਤ ਪ੍ਰਮੁੱਖ ਪਾਰਟੀਆਂ ਨੇ ਦੂਸਰੀਆਂ ਪਾਰਟੀਆਂ ਤੋਂ ਆਏ ਆਗੂਆਂ ਨੂੰ ਟਿਕਟਾਂ ਦੇਣ ਦੀ ਰਣਨੀਤੀ ਅਪਣਾਈ ਹੋਈ ਹੈ। ਇਸ ਨਾਲ ਸਥਾਨਕ ਆਗੂਆਂ ਵਿੱਚ ਨਾਰਾਜ਼ਗੀ ਸੁਭਾਵਿਕ ਹੈ। ਕਾਂਗਰਸ ਵੱਲੋਂ ਬਾਹਰੀ ਆਗੂਆਂ ਦੇ ਮੁੱਦੇ ਉੱਤੇ ਅਜੇ ਵੀ ਰੇੜਕਾ ਜਾਰੀ ਹੈ। ਇਸੇ ਕਰਕੇ ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ, ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਦੀਆਂ ਟਿਕਟਾਂ ਸਮੇਤ ਬਾਕੀ ਅਜੇ ਤੱਕ ਜਾਰੀ ਨਹੀਂ ਹੋਈਆਂ। ਇਨ੍ਹਾਂ ਨੂੰ ਟਿਕਟ ਮਿਲਣ ਨਾਲ ਪਾਰਟੀ ਦੇ ਆਪਣੇ ਆਗੂਆਂ ਦੀ ਬਗਾਵਤ ਦਾ ਡਰ ਵੀ ਪਾਰਟੀ ਨੂੰ ਸਤਾ ਰਿਹਾ ਹੈ। ਇਸ ਲਈ ਅਗਲੀ ਸੂਚੀ ਹੋਰ ਵੀ ਬਗਾਵਤੀ ਸੁਰਾਂ ਵਾਲੀ ਹੋਵੇਗੀ।

ਇੱਕ ਕਾਂਗਰਸ ਆਗੂ ਨੇ ਕਿਹਾ ਕਿ ਪਿਛਲੀਆਂ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਲਗਭਗ ਦੋ ਦਰਜਨ ਦੇ ਕਰੀਬ ਬਾਗੀ ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਇਨ੍ਹਾਂ ਨੂੰ ਚੋਣ ਮੁਹਿੰਮ ਚਲਾਉਣ ਲਈ ਸੱਤਾਧਾਰੀ ਧਿਰ ਮੱਦਦ ਕਰਦੀ ਰਹੀ ਹੈ। ਕਾਂਗਰਸ ਹਾਈਕਮਾਨ ਨੇ ਖੁਦ ਵੀ ਇਨ੍ਹਾਂ ਨੂੰ ਬਿਠਾਉਣ ਲਈ ਗੰਭੀਰ ਯਤਨ ਨਹੀਂ ਕੀਤੇ ਸਨ। ਇਹ ਮੰਨਿਆ ਜਾ ਰਿਹਾ ਹੈ ਕਿ ਕਾਂਗਰਸ ਦੀ ਸਰਕਾਰ ਬਣਨੋਂ ਰਹਿਣ ਵਿੱਚ ਇਹ ਵੀ ਇੱਕ ਵੱਡਾ ਪਹਿਲੂ ਰਿਹਾ ਸੀ। ਬਾਗੀ ਅਕਾਲੀਆਂ ਦੇ ਵੀ ਸਨ ਪਰ ਉਨ੍ਹਾਂ ਵਿੱਚੋਂ ਬੈਂਸ ਭਰਾਵਾਂ ਨੂੰ ਛੱਡ ਕੇ ਬਾਕੀ ਕੋਲ ਸਾਧਨਾਂ ਦੀ ਘਾਟ ਕਰਕੇ ਚੋਣ ਮੁਹਿੰਮ ਚਲਾਉਣ ਦੀ ਹੈਸੀਅਤ ਘੱਟ ਸੀ।

# ਅਕਾਲੀ ਦਲ ਨੇ ਤਿੰਨ ਹੋਰ ਸੀਟਾਂ ਤੋਂ ਉਮੀਦਵਾਰ ਐਲਾਨੇ

## *ਬਾਦਲਾਂ ਦੀਆਂ ਟਿਕਟਾਂ ਦਾ ਐਲਾਨ ਅਜੇ ਨਹੀਂ ਕੀਤਾ*

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਤਿੰਨ ਹੋਰ ਸੀਟਾਂ ਤੋਂ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦਫ਼ਤਰ ਤੋਂ ਜਾਰੀ ਕੀਤੇ ਬਿਆਨ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਮਲੋਟ ਵਿਧਾਨ ਸਭਾ ਹਲਕੇ ਤੋਂ



ਦਰਸ਼ਨ ਸਿੰਘ ਕੋਟਫੱਤਾ ਪਾਰਟੀ ਦੇ ਉਮੀਦਵਾਰ ਹੋਣਗੇ। ਭੁੱਚੋ ਤੋਂ ਹਰਪ੍ਰੀਤ ਸਿੰਘ ਅਤੇ ਬਠਿੰਡਾ (ਦਿਹਾਤੀ) ਤੋਂ ਅਮਿਤ ਰਤਨ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜਨਗੇ। ਹਾਕਮ ਪਾਰਟੀ ਨੇ ਕੋਟਫੱਤਾ ਤੇ ਹਰਪ੍ਰੀਤ ਸਿੰਘ ਦੇ ਹਲਕਿਆਂ ਵਿੱਚ ਤਬਦੀਲੀ ਕੀਤੀ ਹੈ। ਸਾਲ 2012 ਦੀਆਂ ਚੋਣਾਂ ਦੌਰਾਨ ਹਰਪ੍ਰੀਤ ਸਿੰਘ ਨੇ ਮਲੋਟ ਅਤੇ ਕੋਟਫੱਤਾ ਨੇ ਬਠਿੰਡਾ (ਦਿਹਾਤੀ) ਤੋਂ ਚੋਣ ਲੜੀ ਸੀ ਤੇ ਜੇਤੂ ਰਹੇ ਸਨ। ਦਲ ਨੇ ਬਠਿੰਡਾ (ਦਿਹਾਤੀ) ਤੋਂ ਨਵਾਂ ਚਿਹਰਾ ਮੈਦਾਨ ਵਿੱਚ ਉਤਾਰਿਆ ਹੈ। ਉਪ ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਭਾਜਪਾ ਨਾਲ ਗੱਠਜੋੜ ਦੀ ਸਹਿਮਤੀ ਅਨੁਸਾਰ ਬਾਕੀ ਰਹਿੰਦੀਆਂ 9 ਸੀਟਾਂ 'ਤੇ ਵੀ ਆਪਣੇ ਉਮੀਦਵਾਰਾਂ ਦਾ ਜਲਦੀ ਐਲਾਨ ਕਰੇਗੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਦੀਆਂ ਟਿਕਟਾਂ ਦਾ ਐਲਾਨ ਅਜੇ ਨਹੀਂ ਕੀਤਾ ਗਿਆ।

# ਜਗਪਾਲ ਸਿੰਘ ਸੰਧੂ ਹੋਣਗੇ ਪੰਜਾਬ ਦੇ ਅਗਲੇ ਸਟੇਟ ਚੋਣ ਕਮਿਸ਼ਨਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਵੱਲੋਂ ਰਾਜ ਦੇ ਮੌਜੂਦਾ ਵਧੀਕ ਮੁੱਖ ਸਕੱਤਰ ਗ੍ਰਹਿ ਸ. ਜਗਪਾਲ ਸਿੰਘ ਸੰਧੂ ਨੂੰ ਸੂਬੇ ਦਾ ਅਗਲਾ ਸਟੇਟ ਚੋਣ ਕਮਿਸ਼ਨਰ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਵੱਲੋਂ ਉਕਤ ਨਿਯੁਕਤੀ ਲਈ ਪ੍ਰਵਾਨਗੀ ਦੇ ਕੇ ਤਜਵੀਜ਼ ਰਾਜਪਾਲ ਦੀ ਪ੍ਰਵਾਨਗੀ ਲਈ ਭੇਜ ਦਿੱਤੀ ਗਈ ਸੀ ਅਤੇ ਰਾਜਪਾਲ ਦੀ ਪ੍ਰਵਾਨਗੀ ਮਿਲਣ ਨਾਲ ਰਾਜ ਸਰਕਾਰ ਵੱਲੋਂ ਇਸ ਸਬੰਧੀ ਬਾਕਾਇਦਾ ਨੋਟੀਫਿਕੇਸ਼ਨ ਇਕ-ਦੋ ਦਿਨਾਂ ਵਿਚ ਜਾਰੀ ਕਰ ਦਿੱਤਾ ਜਾਵੇਗਾ। ਰਾਜ ਦੇ ਮੌਜੂਦਾ ਸਟੇਟ ਚੋਣ ਕਮਿਸ਼ਨਰ ਸ. ਸ਼ਵਿੰਦਰ ਸਿੰਘ ਬਰਾੜ ਜਿਨ੍ਹਾਂ ਦੀ ਨਿਯੁਕਤੀ ਦਸੰਬਰ 2011 ਵਿਚ ਹੋਈ ਸੀ, ਦਾ 5 ਸਾਲ ਦਾ ਕਾਰਜਕਾਲ ਪੂਰਾ ਹੋ ਗਿਆ ਹੈ। ਇਸ ਲਈ ਸਰਕਾਰ ਲਈ ਇਸ ਅਹੁਦੇ 'ਤੇ ਨਿਯੁਕਤੀ ਕਰਨਾ ਜ਼ਰੂਰੀ ਹੋ ਗਿਆ ਸੀ। ਸ. ਜਗਪਾਲ ਸਿੰਘ ਸੰਧੂ ਜੋ ਕਿ 1983



ਬੈਚ ਦੇ ਆਈ. ਏ. ਐਸ. ਅਧਿਕਾਰੀ ਹਨ। ਆਪਣੇ 60 ਸਾਲ ਦੇ ਸੇਵਾਕਾਲ ਤੋਂ ਬਾਅਦ 28 ਫਰਵਰੀ 2017 ਨੂੰ ਸੇਵਾਮੁਕਤ ਹੋਣ ਵਾਲੇ ਹਨ ਪਰ ਉਕਤ ਨਿਯੁਕਤੀ ਕਾਰਨ ਉਨ੍ਹਾਂ ਵੱਲੋਂ ਆਪਣੇ ਅਹੁਦੇ ਤੋਂ ਹੁਣ ਅਸਤੀਫਾ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਨਵੀਂ ਨਿਯੁਕਤੀ ਦਾ ਚਾਰਜ ਸੰਭਾਲ ਸਕਣ। ਸ. ਜਗਪਾਲ ਸਿੰਘ ਦੀ ਉਕਤ ਨਿਯੁਕਤੀ ਵੀ 5 ਸਾਲਾਂ ਲਈ ਹੋਵੇਗੀ। ਵਰਨਣਯੋਗ ਹੈ ਕਿ ਸਟੇਟ ਚੋਣ ਕਮਿਸ਼ਨਰ ਰਾਜ ਦੀਆਂ ਵਿਧਾਨ ਸਭਾ, ਲੋਕ ਸਭਾ ਤੇ ਰਾਜ ਸਭਾ ਚੋਣਾਂ ਤੋਂ ਇਲਾਵਾ ਰਾਜ ਵਿਚ ਹੋਣ ਵਾਲੀਆਂ ਦੂਜੀਆਂ ਸਾਰੀਆਂ ਚੋਣਾਂ ਨੂੰ ਕਰਾਉਣ ਵਾਲੀ ਖ਼ੁਦਮੁਖਤਿਆਰ ਅਥਾਰਟੀ ਹੈ, ਜਿਸ ਵੱਲੋਂ ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ, ਨਗਰ ਪੰਚਾਇਤਾਂ, ਮਿਊਂਸਪਲ ਕਾਰਪੋਰੇਸ਼ਨ ਚੋਣਾਂ, ਮਿਊਂਸਪੈਲਟੀਆਂ ਤੇ ਪੰਚਾਇਤਾਂ ਦੀਆਂ ਚੋਣਾਂ ਸਮੇਤ ਸਾਰੀਆਂ ਸਥਾਨਕ ਪੱਧਰ ਦੀਆਂ ਚੋਣਾਂ ਕਰਵਾਈਆਂ ਜਾਂਦੀਆਂ ਹਨ। ਰਾਜ ਸਰਕਾਰ ਵੱਲੋਂ ਉਨ੍ਹਾਂ ਦੀ ਨਿਯੁਕਤੀ ਸਬੰਧੀ ਬਕਾਇਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਸ. ਜਗਪਾਲ ਸਿੰਘ ਸੰਧੂ ਨੂੰ ਰਾਜਪਾਲ ਪੰਜਾਬ ਵੱਲੋਂ ਉਨ੍ਹਾਂ ਦੇ ਨਵੇਂ ਅਹੁਦੇ ਦੀ ਸਹੁੰ ਚੁਕਾਈ ਜਾਵੇਗੀ ਤੇ ਰਾਜ ਸਰਕਾਰ ਇਸ ਸਬੰਧੀ ਸਮੁੱਚੀ ਪ੍ਰਕਿਰਿਆ ਨੂੰ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਹੀ ਪੂਰਾ ਕਰਨਾ ਚਾਹੁੰਦੀ ਹੈ। ਰਾਜ ਸਰਕਾਰ ਵੱਲੋਂ ਉਨ੍ਹਾਂ ਦੀ ਥਾਂ ਰਾਜ ਦੇ ਨਵੇਂ ਗ੍ਰਹਿ ਸਕੱਤਰ ਦੀ ਨਿਯੁਕਤੀ ਸਬੰਧੀ ਵੀ ਆਉਂਦੇ ਇਕ-ਦੋ ਦਿਨਾਂ ਦੌਰਾਨ ਫੈਸਲਾ ਲਏ ਜਾਣ ਦੀ ਸੰਭਾਵਨਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
28 ਦਸੰਬਰ 2016 ਤੋਂ 03 ਜਨਵਰੀ 2017

## ਸਰਹੰਦ 'ਚ ਜੁੜੀ ਸੰਗਤ ਦਾ ਸੁਨੇਹਾ

### 'ਆਪ' ਦੀ ਕਾਨਫਰੰਸ ਰਾਜਸੀ ਚੜ੍ਹਤ ਦਾ ਸੰਕੇਤ, ਦਸਤਾਰਾਂ ਫਿਰ ਪਰਤ ਆਈਆਂ

**ਕਰਮਜੀਤ ਸਿੰਘ ਚੰਡੀਗੜ੍ਹ** (ਮੋਬਾਇਲ 99150-91063)

**ਮਹਿਮਾਨ ਸੰਪਾਦਕੀ**

ਦਸਮੇਸ਼ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਫਤਹਿਗੜ੍ਹ ਸਾਹਿਬ ਵਿਖੇ ਜੁੜੀਆਂ ਰਾਜਸੀ ਕਾਨਫਰੰਸਾਂ ਦਾ ਵਿਸ਼ੇਸ਼ ਪਹਿਲੂ ਇਹ ਸੀ ਕਿ ਹਾਕਮ ਅਕਾਲੀ ਦਲ ਦੀ ਕਾਨਫਰੰਸ ਨੂੰ ਛੱਡ ਕੇ ਬਾਕੀ ਸਾਰੀਆਂ ਕਾਨਫਰੰਸਾਂ ਵਿਚ ਇਸ ਮਹਾਨ ਸ਼ਹਾਦਤ ਦੇ ਸਾਕੇ ਨੂੰ ਪੰਜਾਬ ਦੀ ਵਿਗੜੀ ਹਾਲਤ ਨਾਲ ਜੋੜ ਕੇ ਹੀ ਪੇਸ਼ ਕੀਤਾ ਜਾ ਰਿਹਾ ਸੀ। ਮੈਂ ਪਿਛਲੇ 30 ਸਾਲਾਂ ਤੋਂ ਸਰਹਿੰਦ ਦੇ ਦਰਦਨਾਕ ਸਾਕੇ ਬਾਰੇ ਹਰ ਸਾਲ ਸ਼ਾਮਲ ਹੋ ਕੇ ਲੋਕਾਂ ਦੀ ਬੇਮਿਸਾਲ ਸ਼ਰਧਾ ਅਤੇ ਉਨ੍ਹਾਂ ਦੇ ਧਾਰਮਿਕ ਅਤੇ ਰਾਜਸੀ ਮਨਾਂ ਦਾ ਵਿਸ਼ਲੇਸ਼ਣ ਕਰਦਾ ਆ ਰਿਹਾ ਹਾਂ। ਪਰ ਇਸ ਵਾਰ ਜਿਸ ਤਰ੍ਹਾਂ ਹਾਕਮ ਅਕਾਲੀ ਦਲ ਪ੍ਰਤੀ ਜਨਤਾ ਦੀ ਬੇਗਾਨਗੀ, ਰੋਸ, ਗੁੱਸਾ ਅਤੇ ਨਫ਼ਰਤ ਇਸ ਵਾਰ ਵੇਖੀ, ਉਹ ਪਹਿਲਾਂ ਕਦੇ ਵੀ ਨਹੀਂ ਸੀ ਵੇਖੀ। ਹੈਰਾਨੀ ਇਸ ਗੱਲ ਦੀ ਸੀ ਕਿ ਜਿਸ ਕਾਂਗਰਸ ਨੂੰ 1984 ਤੋਂ ਪਿਛੋਂ ਲੋਕ ਨਫ਼ਰਤ ਕਰਦੇ ਸਨ, ਉਸੇ ਕਾਂਗਰਸ ਦੀ ਕਾਨਫਰੰਸ ਵਿਚ ਲੋਕ ਹੁੰਮ-ਹੁਮਾ ਕੇ ਪਹੁੰਚੇ ਹੋਏ ਸਨ ਅਤੇ ਉਸ ਤੋਂ ਵੀ ਵੱਧ ਹੈਰਾਨੀ ਇਹ ਵੇਖ ਕੇ ਹੋਈ ਕਿ ਸਾਰਾ ਪੰਥ ਆਮ ਆਦਮੀ ਪਾਰਟੀ ਦੀਆਂ ਰੌਣਕਾਂ ਨੂੰ ਹੀ ਵਧਾਉਣ ਵਿਚ ਲੱਗਾ ਹੋਇਆ ਸੀ। ਜੇ ਸੰਗਤਾਂ ਦਾ ਇਕੱਠ, ਸੰਗਤਾਂ ਵਿਚ ਉਤਸ਼ਾਹ ਤੇ ਜੋਸ਼, ਸਰਕਾਰ ਪ੍ਰਤੀ ਗੁੱਸਾ ਤੇ ਰੋਹ ਅਤੇ ਘੰਟਿਆਂਬੱਧੀ ਨਿੱਠ ਕੇ ਬੁਲਾਰਿਆਂ ਨੂੰ ਸੁਨਣ ਦਾ ਸਬਰ, ਧੀਰਜ ਤੇ ਸ਼ੌਕ ਕੋਈ ਇਸ਼ਾਰਾ ਹੁੰਦਾ ਹੈ ਤਾਂ ਫਿਰ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਪੰਜਾਬ ਵਿੱਚ 2017 ਦੀ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਹੋ ਸਕਦੀ ਹੈ। ਮੈਂ ਇਹ ਗੱਲ ਹਾਕਮ ਅਕਾਲੀ ਦਲ, ਮਾਨ ਅਕਾਲੀ ਦਲ ਅਤੇ ਕਾਂਗਰਸ ਦੀਆਂ ਕਾਨਫਰੰਸਾਂ ਨੂੰ ਸਾਰੇ ਪੱਖਾਂ ਤੋਂ ਵੇਖਣ ਪਿਛੋਂ ਹੀ ਕਹਿ ਰਿਹਾ ਹਾਂ। ਇਨ੍ਹਾਂ ਕਾਨਫਰੰਸਾਂ ਵਿਚ ਇਕ ਹੋਰ ਗੱਲ ਵੀ ਵੇਖਣ ਵਿਚ ਆਈ ਕਿ ਮਾਨ ਅਕਾਲੀ ਦਲ ਦਾ ਇਕੱਠ ਅਤੇ ਇਸ ਇਕੱਠ ਵਿਚ ਸੰਗਤ ਦਾ ਜਜ਼ਬਾ ਵੇਖਣ ਵਾਲਾ ਹੀ ਸੀ। ਜੇ ਮੈਂ ਗਲ਼ਤ ਨਾ ਹੋਵਾਂ ਤਾਂ ਹੁਣ ਤੱਕ ਹੋਏ ਇਕੱਠਾਂ ਦੇ ਮੁਕਾਬਲੇ ਇਸ ਵਾਰ ਇਸ ਪਾਰਟੀ ਦਾ ਇਕੱਠ ਸਭ ਤੋਂ ਵੱਡਾ ਸੀ ਤੇ ਇਹ ਵੀ ਲੱਗਦਾ ਸੀ ਕਿ ਆਮ ਜਨਤਾ ਅੰਦਰ ਇਸ ਪਾਰਟੀ ਪ੍ਰਤੀ ਫਿਰ ਹਮਦਰਦੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਪਰ ਇਹ ਪਾਰਟੀ ਵੋਟਾਂ ਹਾਸਲ ਕਰਨ ਦੇ ਮੈਦਾਨ ਵਿਚ ਕਿੰਨੀ ਕੁ ਸਫ਼ਲ ਹੋਵੇਗੀ, ਇਸ ਬਾਰੇ ਕੋਈ ਬਹੁਤੀਆਂ ਵੱਡੀਆਂ ਉਮੀਦਾਂ ਨਹੀਂ। ਮਾਨ ਦਲ ਦਾ ਇਕੱਠ ਕਾਂਗਰਸ ਦੇ ਇਕੱਠ ਨਾਲੋਂ ਥੋੜਾ ਜਿੰਨਾ ਹੀ ਘੱਟ ਸੀ ਪਰ ਦੋਵਾਂ ਇਕੱਠਾਂ ਵਿਚ ਸਾਂਝੀ ਗੱਲ ਇਹ ਸੀ ਕਿ ਸੰਗਤਾਂ ਖੁੱਲ੍ਹੀਆਂ ਖੁੱਲ੍ਹੀਆਂ ਬੈਠੀਆਂ ਸਨ ਜਦਕਿ 'ਆਪ' ਦੇ ਇਕੱਠ ਵਿਚ ਦੋ ਬੰਦਿਆਂ ਵਿਚਕਾਰ ਕੋਈ ਵੀ ਖਾਲੀ ਥਾਂ ਵੇਖਣ ਵਿਚ ਨਹੀਂ ਮਿਲੀ। ਇਕ ਹੋਰ ਖੁਸ਼ੀ ਵਾਲੀ ਗੱਲ ਜਿਹੜੀ ਇਸੇ ਸ਼ਹੀਦੀ ਜੋੜ ਮੇਲੇ 'ਚ ਵੇਖਣ ਨੂੰ ਮਿਲੀ, ਉਹ ਇਹ ਕਿ ਪੱਗਾਂ ਵਾਲੇ ਹੁਣ ਵੱਡੀ ਗਿਣਤੀ ਵਿਚ ਆ ਗਏ ਹਨ। ਪਿਛਲੇ 10 ਵਰ੍ਹਿਆਂ ਤੋਂ ਮੈਂ ਇਹ ਲਗਾਤਾਰ ਵੇਖ ਰਿਹਾ ਸੀ ਕਿ ਪੱਗਾਂ ਵਾਲੇ ਗੱਭਰੂਆਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਸੀ ਪਰ ਇਸ ਵਾਰ ਦਸਤਾਰਾਂ ਤੋਂ ਸੱਖਣੇ ਮੁੰਡੇ ਬਹੁਤ ਘੱਟ ਵੇਖਣ ਵਿਚ ਆਏ। ਕੁਦਰਤ ਦਾ ਇਹ ਅਜੀਬ ਕ੍ਰਿਸ਼ਮਾ ਹੈ ਕਿ ਜਦੋਂ ਵੀ ਸਿੱਖ ਕੌਮ ਉਤੇ ਸੰਕਟ ਆਉਂਦਾ ਹੈ ਤਾਂ ਦਸਤਾਰਾਂ ਦੀ ਗਿਣਤੀ ਵਧਣ ਲਗਦੀ ਹੈ, ਜਿਵੇਂ ਇਹ ਦਸਤਾਰਾਂ ਕਿਸੇ ਆਉਣ ਵਾਲੀ ਬਗ਼ਾਵਤ ਜਾਂ ਦਿਲਾਂ ਵਿਚ ਪੈਦਾ ਹੋ ਰਹੇ ਰੋਸ ਦਾ ਇਸ਼ਾਰਾ ਹੋਣ। ਮੌਜੂਦਾ ਸਿੱਖ ਲੀਡਰਸ਼ਿਪ ਨੂੰ ਇਸ ਨਵੇਂ ਰੁਝਾਨ ਵਿਚ ਲੁਕੇ ਗੁੱਝੇ ਇਸ਼ਾਰਿਆਂ ਪ੍ਰਤੀ ਸ਼ਾਇਦ ਕੋਈ ਜਾਣਕਾਰੀ ਜਾਂ ਦਿਲਚਸਪੀ ਨਹੀਂ। ਆਮ ਆਦਮੀ ਪਾਰਟੀ ਦੀ ਕਾਨਫਰੰਸ ਵਿਚ ਇਸ ਵਾਰ ਦਿੱਲੀ ਦੀ ਟੀਮ ਪੂਰੀ ਤਰ੍ਹਾਂ ਗਾਇਬ ਸੀ। ਪਿਛਲੀ ਵਾਰ ਜਦੋਂ ਮੈਂ ਇਸ ਕਾਨਫਰੰਸ ਨੂੰ ਵੇਖਿਆ ਤਾਂ ਦਿੱਲੀ ਦੇ ਬੁਲਾਰਿਆਂ ਨੂੰ ਨਾ ਤਾਂ ਸਿੱਖ ਇਤਿਹਾਸ ਬਾਰੇ ਡੂੰਘੀ ਤੇ ਗਹਿਰ ਗੰਭੀਰ ਸਮਝ ਸੀ, ਨਾ ਹੀ ਪੰਜਾਬ ਦੇ ਮਸਲਿਆਂ ਨੂੰ ਪੇਸ਼ ਕਰਨ ਲਈ ਉਨ੍ਹਾਂ ਕੋਲ ਢੁੱਕਵੇਂ ਜਜ਼ਬਿਆਂ ਤੇ ਜੁਗਤਾਂ ਦਾ ਖ਼ਜ਼ਾਨਾ ਸੀ ਅਤੇ ਨਾ ਹੀ ਸੰਗਤਾਂ ਵਲੋਂ ਭਰਪੂਰ ਹੁੰਗਾਰਾ ਸੀ। ਪਰ ਇਸ ਵਾਰ ਕਮਾਲ ਇਸ ਗੱਲ ਦੀ ਸੀ ਕਿ ਹਰ ਦੂਜੇ ਤੀਜੇ ਮਿੰਟ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਦੀ ਗੂੰਜ ਅਸਮਾਨ ਨਾਲ ਜਾ ਲਗਦੀ ਸੀ। ਕੁਝ ਪਲਾਂ ਲਈ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਅਸੀਂ ਦਹਾਕਿਆਂ ਪਹਿਲਾਂ ਅਕਾਲੀ ਦਲ ਦੇ ਹੁੰਦੇ ਕਿਸੇ ਇਕੱਠ ਵਿਚ ਆ ਗਏ ਹਾਂ। ਚਾਰੇ ਬੁਲਾਰਿਆਂ ਭਗਵੰਤ ਮਾਨ, ਸੁਖਪਾਲ ਖਹਿਰਾ, ਹਰਵਿੰਦਰ ਸਿੰਘ ਫੂਲਕਾ ਅਤੇ ਜਰਨੈਲ ਸਿੰਘ ਦੀਆਂ ਤਕਰੀਰਾਂ ਵਿਚ ਸਿੱਖ ਇਤਿਹਾਸ ਦੀ ਖ਼ੁਸ਼ਬੂ ਸੀ, ਸਿੱਖ ਇਤਿਹਾਸ ਦੀਆਂ ਯਾਦਾਂ ਸਨ ਜਦਕਿ ਭਗਵੰਤ ਮਾਨ ਅਜਿਹਾ ਬੁਲਾਰਾ ਹੋ ਨਿਬੜਿਆ ਜਿਸ ਨੇ ਲੋਕਾਂ ਨੂੰ ਕੀਲ ਕੇ ਰੱਖਿਆ ਹੋਇਆ ਸੀ। ਮੈਂ ਇਹ ਵੀ ਵੇਖਿਆ ਕਿ ਭਗਵੰਤ ਮਾਨ ਦੇ ਭਾਸ਼ਣਾਂ ਵਿਚ ਇਕ ਵੱਖਰੀ ਕਿਸਮ ਦੀ ਗੰਭੀਰਤਾ ਅਤੇ ਇਕ ਨਿਵੇਕਲੇ ਕਿਸਮ ਦਾ ਸਹਿਜ ਆਇਆ ਹੈ। ਉਹ ਜਿਵੇਂ ਤੱਥਾਂ ਅਤੇ ਜਜ਼ਬਿਆਂ ਦਾ ਸੁਮੇਲ ਕਰਦਾ ਹੈ ਅਤੇ ਜਿਵੇਂ ਉਨ੍ਹਾਂ ਨੂੰ ਮੌਜੂਦਾ ਹਾਲਾਤ ਨਾਲ ਜੋੜਦਾ ਹੈ ਅਤੇ ਜਿਵੇਂ ਉਸ ਨੂੰ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਦਰਦ ਦੀ ਕਲਾਤਮਕ ਸਮਝ ਹੈ, ਉਹ ਗੱਲ ਮੈਂ ਕਿਸੇ ਵੀ ਰਾਜਸੀ ਕਾਨਫਰੰਸ ਵਿਚ ਕਿਸੇ ਬੁਲਾਰੇ ਕੋਲੋਂ ਅੱਜ ਨਹੀਂ ਸੁਣੀ। ਉਸ ਦੀ ਤਕਰੀਰ ਵਿਚ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਓਪਰੀ ਜਿਹੀ ਸਮਝ ਹੈ, ਪਰ ਫਿਰ ਵੀ ਉਸ ਦੇ ਹਾਸੇ ਵਿਚ ਇਹੋ ਜਿਹਾ ਦਰਦ ਹੁੰਦਾ ਹੈ ਜੋ ਪੰਜਾਬ ਦੇ ਲੋਕਾਂ ਦੇ ਦਿਲਾਂ ਅੰਦਰ ਧੱਸ ਜਾਂਦਾ ਹੈ। ਜਦੋਂ ਹੀ ਉਸ ਦਾ ਨਾਂ ਸਟੇਜ ਤੋਂ ਲਿਆ ਗਿਆ ਤਾਂ ਆਲੇ ਦੁਆਲੇ ਖਿਲਰੇ ਸੈਂਕੜੇ ਵਰਕਰ ਪੰਡਾਲ ਵੱਲ ਹੋ ਉਲਰੇ, ਜਿਵੇਂ ਉਹ ਉਸ ਨੂੰ ਹੀ ਸੁਣਨ ਆਏ ਸੀ। ਜੇ ਭਗਵੰਤ ਮਾਨ ਨੇ ਰਾਜਨੀਤਿਕ ਗੰਭੀਰਤਾ ਅਤੇ ਸਿਆਣਪ ਦਾ ਖ਼ਜ਼ਾਨਾ ਹੋਰ ਇਕੱਠਾ ਕਰ ਲਿਆ ਤਾਂ ਉਸ ਦੀ ਗਿਣਤੀ ਭਾਰਤ ਦੇ ਉੱਚ ਕੋਟੀ ਦੇ ਬੁਲਾਰਿਆਂ ਵਿਚ ਸ਼ੁਮਾਰ ਹੋ ਸਕਦੀ ਹੈ। ਸੁਖਪਾਲ ਖਹਿਰਾ ਦੇ ਧੁਰ ਅੰਦਰ ਸਿੱਖ ਇਤਿਹਾਸ ਜਗਦਾ ਤੇ ਮਘਦਾ ਹੈ। ਉਹ ਸੱਚ ਮੁੱਚ ਹੀ ਤਕਰੀਰ ਦਾ ਧਨੀ ਹੈ ਅਤੇ ਘਟਨਾਵਾਂ ਨੂੰ ਪੇਸ਼ ਕਰਨ ਲੱਗਿਆਂ ਤੱਥ ਉਸ ਦੀਆਂ ਉਂਗਲਾਂ 'ਤੇ ਹੁੰਦੇ ਹਨ। ਉਹ ਆਪਣੇ ਵੱਖਰੇ ਅੰਦਾਜ਼ ਵਿਚ ਲੋਕਾਂ ਅੰਦਰ ਜਜ਼ਬਿਆਂ ਦਾ ਇਕ ਆਲਮ ਸਿਰਜ ਦਿੰਦਾ ਹੈ। ਜਿਥੋਂ ਤੱਕ ਜਰਨੈਲ ਸਿੰਘ ਦਾ ਸਬੰਧ ਹੈ, ਉਸ ਕੋਲ ਗੁਰਬਾਣੀ ਦਾ ਬੇਅੰਤ ਖਜ਼ਾਨਾ ਹੈ, ਪਰ ਉਸ ਨੂੰ ਮੌਜੂਦਾ ਹਾਲਤਾਂ ਨਾਲ ਜੋੜਨ ਵਿਚ ਉਹ ਰਤਾ ਕਮਜ਼ੋਰ ਹੈ। ਫਿਰ ਵੀ ਉਸ ਨੇ ਸੰਗਤਾਂ ਵਿਚ ਆਪਣੀ ਥਾਂ ਬਣਾਈ ਹੋਈ ਹੈ। ਇਸ ਹਿਸਾਬ ਨਾਲ ਹਰਵਿੰਦਰ ਸਿੰਘ ਫੂਲਕਾ ਚੌਥੇ ਨੰਬਰ 'ਤੇ ਆਉਂਦਾ ਹੈ। ਇਉਂ ਲਗਦਾ ਹੈ ਜਿਵੇਂ ਅਰਵਿੰਦ ਕੇਜਰੀਵਾਲ ਸਹਿਜੇ ਸਹਿਜੇ ਦਿੱਲੀ ਦੀ ਟੀਮ ਤੋਂ ਆਪਣੇ ਹੱਥ ਪਿੱਛੇ ਖਿੱਚ ਰਿਹਾ ਹੈ, ਤਾਂ ਜੋ ਪੰਜਾਬ ਨੂੰ, ਪੰਜਾਬ ਦੇ ਲੋਕਾਂ ਅਤੇ ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਕਰਕੇ ਸਿੱਖ ਆਮ ਆਦਮੀ ਪਾਰਟੀ ਦੀਆਂ ਸਫ਼ਾਂ ਵਿਚ ਕਿਉਂ ਚਲੇ ਗਏ ? ਇਸ ਗੱਲ ਦਾ ਗੰਭੀਰ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। ਇਸ ਸਬੰਧ ਵਿਚ ਅਕਾਲੀ ਦਲ, ਕਾਂਗਰਸ ਅਤੇ ਮਾਨ ਅਕਾਲੀ ਦਲ ਵਲੋਂ ਸਮੇਂ-ਸਮੇਂ ਜੋ ਦਲੀਲਾਂ ਅਤੇ ਤਰਕ ਪੇਸ਼ ਕੀਤੇ ਜਾਂਦੇ ਹਨ, ਉਹ ਹਲਕੇ ਵੀ ਹਨ, ਹਾਸੋਹੀਣੇ ਵੀ ਹਨ ਅਤੇ ਗੰਭੀਰ ਤਰਕ ਦੇ ਮਾਪਦੰਡਾਂ ਉਤੇ ਵੀ ਪੂਰਾ ਨਹੀਂ ਉਤਰਦੇ। ਸੋਚਣ ਵਾਲੀ ਗੱਲ ਇਹ ਹੈ ਕਿ ਅਕਾਲੀ ਦਲ ਦੀ ਕਾਨਫਰੰਸ ਵਿਚ ਰੌਣਕਾਂ ਰੁੱਸੀਆਂ ਹੋਈਆਂ ਕਿਉਂ ਸਨ ? ਇਹੋ ਹਾਲ ਪਿਛਲੇ ਸਾਲ ਉਨ੍ਹਾਂ ਦਾ ਸੀ। ਕੀ ਕਾਰਨ ਹੈ ਕਿ ਮਾਨ ਦਲ ਦਾ ਪ੍ਰਭਾਵਸ਼ਾਲੀ ਇਕੱਠ ਵੋਟਾਂ ਹਾਸਲ ਕਰਨ ਦੇ ਸਵਾਲ 'ਤੇ ਕਮਜ਼ੋਰ ਹੈ ? ਕੀ ਗੱਲ ਹੈ ਕਿ ਕਾਂਗਰਸ ਵਿਚ ਅਮਰਿੰਦਰ ਸਿੰਘ ਹੀ ਕਾਂਗਰਸ ਹੈ ਅਤੇ ਬਾਕੀਆਂ ਨੂੰ ਕੋਈ ਵੀ ਨਹੀਂ ਜਾਣਦਾ ? ਕੀ ਕਾਰਨ ਹੈ ਕਿ ਦਿੱਲੀ ਤੋਂ ਆਇਆ ਇਕ ਵਿਅਕਤੀ ਲੋਕਾਂ ਦੇ ਦਿਲਾਂ ਦੀ ਧੜਕਣ ਬਣ ਗਿਆ ਹੈ ? ਕੀ ਕਾਰਨ ਹੈ ਕਿ ਆਮ ਆਦਮੀ ਪਾਰਟੀ ਨੂੰ ਛੱਡ ਕੇ ਵੱਖਰੀ ਪਾਰਟੀ ਬਣਾਉਣ ਵਾਲੇ ਇਸ ਸ਼ਹੀਦੀ ਜੋੜ ਮੇਲੇ 'ਤੇ ਨਜ਼ਰ ਹੀ ਨਹੀਂ ਸੀ ਆਉਂਦੇ ਹਾਲਾਂਕਿ ਹਾਕਮ ਅਕਾਲੀ ਦਲ ਦੇ ਚੈਨਲ ਅੱਜ ਕੱਲ੍ਹ ਉਨ੍ਹਾਂ ਨੂੰ ਭਰਵੀਂ ਥਾਂ ਦੇ ਰਹੇ ਹਨ। ਕਿਥੇ ਹੈ ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖ਼ਾਲਸਾ ਜੋ ਪਾਰਟੀ ਨਾਲੋਂ ਟੁੱਟ ਕੇ ਲੋਕਾਂ ਨਾਲੋਂ ਇਕ ਤਰ੍ਹਾਂ ਨਾਲ ਅਲੱਗ-ਥਲੱਗ ਹੀ ਹੋ ਗਏ ਹਨ। ਕੀ ਕਾਰਨ ਹੈ ਕਿ ਦਲ ਖ਼ਾਲਸਾ ਵਿਚ ਪੰਚ ਪ੍ਰਧਾਨੀ ਦੀ ਸ਼ਮੂਲੀਅਤ ਮਗਰੋਂ ਵੀ ਉਹ ਫਤਹਿਗੜ੍ਹ ਸਾਹਿਬ ਵਿਚ ਸ਼ਹੀਦੀ ਕਾਨਫਰੰਸ ਨਹੀਂ ਕਰ ਸਕੇ ? ਇਨ੍ਹਾਂ ਵੱਡੇ ਸਵਾਲਾਂ ਦੇ ਢੁੱਕਵੇਂ ਜਵਾਬ ਚਾਹੀਦੇ ਹਨ। ਜੇ ਮੀਡੀਆ ਦੇ ਲੋਕ ਵਿਕੇ ਹੋਏ ਨਹੀਂ ਅਤੇ ਜੇਕਰ ਪੱਤਰਕਾਰ ਸੱਚਮੁੱਚ ਹੀ ਨਿਰਪੱਖ ਤੇ ਸੁਹਿਰਦ ਹਨ ਅਤੇ ਜੇ ਚੈਨਲਾਂ ਵਾਲੇ ਸੱਚ ਨੂੰ ਵਿਖਾਉਣ ਲਈ ਦੂਰ ਤੱਕ ਦੀ ਨਿਗ੍ਹਾ ਰੱਖਦੇ ਹਨ ਅਤੇ ਉਸ ਦਾ ਵਿਸ਼ਲੇਸ਼ਣ ਕਰਨ ਵਿਚ ਸੁਹਿਰਦ ਹਨ ਤਾਂ ਆਮ ਆਦਮੀ ਪਾਰਟੀ ਕਾਨਫਰੰਸ ਵਿਚਲਾ ਠਾਠਾਂ ਮਾਰਦਾ ਸਮੁੰਦਰ ਵਰਗਾ ਇਕੱਠ ਭਵਿੱਖਬਾਣੀ ਕਰ ਰਿਹਾ ਹੈ ਕਿ ਪੰਜਾਬ ਦੇ ਲੋਕ ਕਿਧਰ ਨੂੰ ਜਾਣਾ ਚਾਹੁੰਦੇ ਹਨ।

# ਅਦੁੱਤੀ ਅਤੇ ਅਜ਼ੀਮ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ



**"ਹਾਂ, ਸੁਹਣੇ ਕੇਸਾਂ ਵਾਲਿਆ ! ਤੂੰ ਹੀ ਆਪਣੇ ਜਾਏ, ਸਾਡੇ ਪਾਪਾਂ ਦੀ ਜਗਵੇਦੀ ਤੇ ਬਲੀ ਦੇ ਕੇ ਆਖਿਆ ਸੀ ਕਿ ਇਹ ਮੇਰੇ ਚਾਰ ਪੁੱਤਰ ਸ਼ਹੀਦ ਹੋਏ ਹਨ, ਪਰ ਮੇਰੇ ਲੱਖਾਂ ਪੁੱਤਰ ਹੋਰ ਹਨ-ਜੋ ਖਾਲਸਾ ਕਹੀਦੇ ਹਨ ਤੇ ਏਹ ਮੇਰੇ ਖਾਲਸਾ ਜੀ ਇਕ 'ਪੁੱਤਰ-ਸੋਮਾ' ਹੈ। ਮੇਰਾ ਇਹ ਪੁੱਤਰ-ਅਮਰ ਪੁੱਤਰ ਹੈ, ਸਦਾ ਜੀਏਗਾ। 'ਖਾਲਸਾ' ਅਮਰ ਹੈ। ਹਾਂ, ਤੂੰ ਸਾਨੂੰ ਪੁੱਤਰ ਬਣਾਇਆ ਸੀ, ਤੇ ਅਮਰ ਪੁੱਤਰ ਬਣਾਇਆ ਸੀ। ਫੇਰ ਤੇਰੇ ਇਹ ਅਮਰ ਬੱਚੇ ਕੀਕੂੰ ਨਾ, ਤੇਰੇ ਆਪਣੇ ਜਾਏ ਬੱਚਿਆਂ ਵਾਲੀ ਅਹਿੱਲ, ਅਝੁੱਕ, ਅਬੁਝ ਅੱਗ ਦਾ ਅਲਾਂਬਾ ਹੋਣ।"-ਭਾਈ ਵੀਰ ਸਿੰਘ**

**ਡਾ. ਜਸਪਾਲ ਸਿੰਘ**



ਹਕੀਮ ਅੱਲਾ ਯਾਰ ਖਾਂ ਜੋਗੀ ਨੇ ਆਪਣੀ ਰਚਨਾ 'ਗੰਜਿ-ਸ਼ਹੀਦਾਂ' ਵਿਚ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੀ ਸ਼ਖ਼ਸੀਅਤ ਦਾ ਬਿਆਨ ਬੜੇ ਖੂਬਸੂਰਤ ਸ਼ਬਦਾਂ ਵਿਚ ਕੀਤਾ ਹੈ। ਉਸ ਦਾ ਕਹਿਣਾ ਹੈ :

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਹ ਪਿਆਰ ਮੁਰੀਦੋਂ ਸੇ ਯੇਹ ਸ਼ਫ਼ਕਤ ਭੀ ਕਹੀਂ ਹੈ ?
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ।
ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇਕ ਬਾਤ ਸੁਨੇ ਭੀ ਨਹੀਂ ਹਮ ਨੇ।

ਇਕ ਹੋਰ ਥਾਂ ਪੀਰਾਂ-ਪੈਗੰਬਰਾਂ ਵਿਚ ਗੁਰੂ ਸਾਹਿਬ ਦੇ ਸਿਰਮੌਰ ਰੁਤਬੇ ਬਾਰੇ ਉਸ ਦਾ ਕਥਨ ਹੈ ਕਿ ਯਾਕੂਬ ਨੂੰ ਆਪਣੇ ਪੁੱਤਰ ਯੂਸਫ਼ ਦੀ ਜੁਦਾਈ ਵਿਚ ਉਮਰ ਭਰ ਰੋਣਾ ਪਿਆ ਸੀ ਪਰ ਸਾਰੇ ਰਸੂਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗਾ ਸਬਰ-ਸਬੂਰੀ ਵਾਲਾ ਕੋਈ ਹੋਰ ਨਹੀਂ ਹੋਇਆ, ਜਿਸ ਨੇ ਚਾਰ ਬੇਟੇ ਕਟਵਾ ਕੇ ਇਕ ਹੰਝੂ ਵੀ ਨਹੀਂ ਕੇਰਿਆ। ਕੋਈ ਸ਼ੱਕ ਨਹੀਂ, ਗੁਰੂ ਜੀ ਨੇ ਰਿਸ਼ੀਆਂ ਦੇ ਮਰਤਬੇ ਨੂੰ ਹੋਰ ਉੱਚਾ ਕਰ ਦਿੱਤਾ ਸੀ।

ਯਾਕੂਬ ਕੋ ਯੂਸਫ਼ ਕੇ ਬਿਛੜਨੇ ਨੇ ਰੁਲਾਯਾ।
ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ।
ਕਟਵਾ ਕੇ ਪਿਸਰ ਚਾਰ ਇਕ ਆਂਸੂ ਨਾ ਗਿਰਾਯਾ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਯਾ।

ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕਿਸੇ ਵੀ ਪਹਿਲੂ ਦੀ ਗੱਲ ਕਰੀਏ ਤਾਂ ਕਲਮ ਜੁਆਬ ਦੇ ਜਾਂਦੀ ਹੈ। ਇਨਸਾਨੀ ਸਮਰੱਥਾ ਤੋਂ ਪਰ੍ਹੇ ਹੈ ਉਨ੍ਹਾਂ ਦੀ ਸ਼ਖ਼ਸੀਅਤ ਦਾ ਬਿਆਨ। ਇਕ ਧਰਮ-ਗੁਰੂ, ਇਕ ਵਿਚਾਰਕ, ਇਕ ਕ੍ਰਾਂਤੀਕਾਰੀ, ਇਕ ਯੋਧਾ-ਜਰਨੈਲ, ਇਕ ਸਰਬੰਸਦਾਨੀ, ਇਕ ਸ਼ਾਇਰ, ਇਕ ਸਾਹਿਤਕਾਰ ਅਤੇ ਸਾਹਿਤਕਾਰਾਂ ਦੀ ਸਰਪ੍ਰਸਤੀ ਕਰਨ ਵਾਲੇ ਯੁਗਪੁਰਸ਼ ਦੀ ਤਰ੍ਹਾਂ ਉਨ੍ਹਾਂ ਦੀ ਭੂਮਿਕਾ ਅਦੁੱਤੀ ਰਹੀ ਹੈ।

ਆਪਣੇ ਜੀਵਨ ਦੇ ਉਦੇਸ਼ ਨੂੰ ਸਪਸ਼ਟ ਕਰਦਿਆਂ ਆਪਣੀ ਆਤਮਕਥਾ ਵਿਚ ਗੁਰੂ ਸਾਹਿਬ ਨੇ ਕਿਹਾ ਸੀ ਕਿ ਮੈਨੂੰ ਪਰਮ-ਪੁਰਖ ਪਰਮਾਤਮਾ ਨੇ ਸੰਸਾਰ 'ਤੇ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਭੇਜਿਆ ਹੈ ਅਤੇ ਨਾਲ ਹੀ ਇਹ ਫ਼ਰਮਾਨ ਵੀ ਦਿੱਤਾ ਹੈ ਕਿ ਜਿਥੇ ਕਿਤੇ ਲੋੜ ਪਵੇ, ਧਰਮ ਦੇ ਪਾਸਾਰ ਵਿਚ ਰੁਕਾਵਟ ਬਣਨ ਵਾਲੇ ਦੋਖੀਆਂ ਤੇ ਦੁਸ਼ਟਾਂ ਨੂੰ ਸਬਕ ਸਿਖਾਵਾਂ। 'ਸ੍ਰੀ ਗੁਰੂ ਸੋਭਾ' ਦੇ ਰਚਨਾਕਾਰ ਕਵੀ ਸੈਨਾਪਤੀ ਦਾ ਗੁਰੂ ਸਾਹਿਬ ਦੇ ਜੀਵਨ ਉਦੇਸ਼ ਬਾਰੇ ਕਥਨ ਹੈ-'ਦੁਸ਼ਟ ਬਿਡਾਰਣ ਸੰਤ ਉਬਾਰਨ, ਸਭ ਜਗ ਤਾਰਣ ਭਵ ਹਰਣ', ਅਰਥਾਤ ਧਰਮ ਦੇ ਪ੍ਰਚਾਰ ਲਈ, ਸੰਤਾਂ ਦੀ ਰੱਖਿਆ ਕਰਨੀ ਅਤੇ ਧਰਮੀ ਨਿਜਾਮ ਦੀ ਕਾਇਮੀ ਦੀ ਰਾਹ ਵਿਚ ਰੁਕਾਵਟ ਪਾਉਣ ਵਾਲੇ ਦੁਸ਼ਟਾਂ ਦਾ ਨਾਸ਼ ਕਰਨਾ ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਉਦੇਸ਼ ਸੀ।

ਪਰ ਇਹ ਵੀ ਜੱਗ ਜ਼ਾਹਰ ਹੈ ਕਿ ਇਸ ਮਹਾਨ-ਪਵਿੱਤਰ ਉਦੇਸ਼ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੂੰ ਸਾਰਾ ਜੀਵਨ ਸੰਘਰਸ਼ ਕਰਨਾ ਪਿਆ। ਅਤਿ ਦੀ ਅਡੋਲਤਾ, ਦ੍ਰਿੜ੍ਹਤਾ ਅਤੇ ਪਰਿਪੱਕਤਾ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਜ਼ਰੂਰੀ ਸੀ। ਅਕਾਲ-ਪੁਰਖ ਨਾਲ ਕੀਤੇ ਅਹਿਦ ਉੱਪਰ ਕਿਸ ਤਰ੍ਹਾਂ ਪਰਵਾਨ ਚੜ੍ਹੇ ਹਨ ਗੁਰੂ ਗੋਬਿੰਦ ਸਿੰਘ ਜੀ, ਇਸ ਦੀ ਜਿਊਂਦੀ ਜਾਗਦੀ ਮਿਸਾਲ ਪਟਨੇ ਵਿਚ ਪ੍ਰਕਾਸ਼ ਤੋਂ ਲੈ ਕੇ ਅਨੰਦਪੁਰ ਤੱਕ ਅਤੇ ਅਨੰਦਪੁਰ ਤਿਆਗਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੀ ਉਨ੍ਹਾਂ ਦੀ ਜੀਵਨ ਯਾਤਰਾ ਹੈ।

ਇਤਿਹਾਸ ਗਵਾਹ ਹੈ ਕਿ ਅਨੰਦਪੁਰ ਦਾ ਉਜਾੜਾ, ਪਰਿਵਾਰ ਦਾ ਵਿਛੋੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ ਵਰਗੀਆਂ ਘਟਨਾਵਾਂ ਗੁਰੂ ਸਾਹਿਬ ਦੇ ਦ੍ਰਿੜ੍ਹ ਸੰਕਲਪ ਨੂੰ ਡੁਲਾ ਨਹੀਂ ਸਕੀਆਂ। ਚਾਰੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇਣ ਤੋਂ ਬਾਅਦ ਜ਼ਫ਼ਰਨਾਮੇ ਵਿਚ ਗੁਰੂ ਸਾਹਿਬ ਨੇ ਫ਼ਰਮਾਇਆ ਸੀ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ, ਆਖਰ ਵਿਚ ਸ਼ਹਿਨਸ਼ਾਹੀਅਤ ਭੁਜੰਗੀ ਖਾਲਸੇ ਪਾਸੋਂ ਮਾਰ ਖਾਵੇਗੀ। ਔਰੰਗਜ਼ੇਬ ਨੂੰ ਕਹੇ ਤਾੜਨਾ ਭਰੇ ਇਹ ਬਚਨ ਗੁਰੂ ਸਾਹਿਬ ਦੇ ਬੁਲੰਦ ਹੌਸਲਿਆਂ ਦੀ ਗਵਾਹੀ ਭਰਦੇ ਹਨ-'ਚੰਗਿਆੜੀਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ ਜਦਕਿ ਤੂੰ ਇਕ ਪਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ' :

ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।
ਚਿਹ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ।
ਕਿ ਆਤਿਸ਼ ਦਮਾਂ ਰਾ ਫਰੋਜ਼ਾਂ ਕੁਨੀ।

ਸੁਆਮੀ ਵਿਵੇਕਾਨੰਦ ਨੇ ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਿਲੱਖਣ ਮੁਕਾਮ ਬਾਰੇ ਟਿੱਪਣੀ ਕਰਦਿਆਂ ਅਤੇ ਆਪਣੀ ਅਕੀਦਤ ਪੇਸ਼ ਕਰਦਿਆਂ ਕਿਹਾ ਸੀ, 'ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਹੋ ਜਿਹੀ ਦੀਖਿਆ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਅਥਾਹ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਖਿਅਤ ਮਨੁੱਖ ਵਿਚ ਸਵਾ ਲੱਖ ਲੋਕਾਂ ਦੀ ਸ਼ਕਤੀ ਸਮਾਹਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ ਇਸ ਵਰਗੀ ਕੋਈ ਹੋਰ ਮਿਸਾਲ ਵਿਰਲੀ ਹੀ ਮਿਲੇਗੀ, ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿਖਾਇਆ ਸੀ।'

ਹਿੰਦੀ ਜਗਤ ਦੇ ਮੰਨੇ-ਪ੍ਰਮੰਨੇ ਸਾਹਿਤਕਾਰ ਹਜਾਰੀ ਪ੍ਰਸਾਦ ਦਿਵੇਦੀ ਮੁਤਾਬਕ ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਵਿਖਾਇਆ, ਉਹ ਇਕ ਬਹੁਤ ਵੱਡਾ ਇਤਿਹਾਸਕ ਚਮਤਕਾਰ ਸੀ। ਉਨ੍ਹਾਂ ਦੁਆਰਾ ਲਿਖੀ ਇਬਾਰਤ ਇਸ ਤਰ੍ਹਾਂ ਹੈ :

'ਧੰਨ ਹੈ ਉਹ ਦੇਸ਼, ਜਿਥੇ ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ ਸਨ। ਉਹ ਮਹਾਨ ਸੰਤ ਅਤੇ ਮਹਾਨ ਯੋਧਾ ਸਨ। ਉਨ੍ਹਾਂ ਨੇ ਇਸ ਦੇਸ਼ ਦੀ ਜਨਤਾ ਦੀ ਅਪਾਰ ਸ਼ਕਤੀ ਦਾ ਉਦਘਾਟਨ ਕੀਤਾ ਸੀ। ਉਨ੍ਹਾਂ ਨੂੰ ਯਾਦ ਕਰਕੇ ਅਸੀਂ ਅੱਜ ਵੀ ਨਵੀਂ ਪ੍ਰੇਰਨਾ ਅਤੇ ਸ਼ਕਤੀ ਹਾਸਲ ਕਰ ਸਕਦੇ ਹਾਂ, ਹਾਸਲ ਕਰ ਵੀ ਰਹੇ ਹਾਂ। ਗੁਰੂ ਜੀ ਮਹਾਨ ਸੰਤ ਸਨ। ਪ੍ਰਸਥਿਤੀਆਂ ਨੇ ਉਨ੍ਹਾਂ ਨੂੰ ਸ਼ਸਤਰ ਧਾਰਨ ਕਰਨ ਦੀ ਚੁਣੌਤੀ ਦਿੱਤੀ ਸੀ। ਉਨ੍ਹਾਂ ਨੇ ਉਸ ਨੂੰ ਸਵੀਕਾਰ ਕੀਤਾ ਸੀ। ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਦਭੁੱਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ। ਐਸੇ ਹੀ ਲੋਗਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ, ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉੱਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਕੋਈ ਹੋਰ ਘਟਨਾ ਘੱਟ ਹੀ ਵੇਖੀ ਗਈ ਹੈ। ਕਾਲ ਦੇ ਰਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।'

ਭਾਈ ਵੀਰ ਸਿੰਘ ਦੀ ਇਕ ਲਿਖਤ ਦਾ ਜ਼ਿਕਰ ਵੀ ਮੈਂ ਇਥੇ ਕਰਨਾ ਚਾਹੁੰਦਾ ਹਾਂ। ਭਾਈ ਸਾਹਿਬ ਨੇ ਬੜੇ ਨਿਵੇਕਲੇ ਅੰਦਾਜ਼ ਵਿਚ ਭਾਰਤੀ ਇਤਿਹਾਸ ਦੀ ਸਚਾਈ ਬਿਆਨ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਕਲਮਬੰਦ ਕੀਤਾ ਹੈ। ਉਨ੍ਹਾਂ ਦੀ ਲਿਖਤ ਇਸ ਤਰ੍ਹਾਂ ਹੈ : 'ਅਸੀਂ ਉਨ੍ਹਾਂ ਵਿਚੋਂ ਹੀ ਨਿਕਲੇ ਹਾਂ, ਜਿਨ੍ਹਾਂ ਦੀਆਂ ਸਦੀਆਂ ਦੀਆਂ ਬੇਵੱਸ ਮੌਤਾਂ ਦੇ ਕਾਰਨ ਇਕ ਪਹਾੜ ਦਾ ਨਾਮ ਹੀ 'ਹਿੰਦੂ ਕੁਸ਼' ਰੱਖ ਦਿੱਤਾ ਗਿਆ ਹੈ। ਜਿਥੋਂ ਲੰਘਦੇ ਹਿੰਦੂ ਕੈਦੀ ਸਰਦੀ ਨਾ ਝੁੱਲ ਸਕਣ ਕਰਕੇ ਮਰ ਜਾਂਦੇ ਹਨ ਤੇ ਜਰਵਾਣਿਆਂ ਨੇ ਉਸ ਪਹਾੜ ਦਾ ਨਾਮ ਹਿੰਦੂ ਕੁਸ਼ ਧਰ ਦਿੱਤਾ ਹੈ। ਵਾਹ ਉਇ ਸਾਹਿਬਾ! ਸੁਹਣੇ ਕੁੰਡਿਆਲੇ ਕੇਸਾਂ ਵਾਲੇ ਕਲਗੀਧਰ! ਧੰਨ ਤੇਰੀ ਜਿੰਦ! ਤੇ ਜਿੰਦ ਪਾਣ ਦੀ ਰੱਬੀ ਤਾਕਤ! ਇਨ੍ਹਾਂ ਮਰ ਮਿਟਿਆਂ ਹਿੰਦੀਆਂ ਵਿਚ ਤੂੰ ਕਿਹੜੀ ਅਮਰ, ਅਝੁਕ, ਸਦਾ ਬਲਦੀ ਜ਼ਿੰਦਗੀ ਫੂਕ ਦਿੱਤੀ ਹੈ ਕਿ ਜਿਸ ਦੇ ਬੱਚੇ ਵੀ, ਤੇਰੇ ਆਪਣੇ ਬੱਚਿਆਂ ਵਾਲੀ, ਬੀਰਤਾ ਦਿਖਾਉਂਦੇ ਹਨ। ਹਾਂ, ਸੁਹਣੇ ਕੇਸਾਂ ਵਾਲਿਆ! ਤੂੰ ਹੀ ਆਪਣੇ ਜਾਏ, ਸਾਡੇ ਪਾਪਾਂ ਦੀ ਜਗਵੇਦੀ ਤੇ ਬਲੀ ਦੇ ਕੇ ਆਖਿਆ ਸੀ ਕਿ ਇਹ ਮੇਰੇ ਚਾਰ ਪੁੱਤਰ ਸ਼ਹੀਦ ਹੋਏ ਹਨ, ਪਰ ਮੇਰੇ ਲੱਖਾਂ ਪੁੱਤਰ ਹੋਰ ਹਨ-ਜੋ ਖਾਲਸਾ ਕਹੀਦੇ ਹਨ ਤੇ ਏਹ ਮੇਰੇ ਖਾਲਸਾ ਜੀ ਇਕ 'ਪੁੱਤਰ-ਸੋਮਾ' ਹੈ। ਮੇਰਾ ਇਹ ਪੁੱਤਰ-ਅਮਰ ਪੁੱਤਰ ਹੈ, ਸਦਾ ਜੀਏਗਾ।

ਬਾਕੀ ਸਫ਼ਾ 42 'ਤੇ

# ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ'

**ਗੱਜਣਵਾਲਾ ਸੁਖਮਿੰਦਰ ਸਿੰਘ***

1699 ਦੀ ਵਿਸਾਖੀ ਨੂੰ ਸਿੱਖ ਜਗਤ ਦੀਆਂ ਸਫਾਂ ਵਿਚ ਅਲੌਕਿਕ ਕਰਾਂਤੀ ਦਾ ਇਸਤਕਬਾਲ ਹੋਣ ਵਾਲਾ ਸੀ।ਉਸ ਵਿਸਾਖੀ ਤੋਂ ਪਹਿਲਾਂ ਸਿੱਖ ਕੌਮ ਸ਼ਸਤਰਬੱਧ ਹੋ ਕੇ ਜੰਗ-ਏ-ਮੈਦਾਨ ਵਿਚ ਦ੍ਰਿੜਤਾ ਨਾਲ ਕੁੱਦਣ ਦੇ ਸਮੱਰਥ ਹੋ ਚੁੱਕੀ ਸੀ। ਦਸਵੇਂ ਪਾਤਸ਼ਾਹ ਦੀ ਰਹਿਨੁਮਾਈ ਹੇਠ ਭੰਗਾਣੀ ਦੀ ਫਤਹਿ ਨੇ ਕੌਮ ਦੀ ਆਤਮਿਕ ਅਵਸਥਾ ਨੂੰ ਉਚੇ ਗਿਆਨ ਦੇ ਮੁਰਾਤਬੇ ਤੇ ਲੈ ਆਂਦਾ ਸੀ। ਪਹਾੜੀ ਰਾਜਿਆਂ ਤੇ ਮੁਗਲਾਂ ਦੇ ਹਮਲਿਆਂ ਨੂੰ ਪਛਾੜ ਕੇ ਸਿੱਖ ਸੂਰਮਿਆਂ ਦੀ ਚੜ੍ਹਦੀਕਲਾ ਹੋਰ ਪ੍ਰਚੰਡ ਹੋ ਗਈ ਸੀ। ਸਿੱਖ ਸੂਰਮੇ , ਦੁਸ਼ਮਣ ਨੂੰ ਆਪਣੀ ਇਕ-ਜੁੱਟਤਾ ਤੇ ਰੁਹਾਨੀ ਮਨੋਬਲ ਦਾ ਜਲੌਅ ਦਰਸਾ ਚੁੱਕੇ ਸਨ। ਚਾਹੇ ਕੌਮ ਦੀ ਉਸਾਰੀ ਵਿਚ ਲੱਗਿਆਂ ਗੁਰੂ ਸਹਿਬਾਨ ਨੂੰ ਸੰਨ 1469 ਤੋਂ ਲੈ ਕੇ 230 ਸਾਲ ਹੋ ਚੁੱਕੇ ਸਨ ।ਪਾਤਸ਼ਾਹ - ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੇ ਖੇਤੁ- ਦੀ ਮਨਸਾ ਲੈ ਕੇ ਕੌਮ ਵਿਚ ਇਕ ਨਿਆਰੀ ੩੩.. ਸ਼ਕਤੀ ਲਿਆਉਣ ਦੇ ਰੌਅ ਵਿਚ ਹੋਏ ਇਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਨ ਵਾਲੇ ਸਨ ।ਉਹ , ਦੱਬੇ ਲਿਤਾੜੇ ਤੇ ਢੇਰੀ ਢਾਹੀ ਬੈਠੇ ਦੂਜੇ ਲੋਕਾਂ ਵਿਚ ਐਸੀ ਰੁਹਾਨੀ ਸ਼ਕਤੀ ਦਾ ਅਮਲ ਲੋੜਦੇ ਸਨ ਕਿ ਕੌਮ ਸਮੁੱਚੇ ਰੂਪ ਵਿਚ ਹਰ ਪਲ ਹਰ ਸਮੇਂ ਉਤਸ਼ਾਹੀ ਲੱਗੇ । ਹਿੰਦੂ ਰਾਜਿਆਂ ਅਤੇ ਕਾਇਰ ਮੁਗਲ ਹਾਕਮਾਂ ਦੇ ਦੰਭ ਤੇ ਸੁਆਰਥ ਪਰਗਟ ਹੋ ਚੁੱਕੇ ਸਨ। ਕਰੀਬ 19 ਸਾਲ ਪਹਿਲਾਂ ਸੰਨ 1680 ਵਿਚ ਰਣਜੀਤ ਨਗਾਰਾ ਅਨੰਦਪੁਰ ਦੀ ਹਰਿਆਵਲੀ ਭੋਇੰ ਤੇ ਆਪਣੀ ਧੁਨ ਬਲੰਦ ਕਰ ਰਿਹਾ ਸੀ ।ਨਗਾਰਾ ਵਜਦਾ ਤਾਂ ਵਿਰੋਧੀ ਧਿਰਾਂ ਦੀਆਂ ਧੜਕਣਾਂ ਤੇਜ਼ ਹੋ ਜਾਂਦੀਆਂ। ਪਾਕ ਪਵਿੱਤਰ ਅਨੰਦਪੁਰ ਦੀ ਮਿੱਟੀ ਤੇ ਪ੍ਰਭੂ-ਸਿਮਰਨ ਦੀ ਲਿਵ ਦਾ ਆਗਾਜ਼ ਹੋ ਚੁੱਕਾ ਸੀ। ਸਤਲੁਜ ਦੇ ਨਿਰਮਲ ਪਾਣੀਆਂ ਦੇ ਨੇੜੇ-ਨੇੜੇ ਪਾਤਸ਼ਾਹ ਦਸਵੇਂ ਦੀਆਂ ਮਨਮੋਹਕ ਰੌਣਕਾਂ ਦਾ ਪਸਾਰਾ ਸੀ ।

ਸਹਿਜੇ ਰਚਿਓ ਖਾਲਸਾ ਦੇ ਮਹਿਬੂਬ ਰਚੈਤਾ ਹਰਿੰਦਰ ਸਿੰਘ ਮਹਿਬੂਬ ਉਸ ਵੇਲੇ ਦੇ ਮੰਜ਼ਰ ਨੂੰ ਨਿਹਾਰਦੇ ਹੋਏ ਪੇਸ਼ ਕਰਦੇ ਹਨ:- ਕਲਗੀਆਂ ਵਾਲੇ ਦੀ ਅਪਣੱਤ ਬੇਮਿਸਾਲ ਰਹੱਸਾਂ ਨਾਲ ਭਰਪੂਰ ਸੀ। ਇਕ ਪਾਸੇ ਇਹ ਗਿਆਨ ਧਿਆਨ ਦੀਆਂ ਦੂਰੀਆਂ ਤਕ ਜਾਂਦੀ ਸੀ ਦੂਜੇ ਪਾਸੇ ਇਹੀ ਅਪਣੱਤ ਘਰ ਦੀ ਚਾਰਦਿਵਾਰੀ ਦਾ ਨਿੱਘ ਸੀ। ਗੁਰੂ ਸਾਹਿਬ ਦੇ ਅਪਣੱਤ ਦੀ ਛੋਹ ਲੱਖਾਂ ਵਾਰ ਹੱਸ ਕੇ ਮਰਨ ਦਾ ਚਾਅ ਪੈਦਾ ਕਰਦੀ ।ਗੁਰੂ ਦੇ ਝਲਕਾਰੇ ਦੀ ਤੀਬਰ ਤਾਂਘ , ਪਿਆਸ ਦਾ ਰੂਪ ਹੋ ਚੁੱਕੀ ਸੀ ।-ਏਕ ਮੂਆ ਤੋ ਕਿਆ ਹੁਆ ਜੀਵਤਿ ਕਈ ਹਜ਼ਾਰ- ਇਸ ਅਪਣੱਤ ਅੰਦਰ ਵੱਡੀ ਤੋਂ ਵੱਡੀ ਮੌਤ ਸਾਹਮਣੇ ਪਿਤਾ-ਧਰਾਵਸ ਦੇਣ ਦੀ ਤਾਕਤ ਸੀ; ਲੱਖਾਂ ਗੁਨਾਹਾਂ ਪਿੱਛੋਂ ਬੱਚਿਆ ਦੀ ਭੁੱਲ ਦੇ ਸਾਮਾਨ ਮੁਆਫ ਕਰਨ ਦਾ ਵਿਸ਼ਾਲ ਜਿਗਰਾ ਸੀ।ਗੁਰੂ ਦਾ ਅਗੰਮੀ ਝਲਕਾਰਾ ਲੱਖਾਂ ਅਕਹਿ ਬਖਸ਼ਸ਼ਾਂ ਦਾ ਦੀਦਾਰ ਕਰਵਾਉਂਦਾ ਜਾਪਦਾ।ਗੁਰੂ ਨਾਨਕ ਸਾਹਿਬ ਜੀ ਨੇ ਇਕ ਵਾਰ ਆਪਣੇ ਮਹਾਨ ਸੰਗੀ ਭਾਈ ਮਰਦਾਨਾ ਜੀ ਨੂੰ ਆਖਿਆ - ਤੈਨੂੰ ਤੇਰਾ ਧਰਮ ਮੁਬਾਰਕ ਹੋਵੇ ਪਰ ਸਾਡੀ ਅਰਜ਼ ਮੰਨੀਂ - ਕੇਸ ਸਾਂਭ ਕੇ ਰੱਖਣਾ , ਇਨ੍ਹਾਂ ਨੂੰ ਨਾਂਹ ਕਟਵਾਈਂ -।ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਬਹੁਤ ਸਿੱਖ ਸ਼ਰਧਾਲੂ ਗੁਰੂਆਂ ਵਾਂਗ ਕੇਸਧਾਰੀ ਸਰੂਪਵਾਲੇ ਚਲੇ ਆ ਰਹੇ ਸਨ ।ਸੰਨ 1699 ਦੀ ਵੈਸਾਖੀ ਜ਼ੋਰਾਂ-ਸ਼ੋਰਾਂ ਨਾਲ ਉਤੇ ਚੜ੍ਹਦੀ ਆ ਰਹੀ ਸੀ । ਗੁਰੂ ਕਲਗੀਆਂ ਵਾਲੇ ਨੇ ਆਪਣੇ ਪ੍ਰਜੋਜਨ ਹਿਤ ਬਹੁਤ ਪਹਿਲਾਂ ਹੀ ਦੂਰ ਦਰੇਡੇ ਵਸਦੇ ਕਿਰਤ ਕਰਦੇ ਸਿੱਖ ਸ਼ਰਾਧਾਲੂਆਂ ਵੱਲ ਕੇਸਧਾਰੀ ਸਰੂਪ ਵਾਲੇ ਹੋਣ ਦੇ ਸੰਦੇਸ਼ੇ ਭੇਜੇ ਤਾਂ ਜੋ ਉਸ ਮਹਾਨ ਦਿਨ ਦੇ ਆਉਣ ਤੇ ਇਹ ਸਰੂਪ ਵਧੇਰੇ ਗਿਣਤੀ ਵਿਚ ਦਿਸੇ ਤੇ ਦੁਨੀਆ ਤੋਂ ਨਿਆਰਾ ਲੱਗੇ। ਗੁਰੂ ਸਾਹਿਬ ਵੱਲੋਂ ਜਾਪੁ, ਅਕਾਲ ਉਸਤਤਿ ਅਤੇ ਨੌ ਸ਼ਬਦ ਹਜ਼ਾਰੇ ; ਇਹ ਤਿੰਨ ਬਾਣੀਆਂ ਦੀ ਰਚਨਾ ਹੋ ਚੁੱਕੀ ਸੀ।ਸਿੱਖ ਇਨ੍ਹਾਂ ਅਜਪਾ-ਜਾਪੁ' ਬਾਣੀਆ ਦਾ ਪ੍ਰਭਾਤ ਵੇਲੇ ਆਪਣੇ ਰੰਗ ਵਿਚ ਗਾਇਨ



ਕਰਦੇ ।ਉਧਰ ਸਾਂਝੇ ਤੌਰ ਤੇ ਕੌਮ ਦੀ ਯਾਦ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨ ਰੂਪ ਵਿਚ ਸੰਭਾਲਿਆ ਸੀ।ਮਸੰਦ ਜੋ ਦੂਰ ਦੁਰੇਡ ਇਲਾਕਿਆਂ ਵਿਚ ਨਿਯੁਕਤ ਕੀਤੇ ਹੋਏ ਸਨ ਜਿਨਾਂ ਨੂੰ ਗੁਰੂ ਸਾਹਿਬ ਦੀ ਪ੍ਰਤਿਨਿਧਤਾ ਹੋਣ ਦਾ ਮਾਣ ਹਾਸਲ ਸੀ ।ਉਹ ਆਪਣੇ ਧਰਮੀ ਅਕੀਦਿਆਂ ਤੋਂ ਹਿੱਲ ਗਏ ਸਨ , ਆਪਣੇ ਫਰਜ਼ਾਂ , ਨੇਮਾਂ ਤੇ ਵਿਸਰ ਗਏ ਸਨ ।ਭੋਲੇ ਭਾਲੇ ਲੋਕਾਂ ਨੂੰ ਲੁਟਦੇ , ਵਿਚੋਲਪੁਣੇ ਦੀ ਪਦਵੀ ਦੀ ਦੁਰਵਰਤੋਂ ਕਰਦੇ ਤੇ ਗੁਰੂਘਰ ਦੇ ਸੱਚੇ ਸੰਕਲਪ ਨੂੰ ਤਿਆਗ ਕੇ ਆਪਣੇ ਨਿਜੀ ਸੁੱਖਾਂ ਵੱਲ ਹੋ ਤੁਰੇ ਸਨ ।ਉਨ੍ਹਾਂ ਕੁਕਰਮੀ ਮਸੰਦਾਂ ਨੂੰ ਮਸਨਦੀ ਪਦਵੀ ਤੋਂ ਗੁਰੂ ਵੱਲੋਂ ਵੰਚਿਤ ਕਰ ਦਿਤਾ ਗਿਆ ਸੀ ।ਗੁਰੂ ਪਰਜੋਜਨ ਨੇ ਇਹ ਦਰਸਾਉਣਾ ਸੀ ਕਿ ਗੁਰੂ ਉੱਚਤਾ ਦਾ ਸੰਬੰਧ ਪਦਾਰਥਵਾਦ ਵਾਲੇ ਸੰਸਾਰੀ ਕਰਮ ਨਾਲ ਨਹੀਂ ਹੈ ; ਹਮਾਰਾ ਮਕਸਦ ਆਪਣੇ ਆਲੇ ਦੁਆਲੇ ਦੀ ਫਿਜ਼ਾ ਵਿਚ ਰੁਹਾਨੀਅਤ ਦਾ ਬਿੰਬ ਉਸਾਰਨਾ ਹੈ ।ਗੁਰੂ ਸਾਹਿਬ ਨੇ ਮਸੰਦਪ੍ਰਥਾ ਵਿਚ ਆਏ ਨਿਘਾਰ ਬਾਰੇ ਸੋਚ ਵਿਚਾਰ ਕੇ ਕਿ ਇਹ ਮੌਜੂਦਾ ਮਸੰਦਤਾਈ ਜੋ ਸਿੱਖ ਪੰਥ ਨੂੰ ਉਚਤਾ ਬਖਸ਼ਣ ਦੀ ਥਾਏਂ ਢਾਹ ਲਾ ਰਹੀ ਸੀ , ਜੋ ਆਤਮਿਕ ਮਹੱਤਵ ਤੋਂ ਸੱਖਣੀ ਹੋ ਚੁੱਕੀ ਸੀ , ਗੁਰੂ ਸਾਹਿਬ ਨੇ ਇਸ ਮਸੰਦੀ ਵਿਚੋਲਗੀਰੀ ਨੂੰ ਮਨਫੀ ਕਰਕੇ ਸਿੱਖ ਪੰਥ ਨੂੰ ਵੇਲੇ ਸਿਰ ਹੀ ਅਧਿਆਤਮਿਕਤਾ ਸੰਕੇਤ ਦੇ ਦਿਤਾ ਸੀ।

ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਦੀ ਧਰਤੀ ਨੂੰ ਆਪਣੀ ਪਾਕ ਛੋਹ ਬਖਸ਼ਣ ਤੇ ਭਰਪੂਰ ਹਾਜ਼ਰੀਆਂ ਲੁਆਉਣ ਪਿੱਛੋਂ ਅਗਲੇ ਵੱਡੇ ਅਟੱਲ ਰਹੱਸਮਈ ਵਰਤਾਰੇ ਨੂੰ ਅੰਜ਼ਾਮ ਦੇਣ ਲਈ ਸ੍ਰੀ ਅਨੰਦਪੁਰ ਡੇਰੇ ਲਾ ਲਏ ਸਨ। ਅਦ੍ਰਿਸ਼ਟ ਹੋਣੀ ਨੂੰ ਧਿਆਨ ਗੋਚਰ ਕਰਦਿਆਂ ਏਥੇ ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਤੇ ਫਤਹਿਗੜ੍ਹ ਚਾਰ ਕਿਲ੍ਹੇ ਤਾਮੀਰ ਕਰ ਲਏ ਸਨ ।

1699 ਦੀ ਵਿਸਾਖੀ ਤੋਂ ਪਹਿਲਾਂ ਸ੍ਰੀ ਅਨੰਦਪੁਰ ਦੇ ਸਮੇਤ ਹੀ ਦੇਸ਼ ਦੇ ਦੂਰ ਦੂਰ ਅੱਜ ਦੇ ਲਹਿੰਦੇ ਚੜ੍ਹਦੇ ਪੰਜਾਬਾਂ ਵਿਚ ,ਪੰਜਾ ਸਾਹਿਬ ਨਨਕਾਣਾ ਸਾਹਿਬ ਵਗੈਰਾ ਥਾਵਾਂ ਤੋਂ ਅਤੇ ਕਾਬਲ ਕੰਧਾਰ ਦੇਸ਼ਾ ਵਿਚ ਸਿੱਖ ਸੰਗਤਾਂ ਚਿਰਾਂ ਤੋਂ ਬਹੁਤ ਵਿਸਾਖੀਆਂ ਮਾਣਦੀਆਂ ਚੱਲੀਆਂ ਆ ਰਹੀਆਂ ਸਨ।ਵਿਸਾਖੀ ਦੇ ਪੁਰਬ ਦੇ ਜੋੜ ਮੇਲੇ ਦਾ ਪ੍ਰਚਲਨ ਪਹਿਲੇ ਗਰੂ ਸਹਿਬਾਨ ਤੋਂ ਸ਼ੁਰੂ ਹੋ ਗਿਆ ਸੀ ।ਸ਼ਰਧਾਲੂਆਂ ਦਾ ਚਾਵਾਂ ਹੁਲਾਸਾਂ ਨਾਲ ਹੋਇਆ ਵਿਸਾਖੀ ਦਾ ਇਕੱਠ ਦੁੱਖਾ ਸੁੱਖਾਂ ਨੂੰ ਸਾਂਝੇ ਕਰਨ ਤੇ ਗੁਰਮਤੇ ਪੁਗਾਉਣ ਲਈ ਵਰਦਾਨ ਬਣਦਾ ਰਿਹਾ। ਭਲੇ ਇਸ ਸ੍ਰੀ ਆਨੰਦਪੁਰ ਦੀ ਧਰਤੀ ਤੇ ਵੀ ਸਿੱਖ ਜਗਤ ਦੇ ਲੋਕ ਪਹਿਲਾਂ ਹਰ ਵਾਰ ਹੁੰਮ-ਹੁਮਾ ਕੇ ਪਹੁੰਚਦੇ ਆ ਰਹੇ ਸਨ ਪਰ 1699 ਦੀ ਵਿਸਾਖੀ ਖਾਸ ਪ੍ਰਭਾਵ ਤੇ ਨਵੇਕਲੀ ਛਾਪ ਛੱਡਣ ਵਾਲੀ ਸੀ ।ਇਸ ਵਾਰ ਗੁਰੂ ਸਹਿਬ ਨੇ ਕਿਸੇ ਅਜਬ ਰੂਪ ਵਿਚ ਸੰਗਤਾਂ ਦੇ ਸਨਮੁੱਖ ਹੋਣਾ ਸੀ। ਇਸ ਵਿਸਾਖੀ ਨੂੰ ਮਨਾਉਣ ਲਈ ਗੁਰੂ ਸਾਹਿਬ ਵੱਲੋਂ ਉਚੇਚੀ ਤਿਆਰੀ ਦੇ ਫਰਮਾਨ ਜਾਰੀ ਹੋਏ ਸਨ। ਦੂਰ ਦਰੇਡ ਦਾ ਇਲਾਕਾ ਸ਼ਾਮਿਲ ਹੋਣ ਤੋਂ ਵਾਂਝਾ ਨਾ ਰਹਿ ਜਾਵੇ ਦੇਸ਼ ਦੇ ਕੋਨੇ ਕੋਨੇ ਤੇ ਕਾਬਲ ਕੰਧਾਰ ਦਿੱਲੀ ਦੱਖਣ ਵਸਦੇ ਸੱਭ ਸਿੱਖਾਂ ਨੂੰ ਬਹੁਤ ਅਗੇਤਰੇ ਸੰਦੇਸ਼ੇ ਭੇਜੇ ਗਏ ਸਨ। ਸੰਗਤਾਂ ਦੇ ਸਵਾਗਤ ਲਈ ਸ੍ਰੀ ਅਨੰਦਪੁਰ ਸਾਹਿਬ ਪੂਰੀ ਤਰਾਂ ਸਜ ਚੁਕਿਆ ਸੀ। ਜਿਵੇਂ ਜਿਵੇਂ ਦਿਹਾੜਾ ਨੇੜੇ ਆ ਰਿਹਾ ਸੀ , ਗੁਰੂ ਸਾਹਿਬ ਕਿਸੇ ਗਹਿਰੇ ਰਹੱਸ ਵਿਚ ਗੜੂੰਦ ਹੋਏ ਦੇਰ ਤਕ ਵਾਹਿਗੁਰੂ ਸਿਮਰਨ ਵਿਚ ਲੀਨ ਹੋਏ ਰਹਿੰਦੇ ।ਉਨ੍ਹਾਂ ਦੇ ਚੇਹਰੇ ਤੇ ਡੂੰਘੀ ਸਮਾਧੀ ਦਾ ਜਲਾਲ ਅਤੇ ਨੈਣਾਂ ਵਿਚ ਅਗੰਮੀ ਚਿੰਤਨ ਤਾਰੀ ਹੋਇਆ ਰਹਿੰਦਾ। ਉਹ ਕਿਸੇ ਅੰਦਰਲੇ ਵਿਸਮਾਦ ਅਤੇ ਰੱਬੀ ਰਹੱਸ ਵਿਚ ਰੱਤੇ ਹੋਏ ਕਿਸੇ ਮਹਾਨ ਚਿੰਤਨ ਵਿਚ ਰਮੇ ਪਏ ਸਨ।ਸ੍ਰੀ ਅਨੰਦਪੁਰ ਦੀ ਪੌਣ ਕਿਸੇ ਵੱਡੀ ਉਡੀਕ ਵਿਚ ਖਾਮੋਸ਼ ਹੋਈ ਜਾਪਦੀ ਸੀ। ਜਾਣੋ ਦੂਰ ਤਕ ਪਸਰੀ ਹਰੀ ਭਰੀ ਅਨੰਦਪੁਰ ਦੀ ਧਰਤ ਕਿਸੇ ਵੱਡੇ ਇਨਕਲਾਬ ਦੇ ਹੋਣ ਦਾ ਸੁਨੇਹਾ ਦੇਣ ਲਈ ਤਿਆਰ ਹੋ ਰਹੀ ਸੀ ।ਜਿਵੇਂ ਜਿਵੇਂ ਵਿਸਾਖੀ ਦਾ ਇਹ ਪੂਰਬ ਬਰੂਹਾਂ ਦੇ ਨਜ਼ਦੀਕ ਆਉਂਦਾ ਗਿਆ ਸ੍ਰੀ ਅਨੰਦਪੁਰ ਵਿਚਲੀ ਚਹਿਲ ਪਹਿਲ , ਹਥਿਆਰਾਂ ਦੀ ਲਿਸ਼ਕ ਘੋੜਿਆਂ ਦੀਆਂ ਟਾਪਾਂ ਦੀ ਅਵਾਜ਼ ਅਨੰਦਪੁਰ ਨੂੰ ਹੋਰ ਅਨੰਦ ਬਖਸ਼ਣ ਲੱਗੀਆਂ ਸਨ। ਗੁਰੂ ਦੇ ਬੋਲ ਲੋਕਾਂ ਨੂੰ ਆਪਣੀ ਜ਼ਿੰਦਗੀ ਜਾਪਦੇ। ਸੰਗਤਾਂ ਦਾ ਹਿਰਦਾ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਦਰਿਆ ਦੇ ਪਾਣੀ ਵਾਂਗ ਛੱਲਾਂ ਮਾਰਦਾ ਰਹਿੰਦਾ ।ਜਾਣੋ ਗੁਰੂ ਦੀ ਅਪਣੱਤ ਸਿੱਖਾਂ ਸੇਵਕਾਂ ਦੇ ਹਿਰਦਿਆ ਵਿਚ ਸਮ ਚੁੱਕੀ ਸੀ ਰਮ ਚੱਕੀ ਸੀ।

ਬੱਸ ਹੁਣ ਉਡੀਕ ਦੀਆ ਘੜੀਆਂ ਖਤਮ ਅਤੇ ਖਾਲਸਾ ਪੰਥ ਦੀ ਸਿਰਜਣਾ ਹੋਣ ਵਾਲੀ ਸੀ। ਮੌਤ ਦੇ ਉਹ ਕਹਿਰ ਦੂਰ ਨਹੀਂ ਸਨ ਜਿਸ ਵਿਚ ਸ਼ਹੀਦਾਂ ਦੀ ਉਸ ਬੇਮਿਸਾਲ ਪ੍ਰਭਾਤ ਨੇ ਚਮਕਣਾ ਸੀ। ਚਾਰੋ ਸਹਿਬਜ਼ਾਦੇ ਪਰਗਟ ਹੋ ਚੁੱਕੇ ਸਨ ।ਹਜ਼ੂਰ ਕਲਗੀਆਂ ਵਾਲੇ ਦੀਆਂ ਇਹ ਨਿਸ਼ਾਨੀਆਂ , ਅੱਖਾਂ ਵਾਲਿਆਂ ਨੂੰ ਮੁੜ ਮੁੜ ਸਮਝਾਉਂਦੀਆਂ ਕਿ ਤੀਸਰੇ ਪੰਥ ਦਾ ਬਾਲਪਨ ਕਿਸ ਤਰ੍ਹਾਂ ਦਾ ਹੈ , ਇਲਾਹੀ ਕਰਮ ਦੀ ਪਹਿਲੀ ਖ਼ੁਸ਼ਬੋ ਕਿਸ ਤਰਾਂ ਦੀ ਹੁੰਦੀ ਹੈ । ਓੜਕ 1699 ਦੀ ਵਿਸਾਖੀ ਦਾ ਦਿਹਾੜਾ ਆ ਹੀ ਗਿਆ ਜਿਸ ਨੇ ਜਗਤ ਇਤਿਹਾਸ ਦਾ ਵੱਡਾ ਵਰਕਾ ਤੇ ਮਹਾਂ ਦਿਨ ਬਣਨਾ ਸੀ ।ਪੁਰਾਤਨ ਸਿੱਖ ਸ੍ਰੋਤਾਂ ਅਨੁਸਾਰ ਕਈ ਮਹੀਨਿਆ ਤੋਂ ਗੁਰੂ ਦਰਸ਼ਨਾ ਲਈ ਚਲੀਅ ਆ ਰਹੀਆਂ ਸ਼ਰਧਾਵਾਨ ਸੰਗਤਾਂ ਦਾ ਜਮਾਵੜਾ ਅੱਸੀ ਹਜ਼ਾਰ ਆਂਕਿਆ ਗਿਆ । ਗੁਰੂ ਸਾਹਿਬ ਅੰਮ੍ਰਿਤ ਵੇਲੇ ਤੋਂ ਹੀ ਵਾਹਿਗੁਰੂ ਬੰਦਗੀ ਵਿਚ ਲੀਨ ਹੋ ਗਏ ਸਨ ।ਉਧਰ ਦਰਬਾਰ ਸਜ ਚੁੱਕਿਆ ਸੀ ਸਾਰੇ ਪ੍ਰਬੰਧ ਮੁਕੰਮਲ ਹੋ ਚੁੱਕੇ ਸਨ ।ਸ੍ਰੀ ਅਨੰਦਪੁਰ ਦੀਆਂ ਛੋਟੀਆਂ ਛੋਟੀਆਂ ਉੱਚੀਆ ਨੀਵੀਆਂ ਥਾਂਵਾਂ ਤੇ ਬਿਰਾਜਮਾਨ ਸਾਹ ਰੋਕੀ ਬੈਠੀਆਂ ਸੰਗਤਾਂ ਨੂੰ ਗੁਰੂ ਸਹਿਬ ਦੇ ਮੁੱਖ ਨੂੰ ਤੱਕਣ ਦੀ ਤੀਬਰ ਉਡੀਕ ਸੀ । ਗੁਰੂ ਸਾਹਿਬ ਨੇ ਭਜਨ-ਬੰਦਗੀ ਅਤੇ ਇਲਾਹੀ ਲਿਵ ਸੰਪੂਰਨ ਕਰਨ ਤੋਂ ਬਾਅਦ ਆਪਣੇ ਵਸਤਰ ਸ਼ਸਤਰ ਸਜਾਏ। ਪਹਾੜੀ ਢਲਾਨ ਉਪਰ ਵਿਸ਼ਾਲ ਤੰਬੂ ਸਜਿਆ ਹੋਇਆ ਸੀ। ਦੂਰ ਤਕ ਕਨਾਤਾਂ ਅਤੇ ਹਜ਼ੂਰ ਦੇ ਬਿਰਾਜਣ ਲਈ ਸੰਗਮਰਮਰ ਦੀ ਇਕ ਉਚੀ ਥਾਂ ਖਾਸ ਤੌਰ ਤੇ ਜਚਾਈ ਗਈ ਸੀ। ਉਸ ਦੇ ਪਿਛੇ ਥੋੜਾ ਜੇਹਾ ਹਟਵਾਂ ਇਕ ਨੀਲੇ ਰੰਗ ਦਾ ਨਿੱਕਾ ਜੇਹਾ ਤੰਬੂ ਸੀ। ਦਿਨ ਚੜਦਿਆਂ ਸੰਗਤਾਂ ਨੇ ਭੋਜਨ-ਪਾਣੀ ਛਕ ਕੇ ਉਥੇ ਜੁੜਨਾ ਸ਼ੁਰੂ ਕਰ ਦਿਤਾ ।ਸਾਰੇ ਦੀਵਾਨ ਵਿੱਚ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਕੀ ਹੋਣ ਵਾਲਾ ਹੈ ? ਮਾਹੌਲ ਚਾਹੇ ਸ਼ਾਂਤ ਸੀ ਕੋਈ ਬੇਚੈਨੀ ਵੀ ਨਹੀਂ ਸੀ, ਕੋਈ ਗਮਗੀਨਤਾ , ਕੋਈ ਕਾਹਲ ਨਹੀਂ ਸੀ ਪਰ ਫਿਰ ਵੀ ਕਿਸੇ ਅਰੂਪ ਆਮਦ ਦਾ ਅਹਿਸਾਸ ਸਾਰੀ ਖਲਕ'ਤੇ ਛਾਇਆ ਸੀ।

ਕੁਝ ਦੇਰ ਬਾਅਦ ਗੁਰੂ ਸਾਹਿਬ ਨੀਲੇ ਤੰਬੂ ਵਾਲੇ ਪਾਸਿਉਂ ਦੀਵਾਨ ਵਿਚ ਦਾਖਲ ਹੋਏ। ਉਡੀਕ ਵਿਚ ਲੱਗੀਆਂ ਪ੍ਰੇਮੀ ਅੱਖਾਂ ਨੇ ਤੱਕਣ ਸਾਰ ਖੁਸ਼ੀ ਤੇ ਚਾਅ ਦੇ ਜੈਕਾਰੇ ਛੱਡੇ ਤਾਂ ਧਰਤੀ ਪਾਤਾਲ ਗੂੰਜ ਉੱਠੇ ।ਕਿਸੇ ਨੂੰ ਕੀ ਇਲਮ ਸੀ ਅੱਜ ਦੀ ਕਥਾ-ਪ੍ਰਵਾਹ ਤੇ ਗੁਰੂ-ਪਰਵਚਨ ਪਹਿਲਾਂ ਨਾਲੋਂ ਕਿੰਨੇ ਨਿਆਰੇ ਹੋਣਗੇ।ਹਜ਼ੂਰ ਨੇ ਉਸ ਥੜੇ ਉਪਰ ਖਲੋ ਕੇ ਸੰਗਤਾਂ ਨੂੰ ਕਿਸੇ ਡੂੰਘੀ ਅਪਣੱਤ ਨਾਲ ਵੇਖਿਆ ; ਮਿਆਨ ਚੋਂ ਤੇਗ ਖਿਚੀ ਤੇ ਪੂਰੇ ਜਬ੍ਹੇ-ਜਲਾਲ ਵਿਚ ਆ ਕੇ ਫਰਮਾਇਆ



' ਮੈਨੂੰ ਇਕ ਸੀਸ ਚਾਹੀਦਾ ਮੇਰੇ ਸੱਚੇ ਸਿੱਖਾਂ ਚੋਂ ਕੋਈ ਅੱਗੇ ਆਵੇ "

ਸਨਮੁਖ ਪਰਾ ਸਿਖ ਹੈ ਕੋਈ।
ਸੀਸ ਭੇਟ ਕਰ ਦੇਵੇ ਸੋਈ।(ਗੁਰ ਬਿਲਾਸ ਪਾ: 10ਵੀਂ)

ਬੁਲੰਦ ਆਵਾਜ਼ ਚ ਹੋਇਆ ਬਚਨ ਸੁਣਿਆ ਗਿਆ। ਦੂਰ ਦੂਰ ਤਕ ਵੱਡੀ ਚੁੱਪ ਵਰਤ ਗਈ, ਚਾਰੇ ਪਾਸੇ ਸਨਾਟਾ ਛਾ ਗਿਆ। ਸੁਣ ਕੇ ਕੋਈ ਨਾ ਉਠਿਆ ।ਗੁਰੂ ਸਾਹਿਬ ਨੇ ਦੂਜੀ ਵਾਰ ਫਿਰ ਫਰਮਾਇਆ, ' ਮੈਨੂੰ ਇਕ ਸੀਸ ਚਾਹੀਦਾ ਮੇਰੇ ਸੱਚੇ ਸਿੱਖਾਂ ਚੋਂ ਕੋਈ ਅੱਗੇ ਆਵੇ"।

ਫਿਰ ਵੀ ਕੋਈ ਨਹੀਂ ਉਠਿਆ । ਤੀਜੀ ਵਾਰ ਪੁਕਾਰਨ ਤੇ ਪਾਤਸ਼ਾਹ ਦੇ ਹੁਕਮ ਦਾ ਤੇਜ਼ ਝੱਲਣ ਲਈ ਲਾਹੌਰ ਦਾ ਦਇਆ ਰਾਮ ਉਠ ਖਲੋਤਾ। ਵੇਖ ਕੇ ਲੋਕਾਂ ਦੀਆਂ ਨਿਗਾਹਾਂ ਘੁੰਮ ਗਈਆਂ। ਗੁਰੂ ਸਾਹਿਬ ਨੇ ਕੋਲ ਬੁਲਾਇਆ । ਉਸ ਨੂੰ ਪਿਛੇ ਨੀਲੇ ਤੰਬੂ ਵਿਚ ਲੈ ਗਏ ।ਗੁਰੂ ਸਾਹਿਬ ਨੇ ਫਿਰ ਆ ਕੇ ਖ਼ੂਨ ਭਿੱਜੀ ਕਿਰਪਾਨ ਲਹਿਰਾਈ ਤੇ ਪਹਿਲਾਂ ਵਾਂਗ ਫਿਰ ਫਰਮਾਇਆ , ਮੈਨੂੰ ਇਕ ਹੋਰ ਸੀਸ ਚਾਹੀਦਾ ਮੇਰੇ ਸੱਚੇ ਸਿੱਖਾਂ ਚੋਂ ਕੋਈ ਅੱਗੇ ਆਵੇ"। ਫਿਰ ਕਿਸੇ ਦੇ ਨਹੀਂ ਉੱਠਣ ਤੇ ਦੂਜੀ ਵਾਰ ਫਿਰ ਤੀਜੀ ਵਾਰ ਪੁਕਾਰਿਆ ਗਿਆ। ਦੂਜੀ ਵਾਰ ਹਸਤਨਾਪੁਰ (ਦਿੱਲੀ) ਦਾ ਰਹਿਣ ਵਾਲਾ ਜੱਟ ਧਰਮ ਦਾਸ ਉਠਿਆ ।ਗੁਰੂ ਸਾਹਿਬ ਉਸ ਨੂੰ ਵੀ ਪਿੱਛੇ ਤੰਬੂ ਵਿਚ ਲੈ ਗਏ। ਫਿਰ ਵਾਪਸ ਸਿੰਘਾਸਨ ਤੇ ਆ ਕੇ ਤੀਜੇ ਸੀਸ ਦੀ ਮੰਗ ਕੀਤੀ ।ਤੀਜੀ ਵਾਰ ਜਗਨ ਨਾਥ ਪੁਰੀ ਦੇ ਹਿੰਮਤ ਰਾਇ ਜੀ ਸੀਸ ਦੇਣ ਲਈ ਉੱਠ ਖਲੋਤੇ।ਇਸ ਤਰ੍ਹਾਂ ਗੁਰੂ ਸਾਹਿਬ ਨੇ ਪੰਜ ਸੀਸ ਮੰਗੇ ਤਾਂ ਚੌਥੀ ਵਾਰ ਦਵਾਰਕਾ (ਗੁਜਰਾਤ) ਦੇ ਮੁਹਕਮ ਚੰਦ ਜੀ ਤੇ ਪੰਜਵੀਂ ਵਾਰ ਬਿਦਰ (ਆਂਧਰਾ ਪ੍ਰਦੇਸ਼) ਦੇ ਨਾਈ ਬਰਾਦਰੀ ਚੋਂ ਸਾਹਿਬ ਚੰਦ ਜੀ ਸੀਸ ਭੇਟ ਕਰਨ ਲਈ ਆਏ।

ਇਹ ਕੌਤਕ ਰਚਣ ਪਿਛੋਂ ਫਿਰ ਗੁਰੂ ਸਾਹਿਬ ਪੰਜਾਂ ਦੇ ਨਵੇਂ ਪੌਸ਼ਾਕੇ ਪਹਿਨਾ ਕੇ ਉਨ੍ਹਾਂ ਨੂੰ ਤੰਬੂ ਤੋਂ ਬਾਹਰ ਲੈ ਆਏ ।ਉਨ੍ਹਾਂ ਨੂੰ ਸੰਗਤਾਂ ਦੇ ਸਨਮੁੱਖ ਕੀਤਾ ਤਾਂ ਪੰਜਾਂ ਨਵੀਨ ਸਰੂਪਾਂ ਨੂੰ ਵੇਖ ਕੇ ਸਮੁੱਚੀ ਸੰਗਤ ਉਨ੍ਹਾਂ ਵਰਗੀ ਹੋ ਗਈ। ਜਾਣੋ ਸਿੱਖ ਪੰਥ ,ਉਨ੍ਹਾਂ ਪੰਜਾਂ ਵਿਚ ਅਭੇਦ ਹੋ ਗਿਆ। ਤਦ ਗੁਰੂ ਸਾਹਿਬ ਨੇ ਫਰਮਾਇਆ-ਖਾਲਸਾ ਜੀ ਇਹ ਪੰਜ ਮੇਰੇ ਪਿਆਰੇ ਹਨ ; ਤੁਸੀਂ ਸਾਰੇ ਹੀ ਮੇਰੇ ਹੋ ਮੇਰਾ ਸਭ ਕੁਝ ਤੁਹਾਡਾ ਹੈ- ।ਗੁਰੂ ਸਾਹਿਬ ਦਾ ਇਹ ਬਚਨ ਸੁਣਿਆ ਤਾਂ ਸਿੱਖ ਕੌਮ ਨੇ ਦਸਾਂ ਪਾਤਸ਼ਾਹੀਆਂ ਦੇ ਆਖਰੀ ਰੂਪ ਅੱਗੇ ਭਾਵ ਕਲਗੀਆਂ ਵਾਲੇ ਪਾਤਸ਼ਾਹ ਅੱਗੇ ਸਿਜਦਾ ਕੀਤਾ ਸਿਰ ਝੁਕਾ ਦਿਤਾ ; ਗੁਰੂ ਦਾ ਆਦੇਸ਼ ਅੰਗੀਕਾਰ ਕਰ ਲਿਆ।ਫਿਰ ਗੁਰੂ ਸਾਹਿਬ ਫਰਮਾਇਆ -ਖਾਲਸਾ ਜੀ ਆਪ ਲਈ ਮੈਂ ਅੰਮ੍ਰਿਤ ਤਿਆਰ ਕਰਾਂਗਾ -।ਗੁਰ ਬਿਲਾਸ ਪਾਤਸ਼ਾਹੀ 10ਵੀਂ ਦਾ ਰਚੈਤਾ ਭਾਈ ਕੁਇਰ ਸਿੰਘ ਲਿਖਦਾ ਹੈ ਕਿ ਉਪਰੋਕਤ ਕੌਤਕ ਤੋਂ ਬਾਅਦ ਜਦ ਪੰਜੇ ਸਿੱਖ ਤੰਬੂ ਚੋਂ ਬਾਹਰ ਆ ਗਏ ਸਨ ।ਤਦ ਸਤਲੁਜ ਦਰਿਆ ਤੋਂ ਪਵਿੱਤਰ ਜਲ ਮੰਗਵਾ ਕੇ ਲੋਹ-ਪਾਤ੍ਰ ( ਸਰਬ ਲੋਹ ਦੇ ਬਾਟੇ) ਵਿਚ ਪਾਇਆ ਗਿਆ ।ਸ੍ਰੀ ਗੁਰੂ ਕਥਾ ਦਾ ਰਚੈਤਾ ਭਾਈ ਜੀਵਨ ਸਿੰਘ(ਜੈਤਾ) ਲਿਖਦਾ ਹੈ ਉਸ ਵਕਤ ਅੰਮ੍ਰਿਤ ਵਿਧੀ ਵਿਚ ਜਪੁ, ਜਾਪੁ, ਸਵੈਯੇ, ਚੌਪਈ ਤੇ ਅਨੰਦੁ ਸਾਹਿਬ ਦਾ ਪਾਠ ਕੀਤਾ ਗਿਆ ।ਇਸ ਵਰਤ ਰਹੇ ਕੌਤਕ ਬਾਰੇ ਜਦ ਮਾਤਾ ਜੀ ਨੂੰ ਪਤਾ ਲੱਗਾ ਤਾਂ ਉਹ ਪਤਾਸੇ ਲੈ ਕੇ ਆਏ ਤੇ ਅੰਮ੍ਰਿਤ ਤਿਆਰ ਹੋਣ ਦੌਰਾਨ ਉਨ੍ਹਾਂ ਨੇ ਜਲ ਵਿਚ ਉਹ ਪਤਾਸੇ ਪਾ ਦਿਤੇ।

ਪ੍ਰੇਮ ਪਤਾਸੇ ਡਾਰੇ ਅਬ ਮਾਤ ਨੇ , ਯੋ ਅਤਿ ਸੰਗਤ ਮੋਦ ਧਰਾਈ।( ਗੁਰ ਬਿਲਾਸ ਪਾ; 10।

ਕਈ ਵਿਦਵਾਨਾਂ ਦਾ ਮੱਤ ਹੈ ਪਤਾਸੇ ਪਾਉਣ ਵਾਲੀ ਮਾਤਾ ਦਾ ਨਾਮ ਮਾਤਾ ਜੀਤੋ ਜੀ ਹੈ।ਕਈਆਂ ਨੇ ਮਾਤਾ ਸਾਹਿਬ ਦੇਵਾਂ ਜੀ ਦਾ । ਪਰ ਸਿੱਖ ਪਰੰਪਰਾ ਵਿਚ ਮਾਤਾ ਸਾਹਿਬ ਕੌਰ ਖਾਲਸੇ ਦੀ ਮਾਤਾ ਹੈ ਇਥੇ ਇਨ੍ਹਾਂ ਦਾ ਪਤਾਸੇ ਪਾਉਣਾ ਜਿਆਦਾ ਤਰਕਸੰਗਤ ਜਾਪਦਾ ਹੈ ।ਗੁਰੂ ਕੀਆਂ ਸਾਖੀਆਂ" ਦੇ ਰਚੈਤਾ ਨੇ ਵੀ ਮਾਤਾ ਸਾਹਿਬ ਕੌਰ ਜੀ ਦੇ ਨਾਮ ਦਾ ਇਸ਼ਾਰਾ ਕਰਦਿਆਂ ਲਿਖਿਆ ਕਿ ਜਦ ਅੰਮ੍ਰਿਤ ਤਿਆਰ ਕੀਤਾ ਜਾ ਰਿਹਾ ਸੀ ਤਾਂ :

ਮਾਤਾ ਸਾਹਿਬ ਦੇਈ ਜੋ ਸਾਵਨ 1757 ਬਿ: ਮੇਂ ਅਨੰਦਪੁਰ ਆਈ ਥੀ ਉਸ ਨੇ ਭਾਈ ਕ੍ਰਿਪਾ ਰਾਮ ਸੇ ਪੂਛਾ ਕਿ ਗੁਰੂ ਜੀ ਕਿਆ ਕਰ

ਬਾਕੀ ਸਫ਼ਾ 42 'ਤੇ

# ਸਿੱਖ ਮਾਨਸਿਕਤਾ ਵਿਚ ਘਰ ਕਰ ਚੁੱਕੀਆਂ ਵੱਖ-ਵੱਖ ਕੈਲੰਡਰਾਂ ਦੀਆਂ ਤਾਰੀਖ਼ਾਂ

**ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ 2016 ਈ: ਵਿਚ 16 ਜਨਵਰੀ ਆਇਆ ਸੀ ਅਤੇ ਹੁਣ 2017 ਵਿੱਚ 5 ਜਨਵਰੀ ਨੂੰ। ਇਸ ਤੋਂ ਅਗਲਾ ਦਿਹਾੜਾ ਇਸੇ ਸਾਲ 25 ਦਸੰਬਰ (2017 ਈ:) ਨੂੰ ਆਵੇਗਾ। ਇਸ ਹਿਸਾਬ ਨਾਲ ਤਾਂ ਉਸ ਤੋਂ ਅਗਲਾ ਦਿਹਾੜਾ 14 ਦਸੰਬਰ 2018 ਈ: ਨੂੰ ਆਉਣਾ ਚਾਹੀਦਾ ਹੈ ਪਰ ਅਜੇਹਾ ਨਹੀ ਹੋਵੇਗਾ। ਹੁਣ ਇਹ ਦਿਹਾੜਾ 29 ਪੋਹ/13 ਜਨਵਰੀ 2019 ਈ: ਦਿਨ ਐਤਵਾਰ ਨੂੰ ਆਵੇਗਾ।**

**ਸਰਵਜੀਤ ਸਿੰਘ ਸੈਕਰਾਮੈਂਟੋ**

ਸਿੱਖ ਮਾਨਸਿਕਤਾ ਵਿਚ ਘਰ ਕਰ ਚੁੱਕੀਆਂ ਇਹ ਦੋ ਵੱਖ-ਵੱਖ ਕੈਲੰਡਰਾਂ ਦੀਆਂ ਤਾਰੀਖ਼ਾਂ, 23 ਪੋਹ ਅਤੇ ਪੋਹ ਸੁਦੀ 7 ਭਾਵੇਂ ਅੱਜ ਤੋਂ 350 ਸਾਲ ਪਹਿਲਾ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। 1666 ਈ: ਤੋਂ ਪਿਛੋਂ ਇਹ 1685, 1704 ਅਤੇ 1742 ਈ: ਇਕੱਠੀਆਂ ਆਈਆਂ ਸਨ। ਹਰ ਸਾਲ ਦੋਵਾਂ ਤਾਰੀਖ਼ਾਂ ਦਾ ਇਕੱਠੇ ਨਾ ਆਉਣ ਦਾ ਕਾਰਨ ਇਹ ਹੈ ਕਿ, ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬ੍ਰਿਕਮੀ ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ ਵਿਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾਂ ਰਹੀ। ਇਹ ਚੁਣੌਤੀ, ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁਢਲੀ ਜਾਣਕਾਰੀ ਸਾਂਝੀ ਕਰੀਏ। ਕੈਲੰਡਰ ਵਿਗਿਆਨ ਦਾ ਅਰੰਭ ਵੀ, ਇਸ ਧਰਤੀ 'ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਹਨੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਵਿਦਵਾਨ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨ੍ਹਿਆ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਇਨਕਲਾਬੀ ਤਬਦੀਲੀ ਆਈ ਹੋਏਗੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਭ ਤੋਂ ਪਹਿਲਾਂ ਚੰਦ ਆਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਉਂ-ਜਿਉਂ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਆਧਾਰਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚਲਤ ਹੈ। ਹਿੰਦੂ ਧਰਮ ਵਿਚ ਚੰਦਰ-ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚਲਤ ਹੈ ਅਤੇ ਸਿੱਖ ਧਰਮ ਚੰਦਰ-ਸੂਰਜੀ ਬ੍ਰਿਕਮੀ, ਸੂਰਜੀ ਬ੍ਰਿਕਮੀ ਅਤੇ ਗਰੈਗੋਰੀਅਨ ਕੈਲੰਡਰ ਜਿਸ ਨੂੰ ਸੀ: ਈ: ਕੈਲੰਡਰ ਵੀ ਕਹਿੰਦੇ ਹਨ, ਪ੍ਰਚਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜ੍ਹਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ। ਧਰਤੀ ਆਪਣੇ ਧੁਰੇ ਦੁਵਾਲੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੇ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.2422 ਦਿਨਾਂ (365 ਦਿਨ, 5 ਘੰਟੇ, 48 ਮਿੰਟ ਅਤੇ 45 ਸੈਕੰਡ) ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ ਕਿਹਾ ਜਾਂਦਾ ਹੈ। ਧਰਤੀ ਉਪਰ ਰੁੱਤਾਂ ਇਸ ਮੁਤਾਬਕ ਬਦਲਦੀਆਂ ਹਨ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 354.37 ਦਿਨ (354 ਦਿਨ, 8 ਘੰਟੇ, 52 ਮਿੰਟ ਅਤੇ 48 ਸੈਕੰਡ) ਵਿਚ ਪੂਰਾ ਦਾ ਹੁੰਦਾ ਹੈ। ਭਾਵ ਚੰਦ ਦਾ ਇਕ ਸਾਲ ਰੁੱਤੀ ਸਾਲ ਤੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾਂ ਆ ਜਾਵੇਗਾ ਅਤੇ 33 ਸਾਲ ਪਿਛੋਂ ਮੁੜ ਉਸੇ ਤਾਰੀਖ ਦੇ ਨੇੜੇ-ਤੇੜੇ ਆ ਜਾਵੇਗਾ। ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ 2016 ਈ: ਵਿਚ 16 ਜਨਵਰੀ ਆਇਆ ਸੀ ਅਤੇ ਹੁਣ 2017 ਵਿੱਚ 5 ਜਨਵਰੀ ਨੂੰ। ਇਸ ਤੋਂ ਅਗਲਾ ਦਿਹਾੜਾ ਇਸੇ ਸਾਲ 25 ਦਸੰਬਰ (2017 ਈ:) ਨੂੰ ਆਵੇਗਾ। ਇਸ ਹਿਸਾਬ ਨਾਲ ਤਾਂ ਉਸ ਤੋਂ ਅਗਲਾ ਦਿਹਾੜਾ 14 ਦਸੰਬਰ 2018 ਈ: ਨੂੰ ਆਉਣਾ ਚਾਹੀਦਾ ਹੈ ਪਰ ਅਜੇਹਾ ਨਹੀ ਹੋਵੇਗਾ। ਹੁਣ ਇਹ ਦਿਹਾੜਾ 29 ਪੋਹ/13 ਜਨਵਰੀ 2019 ਈ: ਦਿਨ ਐਤਵਾਰ ਨੂੰ ਆਵੇਗਾ। ਅਜੇਹਾ ਕਿਉਂ ?

ਜਿਵੇ ਕਿ ਉਪਰ ਪੜ੍ਹ ਚੁੱਕੇ ਹੋ, ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਲਗਭਗ 11 ਦਿਨ ਛੋਟਾ ਹੁੰਦਾ ਹੈ। ਜਦੋਂ ਚੰਦ ਦਾ ਸਾਲ, ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਸੂਰਜੀ ਸਾਲ ਤੋਂ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। 2018 ਈ: ਵਿਚ ਚੰਦ ਦੇ ਕੈਲੰਡਰ ਵਿੱਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। 19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ। ਇਹ ਤੇਰਵਾਂ ਮਹੀਨਾ ਜਿਸ ਨੂੰ ਮਲਮਾਸ ਜਾਂ ਲੌਂਦ ਦਾ ਮਹੀਨਾ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਸ ਮਹੀਨੇ ਨੂੰ ਅਸ਼ੁਭ ਮੰਨਿਆ ਜਾਂਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾ ਸਕਦਾ। ਨਤੀਜੇ ਵੱਜੋਂ, ਮਲਮਾਸ ਤੋਂ ਪਿਛੋਂ ਆਉਣ ਵਾਲੇ ਗੁਰਪੁਰਬ ਪਿਛਲੇ ਸਾਲ ਨਾਲੋਂ 18/19 ਦਿਨ ਪਛੜ ਜਾਂਦੇ ਹਨ। 2018 ਈ: ਵਿਚ ਚੰਦ ਦੇ ਸਾਲ ਦੇ 13 ਮਹੀਨੇ ਅਤੇ 383/84 ਦਿਨ ਹੋਣਗੇ। ਚੰਦ ਦਾ ਸਾਲ ਜੋ ਆਮ ਤੌਰ ਤੇ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ, ਇਸ ਸਾਲ 18/19 ਦਿਨ ਵੱਡਾ ਹੋਵੇਗਾ। ਇਸ ਕਾਰਨ ਜਿਹੜਾ ਦਿਹਾੜਾ 14 ਦਸੰਬਰ 2018 ਈ: ਨੂੰ ਆਉਣਾ ਚਾਹੀਦਾ ਸੀ ਹੁਣ ਉਹ 2019 ਵਿਚ 13 ਜਨਵਰੀ ਨੂੰ ਆਵੇਗਾ। ਹੁਣ ਫੇਰ ਚੰਦ ਦੇ ਸਾਲ ਲੰਬਾਈ ਮੁਤਾਬਕ ਗੁਰਪੁਰਬ 11 ਦਿਨ ਪਹਿਲਾ ਭਾਵ 2 ਜਨਵਰੀ 2020 ਈ: ਨੂੰ ਆਵੇਗਾ। ਇਹ ਹੈ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਸਮੱਸਿਆ। ਹੁਣ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਜੇ ਚੰਦ ਦੇ ਕੈਲੰਡਰ ਨੂੰ ਵੀ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਹੀ ਰੱਖਣਾ ਹੈ ਤਾਂ ਕਿਉ ਨਾ ਸੂਰਜੀ ਕੈਲੰਡਰ ਹੀ ਅਪਣਾ ਲਿਆ ਜਾਵੇ ?

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ ਬਿਕ੍ਰਮੀ ਕੈਲੰਡਰ ਦੀ 23 ਪੋਹ ਸੀ। ਜਦੋਂ ਇਸੇ ਤਾਰੀਖ ਨੂੰ ਜੂਲੀਅਨ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 22 ਦਸੰਬਰ 1666 ਈ: ਲਿਖੀ ਗਈ।ਸੀ। ਯਾਦ ਰਹੇ ਸਾਡੇ ਦੇਸ਼ ਵਿੱਚ ਇਹ ਕੈਲੰਡਰ ਗੋਰਿਆਂ ਦੇ ਆਉਣ ਨਾਲ ਹੀ ਆਇਆ ਸੀ। 1666 ਈ: ਤੋਂ ਪਿਛੋਂ 1685 ਅਤੇ 1704 ਈ: ਵਿੱਚ ਇਹ ਤਿੰਨੇ ਤਾਰੀਖ਼ਾਂ ਇਕੱਠੀਆਂ ਆਈਆਂ ਸਨ। ਪਰ ਹੁਣ ਮੁੜ ਇਹ ਤਿੰਨੇ ਤਾਰੀਖ਼ਾਂ ਹਜ਼ਾਰਾਂ ਸਾਲ ਇਕੱਠੀਆਂ ਨਹੀਂ ਆਉਣਗੀਆਂ ਕਿਉਂਕਿ ਇੰਗਲੈਂਡ ਵਾਲਿਆਂ ਨੇ 1752 ਈ: ਵਿਚ 3 ਸਤੰਬਰ ਨੂੰ 14 ਸਤੰਬਰ ਮੰਨ ਕੇ ਜੂਲੀਅਨ ਨੂੰ ਗਰੈਗੋਰੀਅਨ ਬਣਾ ਦਿੱਤਾ ਗਿਆ ਸੀ। 1753 ਈ: ਵਿੱਚ 23 ਪੋਹ 2 ਜਨਵਰੀ ਨੂੰ ਆਈ ਸੀ। ਫਰਜ਼ ਕਰੋ ਕਿ ਇੰਗਲੈਂਡ ਵੀ ਜੂਲੀਅਨ ਕੈਲੰਡਰ ਦੀ ਸੋਧ ਨੂੰ ਅਕਤੂਬਰ 1582 ਈ: ਵਿੱਚ ਹੀ ਮਾਨਤਾ ਦੇ ਦਿੰਦਾ ਤਾਂ ਇਹ ਤਾਰੀਖ ਗਰੈਗੋਰੀਅਨ ਕੈਲੰਡਰ ਵਿੱਚ ਲਿਖੀ ਜਾਣੀ ਸੀ, ਜੋ 1 ਜਨਵਰੀ 1667 ਈ: ਹੋਣੀ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੁੰਦਾ ਹੈ ? ਨਹੀਂ ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ ਵਿਚ ਨਿਕਲ ਜਾਂਦੇ ਹਾਂ ਅਤੇ ਇਹ ਤਾਰੀਖ ਵੀ ਸਭ ਨੂੰ ਯਾਦ ਹੋ ਜਾਵੇਗੀ। ਸਾਡਾ ਇਹ ਨਫ਼ਾ ਸ਼ਾਇਦ ਕਿਸੇ ਹੋਰ ਲਈ ਨੁਕਸਾਨਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜ਼ਿਆਦਾ ਫਿਕਰ ਹੈ। ਹੁਣ ਜਦੋਂ ਅਸੀਂ ਇਹ ਦਿਹਾੜਾ ਪੋਹ ਸੁਦੀ 7 ਦੀ ਬਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਇਹ ਦਿਨ ਹਰ ਸਾਲ ਤਕਰੀਬਨ ਇਕ ਹੀ ਤਾਰੀਖ ਨੂੰ ਆਉਂਦਾ ਹੈ। 1666 ਤੋਂ 1751 ਤਾਈਂ 23 ਪੋਹ 22 ਦਸੰਬਰ (ਜੂਲੀਅਨ) ਨੂੰ ਹੀ ਆਉਂਦਾ ਰਿਹਾ ਹੈ। ਬਿਕ੍ਰਮੀ ਸਾਲ ਦੀ ਲੰਬਾਈ ਦੇ ਫਰਕ ਕਾਰਨ ਕਦੇ-ਕਦੇ 21 ਜਾਂ 23 ਦਸੰਬਰ ਨੂੰ ਵੀ ਆਇਆ ਸੀ। 1753 ਈ: ਵਿਚ 23 ਪੋਹ 2 ਜਨਵਰੀ ਦਿਨ ਮੰਗਲਵਾਰ ਨੂੰ ਸੀ। ਹੁਣ ਇਥੇ ਇਕ ਹੋਰ ਸਮੱਸਿਆ ਆ ਜਾਂਦੀ ਹੈ। ਉਹ ਹੈ ਸੂਰਜੀ ਬਿਕ੍ਰਮੀ ਕੈਲੰਡਰ ਅਤੇ ਰੁੱਤੀ ਕੈਲੰਡਰ ਦੀ ਲੰਬਾਈ ਵਿਚ ਅੰਤਰ। 1964 ਈ: ਤੋਂ ਪਹਿਲਾਂ ਸਾਰੇ ਭਾਰਤ ਵਿਚ ਸੂਰਜੀ ਸਿਧਾਂਤ 'ਤੇ ਆਧਾਰਤ ਬਿਕ੍ਰਮੀ ਕੈਲੰਡਰ ਲਾਗੂ ਸੀ। ਜਿਸ ਦੀ ਲੰਬਾਈ 365. 2587 ਦਿਨ ਸੀ। ਇਹ ਲੰਬਾਈ ਰੁੱਤੀ ਸਾਲ ਤੋਂ ਲਗਭਗ 24 ਮਿੰਟ ਵੱਧ ਹੋਣ ਕਾਰਨ ਇਨ੍ਹਾਂ ਦੋਵਾਂ ਵਿੱਚ 60 ਸਾਲਾਂ ਵਿਚ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਇਸ ਵਿਚ ਸੋਧ ਕਰਨ ਉਪਰੰਤ ਦ੍ਰਿਕਗਿਣਤ ਸਿਧਾਂਤ ਮੁਤਾਬਕ ਬਿਕ੍ਰਮੀ ਕੈਲੰਡਰ ਹੋਂਦ ਵਿਚ ਆਇਆ, ਜਿਸ ਦੀ ਲੰਬਾਈ 365. 2563 ਦਿਨ ਮੰਨੀ ਗਈ ਹੈ। ਸਾਲ ਦੀ ਇਹ ਲੰਬਾਈ ਵੀ ਰੁੱਤੀ ਸਾਲ ਤੋਂ ਲਗਭਗ 20 ਮਿੰਟ ਵੱਧ ਹੈ। ਇਕ ਕਾਰਨ ਰੁੱਤੀ ਸਾਲ ਨਾਲੋਂ 72 ਸਾਲਾਂ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਨਾਨਕਸ਼ਾਹੀ ਕੈਲੰਡਰ ਦੀ ਕਹਾਣੀ। ਜਦੋਂ ਵਿਦਵਾਨਾਂ ਨੇ ਇਹ ਸੋਚਿਆ ਕਿ ਇਹ ਫਰਕ ਤਾਂ ਵਧਦਾ ਹੀ ਰਹੇਗਾ ਤਾਂ ਸੂਰਜੀ ਬਿਕ੍ਰਮੀ ਸਾਲ ਦੀ ਲੰਬਾਈ, ਜੋ ਦ੍ਰਿਕਗਿਣਤ ਸਿਧਾਂਤ ਅਨੁਸਾਰ 365.2563 ਦਿਨ ਹੈ, ਨੂੰ ਰੁੱਤੀ ਸਾਲ ਦੀ ਲੰਬਾਈ ਦੇ ਬਰਾਬਰ ਭਾਵ 365.2425 ਦਿਨ ਅਤੇ ਵਦੀ-ਸਦੀ ਦੀ ਥਾਂ ਪ੍ਰਵਿਸ਼ਟਿਆਂ ਨੂੰ ਮੁਖ ਰੱਖਿਆ ਗਿਆ ਤਾਂ ਜੋ ਹਰ ਸਾਲ ਇਹ ਦਿਹਾੜਾ, 11 ਦਿਨ ਪਹਿਲਾਂ ਜਾਂ 18/19 ਦਿਨ ਪਿਛੋਂ ਆਉਣ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕੇ। ਇਸ ਦਾ ਲਾਭ ਇਹ ਹੋਇਆ ਕਿ ਹਰ ਸਾਲ ਜਦੋਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਭਾਵ 23 ਪੋਹ ਆਵੇਗੀ ਤਾਂ ਗਰੈਗੋਰੀਅਨ ਕੈਲੰਡਰ ਦੀ 5 ਜਨਵਰੀ ਹੀ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2003 ਈ: ਵਿਚ ਇਸ ਕੈਲੰਡਰ ਨੂੰ ਮਾਨਤਾ ਦੇ ਦਿੱਤੀ। ਪਰ ਅਚਾਨਕ ਹੀ ਬਿਨਾਂ ਕਿਸੇ ਕਾਰਨ ਦੇ 2010 ਈ: ਵਿੱਚ 23 ਪੋਹ ਨੂੰ ਰੱਦ ਕਰਕੇ, ਮੁੜ ਪੋਹ ਸੁਦੀ 7 ਨੂੰ ਮੁੱਖ ਰੱਖ ਲਿਆ ਗਿਆ। 2017 ਈ: ਵਿੱਚ ਜਦੋਂ ਅਸੀਂ 350ਵਾਂ ਪ੍ਰਕਾਸ਼ ਦਿਹਾੜਾ ਮਨਾ ਰਹੇ ਤਾਂ ਇਸ ਸਾਲ ਪੋਹ ਸੁਦੀ 7, ਨਾਨਕਸ਼ਾਹੀ ਕੈਲੰਡਰ ਦੀ ਤਾਰੀਖ ਮੁਤਾਬਕ 23 ਪੋਹ/5 ਜਨਵਰੀ ਨੂੰ ਹੀ ਆ ਗਈ ਹੈ। ਕਿੰਨਾ ਚੰਗਾ ਹੋਵੇ ਕਿ ਅਸੀਂ ਹਰ ਸਾਲ ੨੩ ਪੋਹ (ਨਾਨਕਸ਼ਾਹੀ) ਨੂੰ ਹੀ ਇਹ ਗੁਰਪੁਰਬ ਮਨਾਇਆ ਕਰੀਏ ਤਾਂ ਕਿ ਈਸਾਈ ਜਗਤ ਦੀ ਕ੍ਰਿਸਮਿਸ ਵਾਂਗ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ ਵੀ, ਸਾਰੇ ਜਗਤ ਨੂੰ ਯਾਦ ਹੋ ਜਾਵੇ।



# ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ



ਕਰਤਾਰ ਕੀ ਸੌਗੰਧ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।
ਹਰਚੰਦ ਮਿਰੇ ਹਾਥ ਮੇਂ ਪੁਰ ਜੌਰ ਕਲਮ ਹੈ,
ਸਤਿਗੁਰ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ।
ਇਕ ਆਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ,
ਸਾਹਿਲ ਕੋ ਯਾ ਮੰਝਧਾਰ ਕੋ, ਜਾ ਲਹਿਰ ਕੋ ਦੇਖੇ ।
**-ਯੋਗੀ ਅੱਲਾ ਯਾਰ ਖਾਂ**

ਸੰਮਤ 1723 ਬਿਕ੍ਰਮੀ 1718 ਪੋਹ ਸ਼ਨੀਵਾਰ ਤੇ ਐਤਵਾਰ ਦੀ ਦਰਮਿਆਨੀ ਰਾਤ ਡੇਢ ਪਹਿਰ ਬਾਕੀ ਸੀ ਕਿ ਪਟਨੇ ਸ਼ਹਿਰ ਬਿਹਾਰ, ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਗੋਬਿੰਦ ਰੱਖਿਆ ਗਿਆ। ਉਸ ਵੇਲੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜੋਧਪੁਰ ਦੇ ਰਾਜੇ ਦੇ ਨਾਲ ਬੰਗਾਲ ਵੱਲ ਗਏ ਸਨ। ਆਪ ਜੀ ਨੂੰ ਆਪਣੇ ਗ੍ਰਹਿ ਵਿਖੇ ਹੋਏ ਸਪੁੱਤਰ ਦਾ ਪਤਾ ਉਸੇ ਜਗ੍ਹਾ 'ਤੇ ਹੀ ਲੱਗਾ। ਜਿਵੇਂ ਕੇ ਗੋਬਿੰਦ ਰਾਇ ਦੇ ਜਨਮ ਨਾਲ ਕਈ ਸਿੱਖਾਂ ਨੇ ਕਰਾਮਾਤੀ ਸਾਖੀਆਂ ਵੀ ਜੋੜੀਆਂ ਹਨ, ਉਨ੍ਹਾਂ ਵਿੱਚ ਬਹੁਤੀ ਸਚਾਈ ਨਹੀਂ ਭਾਸਦੀ, ਇਸ ਲਈ ਉਨ੍ਹਾਂ ਕਰਾਮਾਤਾਂ ਦੇ ਵਰਨਣ ਦੀ ਖਾਸ ਲੋੜ ਨਹੀਂ। ਗੁਰੂ ਗੋਬਿੰਦ ਸਿੰਘ ਜੀ ਜਦੋਂ ਥੋੜ੍ਹੇ ਵੱਡੇ ਹੋਏ ਤਾਂ ਆਪਣੇ ਹਾਣ ਦੇ ਹਾਣੀਆਂ ਨਾਲ ਅਥਾਹ ਪਿਆਰ ਪਿਆ। ਆਪ ਆਪਣੇ ਹਾਣੀਆਂ ਨਾਲ ਟੋਲੀਆਂ ਬਣਾ ਕੇ ਬਾਕਾਇਦਾ ਜੰਗ ਕਰਵਾਉਂਦੇ। ਆਪ ਜੀ ਨੂੰ ਨਿਸ਼ਾਨੇ ਲਾਉਣ ਦਾ ਬਹੁਤ ਸ਼ੌਕ ਸੀ। ਛੋਟੀ ਉਮਰ ਤੋਂ ਹੀ ਆਪ ਬਹੁਤ ਨਿਡਰ ਸਨ।

ਆਪ ਜੀ ਦੇ ਬਹਾਦਰੀ ਦੇ ਛੋਟੀ ਉਮਰੇ ਕਿੱਸੇ ਬੇਅੰਤ ਹਨ ਪਰ ਪਾਠਕਾਂ ਨਾਲ ਸੰਖੇਪ ਵਿਚਾਰ ਰੱਖਦੇ ਹਾਂ। ਇਕ ਦਿਨ ਆਪ ਆਪਣੇ ਹਾਣੀਆਂ ਨਾਲ ਖੇਡ ਰਹੇ ਸਨ, ਉਸੇ ਪਾਸਿਓਂ ਪਟਨਾ ਦੇ ਨਵਾਬ ਦੀ ਸਵਾਰੀ ਗੁਜ਼ਰੀ। ਚੋਬਦਾਰ ਨੇ ਮੁੰਡਿਆਂ ਨੂੰ ਕਿਹਾ ਨਵਾਬ ਜੀ ਨੂੰ ਸਲਾਮ ਕਰੋ ਤਾਂ ਛੋਟੀ ਉਮਰੇ ਗੁਰੂ ਜੀ ਨੇ ਦ੍ਰਿੜ ਫੈਸਲਾ ਲਿਆ ਕਿ, ਨਹੀਂ ਸਲਾਮ ਕਰਾਂਗੇ। ਇਸ ਤਰ੍ਹਾਂ ਛੋਟੀ ਉਮਰੇ ਆਪ ਜੀ ਨੇ ਕਈ ਜੌਹਰ ਵਿਖਾਏ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪੰਜਾਬ ਪਹੁੰਚ ਕੇ ਅਨੰਦਪੁਰ ਨਾਮੀ ਸ਼ਹਿਰ ਵਸਾਇਆ, ਫਿਰ ਪਿਛੋਂ ਆਪਣੇ ਪਰਿਵਾਰ ਨੂੰ ਵੀ ਪਟਨੇ ਤੋਂ ਵਾਪਸ ਬੁਲਾ ਲਿਆ। ਗੁਰੂ ਤੇਗ ਬਹਾਦਰ ਜੀ ਸਾਹਮਣੇ ਸਮੇਂ ਦੇ ਸਾਰੇ ਹਾਲਾਤ ਮੌਜੂਦ ਸਨ।

**- ਨਿਸ਼ਾਨ ਸਿੰਘ**

ਕਈ ਤਰ੍ਹਾਂ ਦੀਆਂ ਰਾਜਸੀ ਧਾਰਮਿਕ ਈਰਖਾ ਜੁੜ ਗਈਆਂ ਸਨ ਤਾਂ ਗੁਰੂ ਜੀ ਨੇ ਆਪਣੇ ਸਪੁੱਤਰ ਨੂੰ ਧਾਰਮਿਕ ਵਿਦਿਆ ਦੇ ਨਾਲ ਨਾਲ ਹਰ ਤਰ੍ਹਾਂ ਦੀ ਜੰਗੀ ਵਿਦਿਆ- ਸ਼ਸਤ੍ਰ ਵਿਦਿਆ, ਘੋੜ ਸਵਾਰੀ ਦੇ ਨਾਲ ਨਾਲ ਖ਼ਾਸ ਤੌਰ 'ਤੇ ਫਾਰਸੀ ਭਾਸ਼ਾ ਅਤੇ ਅਣਗਿਣਤ ਹੋਰ ਭਾਸ਼ਾਵਾਂ ਦਾ ਅਧਿਐਨ ਵੀ ਕਰਵਾਇਆ। ਗੁਰੂ ਤੇਗ ਬਹਾਦਰ ਜੀ ਦੀ ਦੂਰ ਅੰਦੇਸ਼ੀ ਸੋਚ ਦਾ ਸਿੱਟਾ ਗੁਰੂ ਗੋਬਿੰਦ ਸਿੰਘ ਜੀ ਲਈ ਬਹੁਤ ਹੀ ਗੁਣਕਾਰੀ ਸਾਬਤ ਹੋਇਆ। ਜਿਸ ਵੇਲੇ ਗੁਰੂ ਜੀ ਆਪਣੀ ਵਿਦਿਆ ਲੈਣ ਵਿੱਚ ਪੂਰੀ ਤਰ੍ਹਾਂ ਲਿਪਤ ਸਨ, ਤਾਂ ਉਸ ਵੇਲੇ, ਪਿਤਾ ਗੁਰੂ ਤੇਗ ਬਹਾਦਰ ਜੀ ਆਦੁਤੀ ਕੁਰਬਾਨੀ ਦੇਣ ਦੀ ਤਿਆਰੀ ਵਿੱਚ ਸਨ। ਸਮਾਂ ਔਰੰਗਜ਼ੇਬ ਦੇ ਰਾਜ ਦਾ ਸੀ। ਔਰੰਗਜ਼ੇਬ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ 'ਤੇ ਤੁਲਿਆ ਸੀ। ਦੋ ਵਰਣਾਂ ਤੋ ਇੱਕ ਵਰਣ ਬਣਾਉਣ ਲਈ ਕਾਹਲਾ ਸੀ ਅਤੇ ਹਿੰਦੂ ਕੌਮ ਉਸ ਦੇ ਜ਼ੁਲਮਾਂ ਤੋਂ ਅਕਹਿ ਤੇ ਅਸਹਿ ਹੋ ਚੁੱਕੀ ਸੀ। ਕਸ਼ਮੀਰ ਵਿੱਚ ਹਿੰਦੂਆਂ ਨੂੰ ਮੁਸਲਮਾਨ ਬਣਾਉਣ 'ਤੇ ਉਸ ਨੇ ਸਾਰਾ ਟਿੱਲ ਲਾ ਦਿੱਤਾ ਅਤੇ ਸਾਰੀ ਤਾਕਤ ਖਰਚ ਦਿੱਤੀ। ਉਸ ਵੇਲੇ ਸਿੱਖ ਕੌਮ ਦੀ ਹਾਲਤ ਕਾਫੀ ਚੰਗੀ ਸੀ ਅਤੇ ਸਿੱਖਾਂ ਦਾ ਦਬਦਬਾ ਵੀ ਚੰਗਾ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਵਕਤ ਕਈ ਵਾਰ ਲਾਹੌਰ ਅਤੇ ਦਿੱਲੀ ਦੇ ਤਖ਼ਤ ਦੀਆਂ ਗੋਡੀਆਂ ਲੱਗ ਚੁੱਕੀਆਂ ਸਨ। ਹਿੰਦੂ ਕੌਮ ਸਿੱਖਾਂ ਦੀ ਇੱਸ ਗੱਲ ਦਾ ਲੋਹਾ ਮੰਨਦੀ ਸੀ। ਇਸ ਲਈ ਸਿਆਣੇ ਬ੍ਰਾਹਮਣ ਕਸ਼ਮੀਰ ਤੋਂ ਸਿੱਧਾ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆਪਣੇ ਧਰਮ ਨੂੰ ਬਚਾਉਣ ਦੀ ਫਰਿਆਦ ਲੈ ਕੇ ਆਏ। ਸਾਰੀ ਦੁੱਖ ਭਰੀ ਕਹਾਣੀ ਸੁਣਾਈ। ਗੁਰੂ ਜੀ ਪੰਡਤਾਂ ਦੀ ਦੁਖਭਰੀ ਦਾਸਤਾਨ ਸੁਣ ਕੇ ਦ੍ਰਵ ਹੋ ਗਏ। ਬਾਲ ਗੋਬਿੰਦ ਜੀ ਦੇ ਪੁੱਛਣ 'ਤੇ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਦੀ ਸਾਰੀ ਦਾਸਤਾਨ ਬਾਲ ਨੂੰ ਦੱਸੀ ਤਾਂ ਬਾਲ ਗੋਬਿੰਦ ਜੀ ਨੇ ਝੱਟ ਜਵਾਬ ਦਿੱਤਾ, ਪਿਤਾ ਜੀ ਤੁਸੀਂ ਇਨ੍ਹਾਂ ਦੇ ਧਰਮ ਦੀ ਰੱਖਿਆ ਕਰ ਸਕਦੇ ਹੋ, ਆਪ ਜਾਓ ਔਰੰਗਜ਼ੇਬ ਨਾਲ ਟੱਕਰ ਲਓ। ਦੂਸਰੇ ਬੰਨੇ ਔਰੰਗਜ਼ੇਬ ਨੂੰ ਸਿੱਖਾਂ ਦੀ ਚੜ੍ਹਦੀਕਲਾ ਰੜਕਦੀ ਸੀ। ਉਪਰੋਂ ਪੰਡਤਾਂ ਨੂੰ ਗੁਰੂ ਜੀ ਵਲੋਂ ਮਿਲੀ ਮਦਦ ਨਾਲ ਉਸ ਨੂੰ ਅੱਗ ਲੱਗ ਗਈ ਅਤੇ ਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਉਨ੍ਹਾਂ ਦਾ ਸੀਸ ਧੜ ਨਾਲੋਂ ਵੱਖ ਕਰ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦਾ ਸੀਸ ਜੀਵਨ ਨਾਮ ਦਾ ਇੱਕ ਸਿੱਖ ਸ਼੍ਰੀ ਆਨੰਦਪੁਰ ਸਾਹਿਬ ਲਿਆਇਆ ਅਤੇ ਸੀਸ ਦਾ ਸਸਕਾਰ ਕੀਤਾ। ਗੁਰੂ ਜੀ ਨੇ ਆਪਣੇ ਪਿਤਾ ਜੀ ਬਾਬਤ ਕਿਹਾ-

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆਂ ਕਰੀ ਨ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ,
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਮੱਘਰ ਸੁਦੀ 5 11 ਮੱਘਰ ਸੰਮਤ 1732 ਮੁਤਾਬਕ 11 ਨਵੰਬਰ ਸੰਨ 1675 ਨੂੰ ਆਨੰਦਪੁਰ ਸਾਹਿਬ ਦੀ ਧਰਤੀ ਆਪ ਜੀ ਨੂੰ ਗੁਰਿਆਈ ਮਿਲੀ। ਆਪ ਦਾ ਆਨੰਦ ਕਾਰਜ ਲਾਹੌਰ ਨਿਵਾਸੀ ਸ੍ਰੀ ਹਰਜਸ ਦੀ ਸਪੁੱਤਰੀ ਸ੍ਰੀ ਮਾਤਾ ਜੀਤੋ ਜੀ ਨਾਲ 23 ਹਾੜ ਸੰਮਤ 1734 ਨੂੰ ਹੋਇਆ ਅਤੇ ਦੂਸਰਾ ਆਨੰਦ ਕਾਰਜ ਲਾਹੌਰ ਨਿਵਾਸੀ ਸ੍ਰੀ ਰਾਮਸਰਨ ਦੀ ਸਪੁੱਤਰੀ ਸ਼੍ਰੀ ਮਾਤਾ ਸੁੰਦਰੀ ਜੀ ਨਾਲ 7 ਵੇਸਾਖ ਸੰਮਤ 1741 ਨੂੰ ਹੋਇਆ, ਤੀਸਰਾ ਆਨੰਦ ਕਾਰਜ ਰਹੋਤਾਸ ਨਿਵਾਸੀ ਭਾਈ ਰਾਮੂ ਦੀ ਸਪੁੱਤਰੀ ਸ੍ਰੀ ਮਾਤਾ ਸਾਹਿਬ ਕੌਰ ਜੀ ਨਾਲ 18 ਵੈਸਾਖ ਸੰਮਤ 1747 ਨੂੰ ਹੋਇਆ। ਆਪ ਜੀ ਦੇ ਗ੍ਰਹਿ ਚਾਰ ਸਪੁੱਤਰਾਂ ਨੇ ਜਨਮ ਲਿਆ- ਬਾਬਾ ਅਜੀਤ ਸਿੰਘ ਜੀ ਸੰਨ 1687, ਬਾਬਾ ਜੁਝਾਰ ਸਿੰਘ ਜੀ 1690, ਬਾਬਾ ਜੋਰਾਵਾਰ ਸਿੰਘ ਜੀ 1696, ਬਾਬਾ ਫਤਿਹ ਸਿੰਘ ਜੀ 1699 ਨੂੰ ਪ੍ਰਗਟ ਹੋਏ। ਆਪ ਜੀ ਨੇ ਮਜਲੂਮਾਂ ਦੀ ਰਾਖੀ ਕਰਨ ਲਈ ਅਤੇ ਖਾਲਸੇ ਪੰਥ ਨੂੰ ਆਜ਼ਾਦ

ਬਾਕੀ ਸਫ਼ਾ 42 'ਤੇ

ਚਮਕੌਰ ਸਾਹਿਬ ਸ਼ਹੀਦੀ ਜੋੜ ਮੇਲਾ

# ਮੁਤਵਾਜ਼ੀ ਜਥੇਦਾਰਾਂ ਨਾਲ ਪੰਥਕ ਮਸਲੇ ਸੁਲਝਾਉਣ ਦੀ ਪਹਿਲ ਕਰਾਂਗੇ : ਬਡੂੰਗਰ



ਚਮਕੌਰ ਸਾਹਿਬ ਵਿਖੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ।

**ਚਮਕੌਰ ਸਾਹਿਬ/ਬਿਊਰੋ ਨਿਊਜ਼ :**
ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਮੁਤਵਾਜ਼ੀ ਜਥੇਦਾਰਾਂ ਨਾਲ ਸਾਰੇ ਪੰਥਕ ਮਸਲੇ ਸੁਲਝਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਉਨ੍ਹਾਂ ਨਾਲ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਕੌਮ ਵਿੱਚ ਪੈਦਾ ਹੋਈ ਦੁਬਿਧਾ ਖ਼ਤਮ ਕਰਨ ਅਤੇ ਸਮੁੱਚੀ ਕੌਮ ਨੂੰ ਇੱਕਜੁਟ ਰੱਖ ਕੇ ਗੁਰੂਆਂ ਦੇ ਦਰਸਾਏ ਮਾਰਗ ’ਤੇ ਚਲਾਉਣ ਲਈ ਇਹ ਉਪਰਾਲਾ ਕੀਤਾ ਜਾਏਗਾ। ਪ੍ਰੋ. ਬਡੂੰਗਰ ਨੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿੱਚ ਵੱਡੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਵਿੱਚ ਸਹਿਣਸ਼ੀਲਤਾ ਦਾ ਖਜ਼ਾਨਾ ਅਤੇ ਵਿਰਾਸਤ ਸਿਰਫ ਤੇ ਸਿਰਫ ਸਿੱਖ ਪੰਥ ਕੋਲ ਹੈ, ਜਿਨ੍ਹਾਂ ਦੇ ਗੁਰੂ ਸਾਹਿਬਾਨ ਨੇ ਜਬਰ ਤੇ ਜ਼ੁਲਮ ਵਿਰੁੱਧ ਸ਼ਾਂਤਮਈ ਰਹਿ ਕੇ ਸ਼ਹਾਦਤਾਂ ਦਿੱਤੀਆਂ। ਇਸੇ ਰਸਤੇ ’ਤੇ ਚਲਦਿਆਂ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਦੇ ਚਮਕੌਰ ਸਾਹਿਬ ਦੀ ਇੱਕ ਬੇਜੋੜ ਅਤੇ ਅਸਾਵੀਂ ਜੰਗ ਦੌਰਾਨ ਜੂਝਦਿਆਂ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਮੁਗਲਾਂ ਦੀ ਈਨ ਨਾ ਮੰਨ ਕੇ ਸ਼ਹੀਦੀ ਜਾਮ ਪੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਰਾਸਤ ਨੂੰ ਸੰਭਾਲਣ ਅਤੇ ਨਵੀਂ ਪੀੜੀ ਨੂੰ ਇਸ ਨਾਲ ਜੋੜਨ ਦੇ ਭਰਪੂਰ ਯਤਨ ਕਰ ਰਹੀ ਹੈ। ਇਸ ਸਬੰਧੀ 10 ਜਨਵਰੀ ਨੂੰ ਨੌਜਵਾਨ ਚੇਤਨਾ ਸਮਾਗਮ ਆਨੰਦਪੁਰ ਸਾਹਿਬ ਵਿਚ ਕਰਵਾਇਆ ਜਾ ਰਿਹਾ ਹੈ। ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਚਮਕੌਰ ਸਾਹਿਬ ਦੀ ਜੰਗ ਸਾਨੂੰ ਜੂਝਣ ਦੀ ਪ੍ਰੇਰਣਾ ਦਿੰਦੀ ਹੈ। ਬਾਦਲ ਸਰਕਾਰ ਦੇ ਸੋਹਲੇ ਗਾਉਂਦਿਆਂ ਉਨ੍ਹਾਂ ਕਿਹਾ ਕਿ ਜੋ ਕੰਮ ਪੰਥਕ ਸਰਕਾਰ ਨੇ ਕੀਤੇ ਹਨ, ਉਹ ਗਿਣਾਏ ਨਹੀਂ ਜਾ ਸਕਦੇ। ਚਮਕੌਰ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਜਸਟਿਸ (ਰਿਟਾਇਰਡ) ਨਿਰਮਲ ਸਿੰਘ ਲਈ ਉਨ੍ਹਾਂ ਵੋਟਾਂ ਦੀ ਮੰਗ ਵੀ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਅਮਰਜੀਤ ਸਿੰਘ ਚਾਵਲਾ, ਕਰਨੈਲ ਸਿੰਘ ਪੰਜੋਲੀ, ਪ੍ਰਿੰਸੀਪਲ ਸੁਰਿੰਦਰ ਸਿੰਘ ਹਾਜ਼ਰ ਸਨ।

## ਸਾਡੇ ਕੋਲ ਕਿਸੇ ਨੂੰ ਦੇਣ ਲਈ ਪਾਣੀ ਨਹੀਂ : ਭਗਵੰਤ ਮਾਨ

**ਚਮਕੌਰ ਸਾਹਿਬ/ਬਿਊਰੋ ਨਿਊਜ਼ :**
ਦਰਿਆਈ ਪਾਣੀਆਂ ਦੇ ਮੁੱਦੇ ’ਤੇ ਵਿਰੋਧੀ ਧਿਰਾਂ ਵੱਲੋਂ ਘਿਰੀ ਆਮ ਆਦਮੀ ਪਾਰਟੀ (ਆਪ) ਦੀ ਪ੍ਰਚਾਰ ਕਮੇਟੀ ਦੇ ਚੇਅਰਮੈਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਚਮਕੌਰ ਸਾਹਿਬ ਵਿਚ ਸ਼ਹੀਦੀ ਸਮਾਗਮ ਦੌਰਾਨ ਐਲਾਨ ਕੀਤਾ ਕਿ ਪਾਰਟੀ ਪਾਣੀਆਂ ਦੀ ਰਾਖੀ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ ਅਤੇ ਸੂਬੇ ਕੋਲ ਕਿਸੇ ਨੂੰ ਦੇਣ ਲਈ ਇੱਕ ਬੂੰਦ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਇਸ ਮੁੱਦੇ ’ਤੇ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਪਰ ਮੀਡੀਆ ਦੇ ਇੱਕ ਹਿੱਸੇ ਵੱਲੋਂ ਉਨ੍ਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਖਿਲਾਫ਼ ਜੰਗ ਲੜੀ ਅਤੇ ਜਿੱਥੇ ਸਮੂਹ ਮਨੁੱਖਤਾ ਨੂੰ ਜਬਰ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਨਾ ਮਿਲਦੀ ਹੈ, ਉਸੇ ਪ੍ਰੇਰਨਾ ਨਾਲ ‘ਆਪ’ ਬਾਦਲ ਪਰਿਵਾਰ ਦੇ ਜ਼ਾਲਮ ਰਾਜ ਦਾ ਅੰਤ ਕਰੇਗੀ। ਉਨ੍ਹਾਂ ਦੋਵਾਂ ਪਾਰਟੀਆਂ ’ਤੇ ਮਿਲ ਕੇ ਚੋਣਾਂ ਲੜਨ ਦਾ ਇਲਜ਼ਾਮ ਵੀ ਲਗਾਇਆ। ਕੈਪਟਨ ਅਮਰਿੰਦਰ ਸਿੰਘ ਨੂੰ ਵੰਗਾਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਉਹ ਆਪਣੇ ਆਪ ਨੂੰ ਹਰਮਨ ਪਿਆਰਾ ਆਗੂ ਸਮਝਦੇ ਹਨ ਤਾਂ ਉਹ ਵੀ ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ (ਭਗਵੰਤ ਮਾਨ) ਵਿਰੁੱਧ ਚੋਣ ਲੜ ਕੇ ਦੇਖ ਲੈਣ। ਪਾਰਟੀ ਦੇ ਚਮਕੌਰ ਸਾਹਿਬ ਤੋਂ ਉਮੀਦਵਾਰ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਨਾਮ ਨਾਲ ਚੰਨੀ ਸ਼ਬਦ ਨਾ ਲਾਇਆ ਜਾਵੇ ਕਿਉਂਕਿ ਹਲਕੇ ਨੂੰ ਤਾਂ ਕਾਂਗਰਸ ਦੇ ਚੰਨੀ ਤੋਂ ਮੁਕਤ ਕਰਵਾਉਣਾ ਹੈ। ਹਲਕਾ ਰੂਪਨਗਰ ਤੋਂ ਉਮੀਦਵਾਰ ਅਮਰਜੀਤ ਸਿੰਘ ਸੰਦੋਆ ਨੇ ਲੋਕਾਂ ਨੂੰ ਨਸ਼ਿਆਂ ਅਤੇ ਗੁੰਡਾਗਰਦੀ ਖਿਲਾਫ਼ ਲੜਨ ਦਾ ਸੁਨੇਹਾ ਦਿੱਤਾ। ਬਾਅਦ ਵਿੱਚ ਭਗਵੰਤ ਮਾਨ ਨੇ ਦੱਸਿਆ ਕਿ ਪਾਰਟੀ ਦੇ ਰਹਿੰਦੇ ਉਮੀਦਵਾਰਾਂ ਦੀ ਸੂਚੀ ਇੱਕ-ਦੋ ਦਿਨਾਂ ਵਿੱਚ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਾਰਟੀ ਨੂੰ ਮਿਲਣ ਵਾਲਾ ਚੰਦਾ ਬਿਲਕੁਲ ਪਾਰਦਰਸ਼ੀ ਹੈ ਪਰ ਦੂਜੀਆਂ ਪਾਰਟੀਆਂ ਦੇ ਚੰਦੇ ਦੀ ਜੇਕਰ ਜਾਂਚ ਕਰਵਾਈ ਜਾਵੇ ਤਾਂ ਬਹੁਤ ਘਪਲੇ ਸਾਹਮਣੇ ਆ ਸਕਦੇ ਹਨ। ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਸ ਦਾ ਫ਼ੈਸਲਾ ਹਾਈਕਮਾਂਡ ਤੈਅ ਕਰੇਗੀ। ਇਸ ਮੌਕੇ ਪ੍ਰੋ. ਮੇਹਰ ਸਿੰਘ, ਗੁਰਮੇਲ ਸਿੰਘ ਬਾੜਾ, ਗੁਰਚਰਨ ਸਿੰਘ ਮਾਣੇਮਾਜਰਾ, ਚਾਂਦ ਕੁਮਾਰ ਬੇਲਾ, ਗਰਜਾ ਸਿੰਘ ਅਤੇ ਕੁਲਵੰਤ ਸਿੰਘ ਕਾਲੇਮਾਜਰਾ ਹਾਜ਼ਰ ਸਨ।



ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਇਕੱਠ ਨੂੰ ਸੰਬੋਧਨ ਕਰਦੇ ਹੋਏ।

## ਐਸ.ਵਾਈ.ਐਲ. ਲਈ ਅਕਾਲੀ ਤੇ ਕਾਂਗਰਸੀ ਜ਼ਿੰਮੇਵਾਰ : ਕਿੰਗਰਾ

ਚਮਕੌਰ ਸਾਹਿਬ : ‘ਆਪਣਾ ਪੰਜਾਬ’ ਪਾਰਟੀ ਦੇ ਜਨਰਲ ਸਕੱਤਰ ਹਰਦੀਪ ਸਿੰਘ ਕਿੰਗਰਾ ਨੇ ਚਮਕੌਰ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਪਾਰਟੀ ਵੱਲੋਂ ਸੰਧੂਆਂ ਚੌਕ ਵਿੱਚ ਲਾਈ ਸਟੇਜ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਐਸਵਾਈਐਲ ਲਈ ਜਿੰਨੀ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ, ਉਸ ਤੋਂ ਵੱਧ ਜ਼ਿੰਮੇਵਾਰ ਅਕਾਲੀ ਦਲ ਵੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਨੂੰ ਆਪਣੇ ਹਿੱਤ ਪਿਆਰੇ ਹਨ। ਪਾਣੀਆਂ ਦੇ ਮੁੱਦੇ ’ਤੇ ਅਕਾਲੀ ਦਲ ਅਤੇ ਕਾਂਗਰਸ ਵੱਲੋਂ ਸਿਆਸੀ ਰੋਟੀਆਂ ਸੇਕਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹੁਣ ਇਨ੍ਹਾਂ ਪਾਰਟੀਆਂ ’ਤੇ ਬਿਲਕੁਲ ਭਰੋਸਾ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਪੰਜਾਬ ਅੰਦਰ ਭੇਜੇ ਨੁਮਾਇੰਦਿਆਂ ’ਤੇ ਟਿਕਟਾਂ ਦੇਣ ਬਦਲੇ ਕਰੋੜਾਂ ਰੁਪਏ ਲੈਣ ਦੇ ਦੋਸ਼ ਲੱਗ ਰਹੇ ਹਨ। ਅਕਾਲੀ-ਭਾਜਪਾ ਸਰਕਾਰ ’ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਵਾਅਦੇ ਪੂਰੇ ਕਰਨ ਦੀ ਬਜਾਏ ਉਹ ਲੋਕਾਂ ਨੂੰ ਲੁੱਟ ਅਤੇ ਕੁੱਟ ਰਹੇ ਹਨ। ਸ੍ਰੀ ਕਿੰਗਰਾ ਨੇ ਕਿਹਾ ਕਿ ‘ਆਪਣਾ ਪੰਜਾਬ ਪਾਰਟੀ’ ਦੀ ਸਰਕਾਰ ਬਣਨ ’ਤੇ ਪਹਿਲ ਦੇ ਆਧਾਰ ’ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣਗੇ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਇੰਜੀਨੀਅਰ ਜਸਵੀਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਦੇ ਰਾਜ ਵਿੱਚ ਗਰੀਬਾਂ ਨਾਲ ਹਮੇਸ਼ਾ ਧੋਖਾ ਹੁੰਦਾ ਰਿਹਾ ਹੈ। ਇਸ ਕਾਰਨ ਹੁਣ ਲੋਕ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ ਪਾਰਟੀਆਂ ਨੂੰ ਮੂੰਹ ਨਹੀਂ ਲਾਉਣਗੇ। ਚਮਕੌਰ ਸਾਹਿਬ ਤੋਂ ਪਾਰਟੀ ਦੀ ਉਮੀਦਵਾਰ ਪਰਮਿੰਦਰ ਕੌਰ ਰੰਗਰਾ ਤੇ ਟਾਂਡਾ ਤੋਂ ਉਮੀਦਵਾਰ ਕਰਨਲ ਵਰਿੰਦਰ ਸ਼ਰਮਾ ਨੇ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ ਦੀ ਸੋਚ ਕਾਰਨ ਦੂਜੀਆਂ ਪਾਰਟੀਆਂ ਦੇ ਸੀਨੀਅਰ ਲੀਡਰ ਉਨ੍ਹਾਂ ਨਾਲ ਜੁੜ ਰਹੇ ਹਨ। ਇਸ ਮੌਕੇ ਮੀਤ ਪ੍ਰਧਾਨ ਅਮਨਦੀਪ ਸਿੰਘ ਬੋਪਾਰਾਏ, ਕਰਨਲ ਜੇ ਐਸ ਗਿੱਲ, ਇਸਤਰੀ ਵਿੰਗ ਦੀ ਪ੍ਰਧਾਨ ਪਰਵਿੰਦਰ ਕੌਰ, ਪ੍ਰਵੇਸ਼ ਕੌਸ਼ਲ, ਮੇਜਰ ਜਰਨੈਲ ਸਿੰਘ, ਅਮਰਜੀਤ ਸਿੰਘ ਵਾਲੀਆ ਅਤੇ ਪ੍ਰਿੰਸੀਪਲ ਬੁੱਧ ਰਾਮ ਸਿੰਘ ਵੀ ਹਾਜ਼ਰ ਸਨ।

## ਮੁਤਵਾਜ਼ੀ ਜਥੇਦਾਰਾਂ ਦੀ ਹਾਮੀ ਮਗਰੋਂ ਪੰਥਕ ਮਸਲੇ ਹੱਲ ਹੋਣ ਦੀ ਸੰਭਾਵਨਾ

- ਪ੍ਰੋ. ਬਡੂੰਗਰ ਦੀ ਮਨਸ਼ਾ ਤੇ ਨਜ਼ਰੀਆ ਵੇਖਾਂਗੇ: ਦਾਦੂਵਾਲ
- ਬਾਦਲਾਂ ਦੀ ਸੋਚ ਪਾਸੇ ਰੱਖ ਕੇ ਹੋਵੇ ਗੱਲਬਾਤ: ਮੰਡ

**ਬਠਿੰਡਾ/ਬਿਊਰੋ ਨਿਊਜ਼ :** ਮੁਤਵਾਜ਼ੀ ਜਥੇਦਾਰ ਪੰਥਕ ਮਸਲੇ ਨਜਿੱਠਣ ਲਈ ਗੱਲਬਾਤ ਕਰਨ ਵਾਸਤੇ ਤਿਆਰ ਹਨ। ਇਸ ਹਾਮੀ ਨਾਲ ਨਵੇਂ ਰਾਹ ਨਿਕਲਣ ਦੀ ਸੰਭਾਵਨਾ ਬਣ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਥਕ ਏਕਤਾ ਲਈ ਮੁਤਵਾਜ਼ੀ ਜਥੇਦਾਰਾਂ ਨਾਲ ਗੱਲਬਾਤ ਕਰਨ ਦੀ ਪਹਿਲ ਕੀਤੀ ਹੈ। ਚਮਕੌਰ ਸਾਹਿਬ ਵਿੱਚ ਸ਼ਹੀਦੀ ਜੋੜ ਮੇਲ ਮੌਕੇ ਪ੍ਰੋ. ਬਡੂੰਗਰ ਨੇ ਸਿੱਖ ਕੌਮ ਵਿੱਚੋਂ ਦੁਬਿਧਾ ਦੂਰ ਕਰਨ ਖਾਤਰ ਪੰਥਕ ਏਕਤਾ ਦਾ ਮੁੱਦਾ ਉਠਾਇਆ ਸੀ।
ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਹੈ ਕਿ ਜੇ ਪ੍ਰੋ. ਬਡੂੰਗਰ ਗੱਲਬਾਤ ਕਰਨਾ ਚਾਹੁੰਦੇ ਹਨ ਤਾਂ ਉਹ ਤਿਆਰ ਹਨ ਅਤੇ ਗੱਲ ਕਰਨ ਵਿੱਚ ਕੋਈ ਹਰਜ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਪ੍ਰੋ. ਬਡੂੰਗਰ ਕਿਸ ਮਨਸ਼ਾ ਨਾਲ ਗੱਲ ਕਰਨ ਆਉਂਦੇ ਹਨ ਅਤੇ ਕਿੰਨੀ ਸੁਹਿਰਦਤਾ ਨਾਲ ਗੱਲਬਾਤ ਤੋਰਦੇ ਹਨ, ਇਹੋ ਵੇਖਣ ਵਾਲਾ ਹੈ। ਉਨ੍ਹਾਂ ਆਖਿਆ ਕਿ ਉਹ ਤਾਂ ਕਦੇ ਗੱਲਬਾਤ ਤੋਂ ਪਿੱਛੇ ਨਹੀਂ ਹਟੇ। ਉਹ ਵੀ ਚਾਹੁੰਦੇ ਹਨ ਕਿ ਸਿੱਖ ਪ੍ਰੰਪਰਾਵਾਂ ਨੂੰ ਲੱਗੀ ਢਾਹ ਅਤੇ ਤਖ਼ਤ ਸਿਆਸੀ ਗਲਬੇ ਤੋਂ ਮੁਕਤ ਹੋਣ। ਭਾਈ ਦਾਦੂਵਾਲ ਨੇ ਆਖਿਆ ਕਿ ਫਿਲਹਾਲ ਕਮੇਟੀ ਪ੍ਰਧਾਨ ਨੇ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ। ਗੱਲਬਾਤ ਤੋਂ ਪਹਿਲਾਂ ਉਹ ਪ੍ਰੋ. ਬਡੂੰਗਰ ਦਾ ਨਜ਼ਰੀਆ ਵੇਖਣਗੇ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਤਖਤਾਂ ’ਤੇ ਧੱਕੇ ਨਾਲ ਕਾਬਜ਼ ਹੋਏ ਜਥੇਦਾਰਾਂ, ਬਾਦਲ ਪਰਿਵਾਰ ਦੇ ਸਿਆਸੀ ਦਖ਼ਲ ਅਤੇ ਪ੍ਰਬੰਧਾਂ ਵਿੱਚ ਆਈਆਂ ਕਮੀਆਂ ਤੇ ਵਿਗਾੜਾਂ ਨੂੰ ਦੂਰ ਕਰਨ ਪ੍ਰਤੀ ਕੀ ਸੋਚ ਰੱਖਦੇ ਹਨ। ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦਾ ਕਹਿਣਾ ਹੈ ਕਿ ਉਹ ਤਾਂ ਸ਼ੁਰੂ ਤੋਂ ਪੰਥਕ ਏਕਤਾ ਦੇ ਹਾਮੀ ਹਨ ਅਤੇ ਸਾਰਾ ਪੰਥ ਕੇਸਰੀ ਨਿਸ਼ਾਨ ਹੇਠ ਇਕੱਠਾ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਜੇ ਪ੍ਰੋ. ਬਡੂੰਗਰ ਪੰਥਕ ਮਸਲਿਆਂ ’ਤੇ ਗੱਲਬਾਤ ਕਰਨਾ ਚਾਹੁੰਦੇ ਹਨ ਤਾਂ ਉਹ ਇਸ ਤੋਂ ਇਨਕਾਰੀ ਨਹੀਂ। ਭਾਈ ਮੰਡ ਨੇ ਆਖਿਆ ਕਿ ਉਨ੍ਹਾਂ ਦੀ ਇੱਕੋ ਸ਼ਰਤ ਹੋਵੇਗੀ ਕਿ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਤੌਰ ’ਤੇ ਆਉਣ ਅਤੇ ਬਾਦਲਾਂ ਦੀ ਸੋਚ ਨੂੰ ਪਾਸੇ ਰੱਖ ਕੇ ਪੰਥਕ ਮਸਲਿਆਂ ’ਤੇ ਗੱਲਬਾਤ ਲਈ ਮੈਦਾਨ ਵਿੱਚ ਨਿੱਤਰਨ। ਉਨ੍ਹਾਂ ਆਖਿਆ ਕਿ ਬਾਦਲ ਪਰਿਵਾਰ ਨੇ ਸਿੱਖ ਪੰਥ ਦਾ ਵੱਡਾ ਘਾਣ ਕੀਤਾ ਹੈ ਅਤੇ ਤਖ਼ਤਾਂ ਦੀ ਮਾਣ ਮਰਿਆਦਾ ਨੂੰ ਵੱਡੀ ਢਾਹ ਲਾਈ ਹੈ, ਜਿਸ ਕਰ ਕੇ ਬਾਦਲ ਪਰਿਵਾਰ ਤੋਂ ਲਾਂਭੇ ਹੋ ਕੇ ਹੋਣ ਵਾਲੀ ਗੱਲਬਾਤ ਹੀ ਉਸਾਰੂ ਹੋ ਸਕਦੀ ਹੈ। ਸੂਤਰ ਆਖਦੇ ਹਨ ਕਿ ਮੁਤਵਾਜ਼ੀ ਜਥੇਦਾਰਾਂ ਨੇ ਬਾਦਲ ਪਰਿਵਾਰ ਦੇ ਬਾਈਕਾਟ ਦਾ ਸੱਦਾ ਦਿੱਤਾ ਹੋਇਆ ਹੈ, ਜਿਸ ਨੇ ਬਾਦਲ ਪਰਿਵਾਰ ਨੂੰ ਸੱਟ ਮਾਰੀ ਹੈ। ਦੇਖਣਾ ਇਹ ਹੋਵੇਗਾ ਕਿ ਪ੍ਰੋ. ਬਡੂੰਗਰ ਕਿੰਨੇ ਕਦਮ ਅਗਾਂਹ ਪੁੱਟਦੇ ਹਨ।



## ਐਡਵੋਕੇਟ ਕਲੇਰ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਚੇਅਰਮੈਨ ਨਿਯੁਕਤ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਗੁਰਦੁਆਰਿਆਂ ਅਤੇ ਹੋਰ ਪ੍ਰਬੰਧਕੀ ਮਾਮਲਿਆਂ ਦਾ ਨਿਪਟਾਰਾ ਕਰਨ ਲਈ ਬਣੇ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਨਵੇਂ ਮੈਂਬਰਾਂ ਅਤੇ ਇਸ ਦੇ ਚੇਅਰਮੈਨ ਦੀ ਨਿਯੁਕਤੀ ਕਰ ਦਿੱਤੀ ਗਈ ਹੈ ਤੇ ਇਨ੍ਹਾਂ ਨੇ ਆਪਣਾ ਕਾਰਜਭਾਰ ਸੰਭਾਲ ਲਿਆ ਹੈ।
ਕਮਿਸ਼ਨ ਦੇ ਨਵੇਂ ਚੇਅਰਮੈਨ ਵਜੋਂ ਐਡਵੋਕੇਟ ਸਤਨਾਮ ਸਿੰਘ ਕਲੇਰ ਅਤੇ ਮੈਂਬਰਾਂ ਵਜੋਂ ਐਡਵੋਕੇਟ ਦਲਬੀਰ ਸਿੰਘ ਮਾਹਲ ਤੇ ਐਡਵੋਕੇਟ ਗੁਰਦੇਵ ਸਿੰਘ ਸੋਹਲ ਦੀ ਨਿਯੁਕਤੀ ਹੋਈ ਹੈ। ਐਡਵੋਕੇਟ ਕਲੇਰ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਕਾਨੂੰਨੀ ਸਲਾਹਕਾਰ ਵੀ ਹਨ। ਉਨ੍ਹਾਂ ਨੂੰ ਅੱਜ ਸਰਬਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ ਹੈ। ਚੇਅਰਮੈਨ ਦੀ ਚੋਣ ਤੋਂ ਪਹਿਲਾਂ ਨਾਮਜ਼ਦ ਕੀਤੇ ਨਵੇਂ ਮੈਂਬਰਾਂ ਦੀ ਮੀਟਿੰਗ ਜੁਡੀਸ਼ਲ ਕਮਿਸ਼ਨ ਵਿੱਚ ਹੋਈ, ਜਿਸ ਵਿੱਚ ਕਮਿਸ਼ਨ ਦੇ ਮੈਂਬਰ ਦਲਬੀਰ ਸਿੰਘ ਮਾਹਲ ਨੇ ਐਡਵੋਕੇਟ ਕਲੇਰ ਦਾ ਨਾਂ ਪੇਸ਼ ਕੀਤਾ ਅਤੇ ਦੂਜੇ ਮੈਂਬਰ ਗੁਰਦੇਵ ਸਿੰਘ ਸੋਹਲ ਨੇ ਇਸ ਉੱਤੇ ਸਹਿਮਤੀ ਦਿੱਤੀ। ਨਵ-ਨਿਯੁਕਤ ਚੇਅਰਮੈਨ ਅਤੇ ਮੈਂਬਰਾਂ ਨੇ ਕਾਰਜਭਾਰ ਸੰਭਾਲ ਲਿਆ ਤੇ ਕਮਿਸ਼ਨ ਵਿੱਚ ਆਏ ਅਦਾਲਤੀ ਕੇਸਾਂ ਦੀ ਸੁਣਵਾਈ ਸ਼ੁਰੂ ਕੀਤੀ। ਸੂਬਾ ਸਰਕਾਰ ਨੇ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਦੀ ਨਿਯੁਕਤੀ ਲਈ 16 ਦਸੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਤਹਿਤ ਦਸ ਦਿਨਾਂ ਵਿੱਚ ਪਹਿਲੀ ਮੀਟਿੰਗ ਸੱਦ ਕੇ ਚੇਅਰਮੈਨ ਦੀ ਚੋਣ ਕਰਨੀ ਲਾਜ਼ਮੀ ਹੁੰਦੀ ਹੈ। ਸਿੱਖ ਗੁਰਦੁਆਰਾ ਕਮਿਸ਼ਨ ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਗੁਰਦੁਆਰਿਆਂ, ਅਦਾਰਿਆਂ ਤੇ ਮੁਲਾਜ਼ਮਾਂ ਦੇ ਕੇਸਾਂ ਦਾ ਨਿਪਟਾਰਾ ਕਰਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਬੀਬੀ ਸਤਵੰਤ ਕੌਰ ਸਹਾਇਕ ਡਾਇਰੈਕਟਰ ਵਿੱਦਿਆ ਨਿਯੁਕਤ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸਕੂਲਾਂ ਦੇ ਸਮੁੱਚੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਤੇ ਪ੍ਰਬੰਧਕੀ ਅਮਲੇ ਨੂੰ ਹੋਰ ਚੁਸਤ-ਦਰੁਸਤ ਕਰਨ ਲਈ ਬੀਬੀ ਸਤਵੰਤ ਕੌਰ ਨੂੰ ਬਤੌਰ ਸਹਾਇਕ ਡਾਇਰੈਕਟਰ ਵਿੱਦਿਆ ਨਿਯੁਕਤ ਕੀਤਾ ਹੈ।ਬੀਬੀ ਸਤਵੰਤ ਕੌਰ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਪੋਤਰੀ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਪੁੱਤਰੀ ਹੈ। ਸ਼੍ਰੋਮਣੀ ਕਮੇਟੀ ਦੇ ਦਫਤਰ ਵਿੱਚ ਪ੍ਰੋ. ਬਡੂੰਗਰ ਨੇ ਬੀਬੀ ਸਤਵੰਤ ਕੌਰ ਨੂੰ ਸਹਾਇਕ ਡਾਇਰੈਕਟਰ ਵਿੱਦਿਆ ਦਾ ਨਿਯੁਕਤੀ ਪੱਤਰ ਸੌਂਪਿਆ। ਬੀਬੀ ਸਤਵੰਤ ਕੌਰ ਬਤੌਰ ਸਹਾਇਕ ਡਾਇਰੈਕਟਰ ਵਿੱਦਿਆ ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ, ਤਰਨ ਤਾਰਨ, ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਦਾ ਸਮੁੱਚਾ ਕੰਮਕਾਜ ਦੇਖਣਗੇ।

# ਇਤਿਹਾਸ ਨੇ ਸਦੱਮ ਨੂੰ ਸਹੀ ਸਿੱਧ ਕੀਤਾ : ਸਾਬਕਾ ਅਮਰੀਕੀ ਖ਼ੁਫ਼ੀਆ ਏਜੰਟ

ਸੁਸ਼ੀਲ ਕੁਮਾਰ ਮਾਹਪਾਤਰ

ਸਦੱਮ ਹੁਸੈਨ ਪਾਰਟੀ ਇਕ ਵਾਰ ਫੇਰ ਚਰਚਾ ਵਿਚ ਹੈ। ਮੀਡੀਆ ਦੇ ਪੰਨੇ ’ਤੇ ਉਨ੍ਹਾਂ ਨੂੰ ਥਾਂ ਮਿਲ ਰਹੀ ਹੈ। 2006 ਵਿਚ ਸਦੱਮ ਹੁਸੈਨ ਨੂੰ ਫਾਂਸੀ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਲੈ ਕੇ ਚਰਚਾ ਲਗਭਗ ਬੰਦ ਹੋ ਗਈ ਸੀ ਪਰ ਕਿ ਵਾਰ ਫਿਰ ਇਹ ਸੁਰਖ਼ੀਆਂ ਵਿਚ ਹੈ ਕਿਉਂਕਿ 2003 ਵਿਚ ਸਦੱਮ ਹੁਸੈਨ ਤੋਂ ਪੁਛਗਿਛ ਕਰਨ ਵਾਲੇ ਅਮਰੀਕਾ ਦੇ ਸੀ.ਆਈ.ਏ. ਏਜੰਟ ਜੱਾਨ ਨਿਕਸਨ ਨੇ ਆਪਣੀ ਕਿਤਾਬ ‘ਡੀਬ੍ਰੀਫਿੰਗ ਦ ਪ੍ਰੈਸੀਡੈਂਟ’ ਵਿਚ ਕਈ ਖ਼ੁਲਾਸੇ ਕੀਤੇ ਹਨ। ਇਸ ਖ਼ੁਲਾਸੇ ਵਿਚ ਅਜਿਹੀਆਂ ਕਈ ਗੱਲਾਂ ਸਾਹਮਣੇ ਆਈਆਂ ਹਨ ਜੋ ਅਮਰੀਕਾ ਦੀ ਨੀਅਤ ਉਪਰ ਸਵਾਲ ਉਠਾਉਂਦੀਆਂ ਹਨ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਸਦੱਮ ਹੁਸੈਨ ਤਾਨਾਸ਼ਾਹ ਵਜੋਂ ਲੋਕਾਂ ਵਿਚਾਲੇ ਜਾਣਿਆ ਜਾਂਦਾ ਸੀ ਪਰ ਫੇਰ ਇਹ ਸਵਾਲ ਵੀ ਉਠਦਾ ਹੈ ਕਿ ਅਮਰੀਕਾ ਨੇ ਸਦੱਮ ਹੁਸੈਨ ਅਤੇ ਇਰਾਕ ਨਾਲ ਜੋ ਕੀਤਾ, ਉਹ ਕਿੰਨਾ ਸਹੀ ਸੀ। ਜੱਾਨ ਨਿਕਸਨ ਨੇ ਆਪਣੀ ਕਿਤਾਬ ਵਿਚ ਅਜਿਹੀਆਂ ਕਈ ਗੱਲਾਂ ਕਹੀਆਂ ਹਨ, ਜਿਸ ਨਾਲ ਸਦੱਮ ਤੇ ਇਰਾਕ ਪ੍ਰਤੀ ਲੋਕਾਂ ਦੀ ਹਮਦਰਦੀ ਵਧ ਰਹੀ ਹੈ।




## ਜੱਾਨ ਨਿਕਸਨ ਨੇ ਉਠਾਏ ਕਈ ਸਵਾਲ :

2003 ਵਿਚ ਜੱਾਨ ਨਿਕਸਨ ਇਰਾਕ ਵਿਚ ਸੀ, ਨਿਕਸਨ ਸਦੱਮ ਹੁਸੈਨ ਉਪਰ ਪੂਰੀ ਜਾਣਕਾਰੀ ਜੁਟਾ ਰਿਹਾ ਸੀ। ਉਸ ਵਕਤ ਜੱਾਨ ਨਿਕਸਨ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਸਦੱਮ ਹੁਸੈਨ ਨੇ ਪੁਛਗਿਛ ਦੌਰਾਨ ਦੱਸਿਆ ਸੀ ਕਿ ਓਸਾਮਾ ਬਿਨ ਲਾਦੇਨ ਜਾਂ ਅਲ ਕਾਇਦਾ ਨਾਲ ਕੋਈ ਰਿਸ਼ਤਾ ਨਹੀਂ ਸੀ। ਸਦੱਮ ਹੁਸੈਨ ਨੇ ਇਹ ਵੀ ਦੱਸਿਆ ਸੀ ਕਿ 9/11 ਦੇ ਹਮਲੇ ਪਿਛੇ ਉਨ੍ਹਾਂ ਦਾ ਦਿਮਾਗ਼ ਨਹੀਂ ਸੀ। ਨਿਕਸਨ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਸਦੱਮ ਨੂੰ ਅਮਰੀਕਾ ਦੇ ਰਾਸ਼ਟਰਪਤੀ ਬੁੱਸ਼ ਤੋਂ ਡਰ ਨਹੀਂ ਲਗਦਾ ਸੀ। ਸਦੱਮ ਨੇ ਅਮਰੀਕਾ ਖ਼ਿਲਾਫ਼ ਕਦੇ ਸਮੂਹਕ ਵਿਨਾਸ਼ ਦੇ ਹਥਿਆਰ ਵਰਤਣ ਬਾਰੇ ਨਹੀਂ ਸੋਚਿਆ ਸੀ ਪਰ ਫਿਰ ਵੀ ਅਮਰੀਕਾ ਨੂੰ ਗ਼ਲਤਫ਼ਹਿਮੀ ਸੀ ਜਿਸ ਕਾਰਨ ਉਹ



ਸਦੱਮ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣਾ ਚਾਹੁੰਦਾ ਸੀ। ਆਪਣੀ ਕਿਤਾਬ ਵਿਚ ਜੱਾਨ ਨਿਕਸਨ ਨੇ ਅਮਰੀਕਾ ਅਤੇ ਸੀ.ਆਈ.ਏ. ’ਤੇ ਕਈ ਸਵਾਲ ਉਠਾਏ ਹਨ। ਨਿਕਸਨ ਦਾ ਕਹਿਣਾ ਹੈ ਕਿ ਸੀ.ਆਈ.ਏ. ਸਿਰਫ਼ ਅਮਰੀਕਾ ਦੇ ਰਾਸ਼ਟਰਪਤੀ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ ਤੇ ਇਰਾਕ ਤੇ ਸਦੱਮ ਹੁਸੈਨ ਨੂੰ ਲੈ ਕੇ ਕਈ ਗ਼ਲਤ ਜਾਣਕਾਰੀ ਦੇ ਰਿਹਾ ਸੀ।

## ਅਮਰੀਕਾ ਦਾ ਇਰਾਕ ’ਤੇ ਹਮਲਾ :

ਇਸ ਯੁੱਧ ਮਗਰੋਂ ਇਰਾਕ ਦੀ ਆਰਥਿਕ ਹਾਲਤ ਖ਼ਰਾਬ ਹੋ ਗਈ ਸੀ। ਆਪਣੀ ਆਰਥਿਕ ਦਸ਼ਾ ਠੀਕ ਕਰਨ ਲਈ ਸਦੱਮ ਹੁਸੈਨ ਕੁਵੈਤ ’ਤੇ ਕਬਜ਼ਾ ਕਰਨਾ ਚਾਹੁੰਦਾ ਸੀ। 1990 ਵਿਚ ਇਰਾਕ ਨੇ ਆਪਣੇ ਗਵਾਂਢੀ ਰਾਜ ਕੁਵੈਤ ’ਤੇ ਹਮਲਾ ਕੀਤਾ। ਇਸ ਹਮਲੇ ਮਗਰੋਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਇਰਾਕ ’ਤੇ ਆਰਥਿਕ ਪਾਬੰਦੀ ਲਗਾਈ ਤੇ ਕੁਵੈਤ ’ਚੋਂ ਆਪਣੀ ਫ਼ੌਜ ਵਾਪਸ ਲੈਣ ਲਈ ਕਿਹਾ ਪਰ ਇਰਾਕ ਨਹੀਂ ਮੰਨਿਆ। ਫਿਰ ਸੰਯੁਕਤ ਰਾਸ਼ਟਰ ਨੇ ਅਮਰੀਕਾ ਦੀ ਮਦਦ ਨਾਲ ਇਰਾਕ ’ਤੇ ਹਮਲਾ ਕਰ ਦਿੱਤਾ। ਫਿਰ ਦੋਹਾਂ ਵਿਚਾਲੇ ਯੁੱਧ ਵਿਰਾਮ ਦੀ ਸੰਧੀ ਹੋਈ।

## ਜਦੋਂ ਸਦੱਮ ਹੁਸੈਨ ਫੜਿਆ ਗਿਆ :



ਨਿਕਸਨ ਨੇ ਲਿਖਿਆ ਹੈ ਕਿ ਦਸੰਬਰ 2003 ਵਿਚ 8 ਹਫ਼ਤਿਆਂ ਲਈ ਉਹ ਇਰਾਕ ਵਿਚ ਸੀ। ਅਮਰੀਕਾ ਦੀ ਏਜੰਸੀ ਸਦੱਮ ਹੁਸੈਨ ਨੂੰ ਲੱਭਣ ਵਿਚ ਜੁਟੀ ਸੀ, ਜ਼ਿੰਦਾ ਜਾਂ ਮੁਰਦਾ ਫੜਨਾ ਚਾਹੁੰਦੀ ਸੀ। ਤਿਕਰਿਤ ਵਿਚ ਜ਼ਮੀਨ ਹੇਠ ਬਣੇ ਮਕਾਨ ਤੋਂ ਇਕ ਲੰਬਾ ਦਾੜ੍ਹੀ ਵਾਲਾ ਆਦਮੀ ਫੜਿਆ ਗਿਆ। ਅਮਰੀਕਾ ਦੇ ਸੀਨੀਅਰ ਖ਼ੁਫ਼ੀਆ ਅਫ਼ਸਰਾਂ ਨੇ ਨਿਕਸਨ ਤੋਂ ਸਦੱਮ ਬਾਰੇ ਜਾਣਕਾਰੀ ਮੰਗੀ। ਉਸ ਦੀ ਪਛਾਣ ਨੂੰ ਲੈ ਕੇ ਨਿਕਸਨ ਤੋਂ ਕਈ ਸਵਾਲ ਪੁਛੇ। ਨਿਕਸਨ ਨੇ ਸਦੱਮ ਦੀ ਪਛਾਣ ਲਈ ਕਈ ਵੀਡੀਓ ਤੇ ਜਾਣਕਾਰੀਆਂ ਜੁਟਾਈਆਂ ਸਨ। ਨਿਕਸਨ ਨੇ ਦੱਸਿਆ ਸੀ ਕਿ ਸਦੱਮ ਦੇ ਖੱਬੇ ਹੱਥ ਤੇ ਬਾਂਹ ’ਤੇ ਕਬਾਇਲੀ ਟੈਟੂ ਹੈ ਤੇ ਉਸ ਦੇ ਸੱਜੇ ਪੈਰ ਵਿਚ ਗੋਲੀ ਲੱਗਣ ਦਾ ਨਿਸ਼ਾਨ ਹੈ।

## ਸਦੱਮ ਹੁਸੈਨ ਦੇ ਉਤਾਰ-ਚੜ੍ਹਾਅ ਦੀ ਕਹਾਣੀ :

ਸਦੱਮ ਹੁਸੈਨ ਇਰਾਕ ਦਾ ਸਭ ਤੋਂ ਤਾਨਾਸ਼ਾਹ ਰਾਸ਼ਟਰਪਤੀ ਸੀ। ਸਦੱਮ ਹੁਸੈਨ ਨੇ 24 ਸਾਲ ਤਕ ਇਰਾਕ ’ਤੇ ਰਾਜ ਕੀਤਾ, ਇਕ ਤਾਨਾਸ਼ਾਹ ਵਜੋਂ ਲੋਕਾਂ ਵਿਚਾਲੇ ਖ਼ੌਫ਼ ਪੈਦਾ ਕੀਤਾ। ਸਦੱਮ ਦਾ ਜਨਮ ਕਿਸਾਨ ਪਰਿਵਾਰ ਵਿਚ ਹੋਇਆ। 20 ਸਾਲ ਦੀ ਉਮਰ ਵਿਚ ਉਹ ਅਰਬ ਬਾਥ ਪਾਰਟੀ ਦਾ ਮੈਂਬਰ ਬਣਿਆ ਤੇ 1959 ਵਿਚ ਸਦੱਮ ਹੁਸੈਨ ਉਸ ਵੇਲੇ ਦੇ ਰਾਸ਼ਟਰਪਤੀ ਅਬਦੁਲ ਕਰੀਮ ਕਾਸਿਮ ’ਤੇ ਗੋਲੀ ਮਾਰ ਕੇ ਹੱਤਿਆ ਕਰਨ ਦੀ ਕੋਸ਼ਿਸ਼ ਵਿਚ ਨਾਕਾਮ ਰਿਹਾ। ਜਵਾਬੀ ਕਾਰਵਾਈ ਵਿਚ ਸਦੱਮ ਹੁਸੈਨ ਦੇ ਸੱਜੇ ਪੈਰ ਵਿਚ ਗੋਲੀ ਲੱਗੀ ਸੀ।(ਗੋਲੀ ਦੇ ਜ਼ਖ਼ਮ 2003 ਵਿਚ ਸਦੱਮ ਹੁਸੈਨ ਦੀ ਪਛਾਣ ਵਿਚ ਮਦਦਗਾਰ ਸਿੱਧ ਹੋਏ ਸਨ।) ਸਦੱਮ ਹੁਸੈਨ ਦੇ ਕਈ ਸਾਥੀ ਫੜੇ ਗਏ ਸਨ ਤੇ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ ਪਰ ਉਹ ਦੇਸ਼ ਛੱਡ ਕੇ ਭੱਜਣ ਵਿਚ ਕਾਮਯਾਬ ਹੋਇਆ। 1963 ਵਿਚ ਕਾਸਿਮ ਸਰਕਾਰ ਡਿੱਗ ਜਾਣ ਮਗਰੋਂ ਸਦੱਮ ਹੁਸੈਨ ਇਰਾਕ ਪਰਤਿਆ ਪਰ 1964 ਵਿਚ ਗ੍ਰਿਫ਼ਤਾਰੀ ਹੋ ਗਈ। ਕਰੀਬ ਇਕ ਸਾਲ ਮਗਰੋਂ ਸਦੱਮ ਹੁਸੈਨ ਜੇਲ੍ਹ ਵਿਚੋਂ ਭੱਜਣ ਵਿਚ ਕਾਮਯਾਬ ਰਿਹਾ।

## ਰਾਸ਼ਟਰਪਤੀ ਬਣਦਿਆਂ ਹੀ ਸਦੱਮ ਹੁਸੈਨ ਨੇ ਇਰਾਨ ’ਤੇ ਕੀਤਾ ਸੀ ਹਮਲਾ :

1976 ਵਿਚ ਸਦੱਮ ਦੀ ਮਦਦ ਨਾਲ ਅਹਿਮਦ ਹਸਨ ਅਲ ਬਕਰ ਇਰਾਕ ਦਾ ਰਾਸ਼ਟਰਪਤੀ ਬਣਿਆ ਅਤੇ ਸਦੱਮ ਹੁਸੈਨ ਉਨ੍ਹਾਂ ਦਾ ਡਿਪਟੀ ਪਰ ਉਹ ਇਰਾਕ ਦਾ ਰਾਸ਼ਟਰਪਤੀ ਬਣਨਾ ਚਾਹੁੰਦਾ ਸੀ। ਫਿਰ 1979 ਵਿਚ ਅਲ ਬਕਰ ਨੂੰ ਜ਼ਬਰਦਸਤੀ ਅਸਤੀਫ਼ਾ ਦਿਵਾਉਂਦੇ ਹੋਏ ਸਦੱਮ ਹੁਸੈਨ ਇਰਾਕ ਦਾ ਰਾਸ਼ਟਰਪਤੀ ਬਣਿਆ। ਸਦੱਮ ਹੁਸੈਨ ਹਮੇਸ਼ਾ ਡਰਦਾ ਸੀ ਕਿ ਉਸ ਦੀ ਪਾਰਟੀ ਦੇ ਲੋਕ ਉਸ ਖ਼ਿਲਾਫ਼ ਚਾਲ ਨਾ ਚੱਲ ਦੇਣ। ਸਦੱਮ ਹੁਸੈਨ ਨੇ ਆਪਣੀ ਪਾਰਟੀ ਦੇ ਕਈ ਨੇਤਾਵਾਂ ਨੂੰ ਕੱਢ ਦਿੱਤਾ ਤੇ ਕਈਆਂ ਨੂੰ ਫਾਂਸੀ ਦੇ ਦਿੱਤੀ। ਸਦੱਮ ਹੁਸੈਨ ਸੁੰਨੀ ਭਾਈਚਾਰੇ ਵਿਚੋਂ ਸੀ ਤੇ ਇਰਾਕ ਵਿਚ ਇਸ ਭਾਈਚਾਰੇ ਦੀ ਜਨਸੰਖਿਆ ਬਹੁਤ ਘੱਟ ਸੀ। ਸਦੱਮ ਸਾਹਮਣੇ ਬਹੁਤ ਵੱਡੀ ਚੁਣੌਤੀ ਇਹ ਵੀ ਸੀ ਕਿ 60 ਫ਼ੀਸਦੀ ਸ਼ਿਆ ਲੋਕ ਕਦੇ ਵੀ ਸਦੱਮ ਹੁਸੈਨ ਖ਼ਿਲਾਫ਼ ਆਵਾਜ਼ ਚੁੱਕ ਸਕਦੇ ਸਨ, ਚਾਲ ਚੱਲ ਸਕਦੇ ਸਨ। ਰਾਸ਼ਟਰਪਤੀ ਬਣਨ ਦੇ ਕੁਝ ਮਹੀਨੇ ਬਾਅਦ ਸਦੱਮ ਹੁਸੈਨ ਨੇ ਇਰਾਨ ’ਤੇ ਹਮਲਾ ਕਰ ਦਿੱਤੀ। ਇਸ ਹਮਲੇ ਪਿਛੇ ਸਭ ਤੋਂ ਵੱਡਾ ਕਾਰਨ ਸੀ ਇਰਾਨ ਵਿਚ



ਸ਼ਿਆ ਸਰਕਾਰ। ਸਦੱਮ ਹੁਸੈਨ ਨੂੰ ਇਹ ਡਰ ਲਗ ਰਿਹਾ ਸੀ ਕਿ ਕਿਤੇ ਇਰਾਨ ਦੀ ਸ਼ਿਆ ਸਰਕਾਰ ਉਸ ਖ਼ਿਲਾਫ਼ ਕੋਈ ਚਾਲ ਨਾ ਚੱਲ ਦੇਵੇ। ਇਰਾਕ ਅਤੇ ਇਰਾਨ ਦੋਵੇਂ ਮੁਲਕਾਂ ਵਿਚਾਲੇ ਕਈ ਸਾਲਾਂ ਤਕ ਲੜਾਈ ਚੱਲੀ। ਰਸਾਇਣਕ ਹਥਿਆਰਾਂ ਦੀ ਵੀ ਵਰਤੋਂ ਹੋਈ, ਜਿਸ ਕਾਰਨ ਕਈ ਲੱਖ ਲੋਕਾਂ ਦੀਆਂ ਜਾਨਾਂ ਗਈਆਂ। ਫਿਰ 1988 ਵਿਚ ਦੋਵੇਂ ਮੁਲਕਾਂ ਵਿਚਾਲੇ ਯੁੱਧ ਵਿਰਾਮ ਸੰਧੀ ਹੋਈ।

## ਸਦੱਮ ਹੁਸੈਨ ਨੂੰ ਫਾਂਸੀ ਦਿੱਤੀ ਗਈ :

2002 ਵਿਚ ਅਮਰੀਕਾ ਗ਼ਲਤਫ਼ਹਿਮੀ ਵਿਚ ਸੀ ਕਿ ਇਰਾਕ ਕੋਲ ਸਮੂਹਕ ਵਿਨਾਸ਼ ਦੇ ਹਥਿਆਰ ਹਨ ਤੇ ਇਰਾਕ ਇਸ ਦੀ ਵਰਤੋਂ ਆਪਣੇ ਗਵਾਂਢੀ ਦੇਸ਼ ਖ਼ਿਲਾਫ਼ ਕਰ ਸਕਦਾ ਹੈ। ਅਮਰੀਕਾ ਇਹ ਵੀ ਮੰਨਦਾ ਸੀ ਕਿ ਸਦੱਮ ਹੁਸੈਨ ਦਾ ਓਸਾਮਾ ਬਿਨ ਲਾਦੇਨ ਤੇ ਅਲ-ਕਾਇਦਾ ਨਾਲ ਰਿਸ਼ਤਾ ਹੈ ਤੇ ਇਰਾਕ ਅਤਿਵਾਦ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਫਿਰ 20 ਮਾਰਚ 2003 ਵਿਚ ਅਮਰੀਕਾ ਨੇ ਇਰਾਕ ਉਪਰ ਹਮਲਾ ਕਰ ਦਿੱਤਾ। ਇਕ ਮਹੀਨੇ ਦੇ ਅੰਦਰ ਅਮਰੀਕਾ ਨੇ ਬਗਦਾਦ ’ਤੇ ਕਬਜ਼ਾ ਕਰ ਲਿਆ ਤੇ ਸਦੱਮ ਹੁਸੈਨ ਦੇ ਅੰਡਰ ਗਰਾਉਂਡ ਹੋਣ ਦੀ ਖ਼ਬਰ ਆਈ ਪਰ 13 ਦਸੰਬਰ 2003 ਨੂੰ ਸਦੱਮ ਹੁਸੈਨ ਫੜਿਆ ਗਿਆ। ਤਿੰਨ ਸਾਲ ਤਕ ਇਰਾਕ ਦੀ ਜੇਲ੍ਹ ਵਿਚ ਰਹਿਣ ਮਗਰੋਂ ਸਦੱਮ ਹੁਸੈਨ ਨੂੰ 30 ਦਸੰਬਰ 2006 ਨੂੰ ਫਾਂਸੀ ਦਿੱਤੀ ਗਈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਸ ਸੀ.ਆਈ.ਏ. ਨੇ 1959 ਵਿਚ ਸਦੱਮ ਹੁਸੈਨ ਨੂੰ ਕਾਸਿਮ ’ਤੇ ਹਮਲਾ ਕਰਨ ਤੇ ਦੇਸ਼ ’ਚੋਂ ਭੱਜਣ ਵਿਚ ਮਦਦ ਕੀਤੀ ਸੀ, ਉਸੇ ਸੀ.ਆਈ.ਏ. ਨੇ 2003 ਵਿਚ ਸਦੱਮ ਹੁਸੈਨ ਨੂੰ ਖ਼ਤਮ ਕਰ ਦਿੱਤਾ।



# ਸਦੱਾਮ ਹੁਸੈਨ ਨੂੰ ਇਰਾਕ ਦਾ ਸ਼ਾਸਨ ਕਰਨ ਲਈ ਛੱਡ ਦੇਣਾ ਚਾਹੀਦਾ ਸੀ

ਅਮਰੀਕਾ ਆਪਣੇ ਪਲਾਨ ਵਿਚ ਕਾਮਯਾਬ ਵੀ ਹੋਇਆ। ਸਦੱਾਮ ਦੀ ਮੌਤ ਮਗਰੋਂ ਲੋਕ ਨਵੇਂ ਇਰਾਕ ਦੀ ਉਮੀਦ ਕਰ ਰਹੇ ਸਨ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਇਰਾਕ ਵਿਚ ਸ਼ਾਂਤੀ ਪਰਤੇਗੀ ਅਤੇ ਜਮਹੂਰੀ ਤਰੀਕੇ ਨਾਲ ਇਰਾਕ ਅੱਗੇ ਵਧੇਗਾ ਪਰ ਅਜਿਹਾ ਨਹੀਂ ਹੋਇਆ। ਸਦੱਾਮ ਹੁਸੈਨ ਨੇ ਨਿਕਸਨ ਸਾਹਮਣੇ ਜੋ ਭਵਿੱਖਬਾਣੀ ਕੀਤੀ ਸੀ ਉਹ ਸੱਚ ਹੋਈ। ਪੁਛਗਿਛ ਦੌਰਾਨ ਸਦੱਾਮ ਹੁਸੈਨ ਨੇ ਨਿਕਸਨ ਨੂੰ ਦੱਸਿਆ ਸੀ ਕਿ ਅਮਰੀਕਾ ਨੂੰ ਤਾਂ ਇਰਾਕ 'ਤੇ ਸ਼ਾਸਨ ਕਰਨ ਵਿਚ ਕਦੇ ਸਫਲਤਾ ਨਹੀਂ ਮਿਲ ਸਕੇਗੀ। ਹੁਣ ਇਰਾਕ ਦਾ ਹਾਲ ਕੀ ਹੈ, ਸਭ ਨੂੰ ਪਤਾ ਹੈ। ਇਰਾਕ ਇਕ ਇਸਲਾਮਿਕ ਸਟੇਟ ਬਣਦਾ ਜਾ ਰਿਹਾ ਹੈ।



ਆਈ.ਐਸ.ਆਈ. ਦਾ ਖ਼ੌਫ਼ ਵਧਦਾ ਜਾ ਰਿਹਾ ਹੈ। ਇਹ ਸਭ ਦੇਖਣ ਮਗਰੋਂ ਜੱਾਨ ਨਿਕਸਨ ਨੂੰ ਅਹਿਸਾਸ ਹੋ ਰਿਹਾ ਹੈ ਕਿ ਸਦੱਾਮ ਹੁਸੈਨ ਸਹੀ ਸੀ। ਇਰਾਕ 'ਤੇ ਸ਼ਾਸਨ ਕਰਨਾ ਏਨਾ ਆਸਾਨ ਨਹੀਂ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜੱਾਨ ਨਿਕਸਨ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਹੁਣ ਉਸ ਨੂੰ ਲਗਦਾ ਹੈ ਸਦੱਾਮ ਹੁਸੈਨ ਨੂੰ ਇਰਾਕ 'ਤੇ ਸ਼ਾਸਨ ਕਰਨ ਲਈ ਛੱਡ ਦੇਣਾ ਚਾਹੀਦਾ ਸੀ। ਜੇਕਰ ਸਦੱਾਮ ਹੁੰਦਾ ਤਾਂ ਸ਼ਾਇਦ ਇਰਾਕ ਦਾ ਅੱਜ ਜੋ ਹਾਲ ਹੈ, ਉਹ ਨਾ ਹੁੰਦਾ। ਨਿਕਸਨ ਲਿਖਦੇ ਹਨ ਕਿ ਸਦੱਾਮ ਹੁਸੈਨ ਨਿਰਦਈ ਰਾਸ਼ਟਰਪਤੀ ਜ਼ਰੂਰ ਸੀ ਪਰ ਇਰਾਕ ਵਰਗੇ ਰਾਸ਼ਟਰ ਦਾ ਸ਼ਾਸਨ ਕਰਨ ਲਈ ਉਨ੍ਹਾਂ ਵਰਗਾ ਹੀ ਰਾਸ਼ਟਰਪਤੀ ਹੋਣਾ ਚਾਹੀਦਾ ਸੀ। ਨਿਕਸਨ ਮੰਨਦੇ ਹਨ ਕਿ ਜੇਕਰ ਸਦੱਾਮ ਹੁਸੈਨ ਹੁੰਦਾ ਤਾਂ ਅੱਜ ਇਰਾਕ ਵਿਚ ਆਈ.ਐਸ.ਆਈ.ਐਸ. ਦਾ ਖ਼ੌਫ਼ ਨਾ ਹੁੰਦਾ। ਸਦੱਾਮ ਨੇ ਕਿਹਾ ਸੀ ਕਿ ਅਮਰੀਕਾ ਇਰਾਕ ਵਿਚ ਸਫਲ ਨਹੀਂ ਹੋਵੇਗਾ। ਇਰਾਕ 'ਤੇ ਸ਼ਾਸਨ ਕਰਨਾ ਏਨਾ ਆਸਾਨ ਨਹੀਂ ਹੈ। ਅਮਰੀਕਾ ਇਰਾਕ ਦੀ ਭਾਸ਼ਾ ਨਹੀਂ ਸਮਝਦਾ, ਇਸ ਦੇ ਇਤਿਹਾਸ ਬਾਰੇ ਨਹੀਂ ਜਾਣਦਾ। ਇਰਾਕ ਦੇ ਇਤਿਹਾਸ ਬਾਰੇ ਜਾਣੇ ਬਿਨਾਂ ਇਸ 'ਤੇ ਰਾਜ ਕਰਨਾ ਏਨਾ ਆਸਾਨ ਨਹੀਂ ਹੈ। ਸਦੱਾਮ ਨੇ ਖ਼ੁਫੀਆ ਏਜੰਟ ਨੂੰ ਕਿਹਾ, 'ਅਮਰੀਕੀ ਅਣਪਛਾਤੇ ਗੁੰਡੇ ਹਨ ਜੋ ਇਰਾਕ ਬਾਰੇ ਕੁਝ ਨਹੀਂ ਜਾਣਦੇ ਪਰ ਫੇਰ ਵੀ ਇਰਾਕ ਨੂੰ ਨਸ਼ਟ ਕਰਨ ਵਿਚ ਲੱਗੇ ਹੋਏ ਹਨ।' ਉਸ ਨੇ ਕਿਹਾ ਕਿ ਇਰਾਕ ਅਤਿਵਾਦੀ ਰਾਸ਼ਟਰ ਨਹੀਂ ਹੈ। ਓਸਾਮਾ ਦਾ ਇਰਾਕ ਨਾਲ ਕੋਈ ਰਿਸ਼ਤਾ ਨਹੀਂ ਤੇ ਨਾ

**ਸਦੱਾਮ ਨੇ ਨਿਕਸਨ ਨੂੰ ਕਿਹਾ ਸੀ, 'ਮੈਂ ਤੁਹਾਡੇ ਰਾਸ਼ਟਰਪਤੀ ਤੋਂ ਨਹੀਂ ਡਰਦਾ, ਮੇਰੇ ਦੇਸ਼ ਨੂੰ ਬਚਾਉਣ ਲਈ ਮੈਨੂੰ ਜੋ ਕਰਨਾ ਚਾਹੀਦਾ ਹੈ, ਮੈਂ ਉਹੀ ਕਰਾਂਗਾ।'**

ਹੀ ਗਵਾਂਢੀ ਰਾਸ਼ਟਰ ਲਈ ਇਰਕਾ ਵਲੋਂ ਕੋਈ ਖ਼ਤਰਾ ਹੈ ਪਰ ਫੇਰ ਵੀ ਅਮਰੀਕਾ ਦੇ ਰਾਸ਼ਟਰਪਤੀ ਇਹ ਸੋਚ ਰਹੇ ਹਨ ਕਿ ਇਰਾਕ ਹਮਲਾ ਕਰਨਾ ਚਾਹੁੰਦਾ ਹੈ ਤੇ ਇਰਾਕ ਕੋਲ ਸਮੂਹਕ ਵਿਨਾਸ਼ ਦੇ ਹਥਿਆਰ ਹਨ। ਸਦੱਾਮ ਨੇ ਵਿਨਾਸ਼ਕ ਹਥਿਆਰ ਬਾਰੇ ਕਿਹਾ, 'ਇਰਾਕ ਨੇ ਇਸ ਹਥਿਆਰ ਦਾ ਇਸਤੇਮਾਲ ਕਰਨ ਦਾ ਕਦੇ ਨਹੀਂ ਸੋਚਿਆ ਸੀ, ਨਾ ਇਸ ਬਾਰੇ ਕਦੇ ਚਰਚਾ ਹੋਈ ਸੀ। ਪੂਰੀ ਸਮਰਥਾ ਵਾਲਾ ਅਜਿਹਾ ਕੋਈ ਮੁਲਕ ਹੈ ਕੀ ਜੋ ਇਸ ਦਾ ਇਸਤੇਮਾਲ ਕਰਨਾ ਚਾਹੁੰਦਾ ਹੈ? ਅਸੀਂ ਇਹ ਸਾਰੇ ਉਮੀਦ ਨਹੀਂ ਕਰ ਰਹੇ ਸੀ, ਅਮਰੀਕਾ ਗ਼ਲਤ ਸੀ। ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਅਸੀਂ ਇਕ-ਦੂਸਰੇ ਨੂੰ ਸੁਣਨਾ ਨਹੀਂ ਚਾਹੁੰਦੇ ਸੀ? ਕੀ ਉਹ (ਜਾਰਜ ਬੁੱਸ਼) ਸਾਡੇ ਨਾਲ ਖੇਡ ਰਹੇ ਸਨ। ਆਪਣੇ ਘੁਮੰਡ ਕਾਰਨ ਉਹ ਸਚਾਈ ਨੂੰ ਲੁਕਾ ਰਹੇ ਸਨ।' ਸਦੱਾਮ ਨੇ ਨਿਕਸਨ ਨੂੰ ਕਿਹਾ ਸੀ, 'ਮੈਂ ਤੁਹਾਡੇ ਰਾਸ਼ਟਰਪਤੀ ਤੋਂ ਨਹੀਂ ਡਰਦਾ, ਮੇਰੇ ਦੇਸ਼ ਨੂੰ ਬਚਾਉਣ ਲਈ ਮੈਨੂੰ ਜੋ ਕਰਨਾ ਚਾਹੀਦਾ ਹੈ, ਮੈਂ ਉਹੀ ਕਰਾਂਗਾ।' ਸਦੱਾਮ ਨੇ ਇਹ ਵੀ ਕਿਹਾ ਕਿ ਇਰਾਨ ਖ਼ਿਲਾਫ਼ ਰਾਸਾਇਣਕ ਹਥਿਆਰ ਦਾ ਇਸਤੇਮਾਲ ਉਨ੍ਹਾਂ ਦਾ ਫ਼ੈਸਲਾ ਨਹੀਂ ਸੀ।

## ਜਦੋਂ ਬੁਸ਼ ਹੋਏ ਨਾਖੁਸ਼ :

ਜੱਾਨ ਨਿਕਸਨ ਨੇ ਲਿਖਿਆ ਹੈ ਕਿ 2006 ਤਕ ਉਨ੍ਹਾਂ ਨੂੰ ਕਦੇ ਮੌਕਾ ਨਹੀਂ ਮਿਲਿਆ ਸੀ ਕਿ ਉਹ ਰਾਸ਼ਟਰਪਤੀ ਬੁਸ਼ ਸਾਹਮਣੇ ਬੈਠਣ ਤੇ ਉਹ ਸਭ ਦੱਸਣ ਪਰ 2007 ਵਿਚ ਨਿਕਸਨ ਨੂੰ ਇਕ ਮੌਕਾ ਮਿਲਿਆ ਜਦੋਂ ਬੁਸ਼ ਨੇ ਉਨ੍ਹਾਂ ਤੋਂ ਇਰਾਕ ਬਾਰੇ ਜਾਣਕਾਰੀ ਮੰਗੀ। ਬੁਸ਼ ਨੇ ਨਿਕਸਨ ਤੋਂ ਪੁਛਿਆ ਕਿ ਸਦੱਾਮ ਹੁਸੈਨ ਕਿਹੋ ਜਿਹਾ ਆਦਮੀ ਸੀ? ਨਿਕਸਨ ਨੇ ਜਵਾਬ ਦਿੱਤਾ ਕਿ ਸਦੱਾਮ ਹੁਸੈਨ ਸ਼ਾਂਤ ਰਹਿਣ ਵਾਲਾ ਆਦਮੀ ਸੀ ਤੇ ਉਸ ਦੀ ਆਤਮ ਵਿਰੋਧੀ ਬੁੱਧੀ ਨੇ ਬੁਸ਼ ਨੂੰ ਦੁਵਿਧਾ ਵਿਚ ਪਾ ਦਿੱਤਾ। ਨਿਕਸਨ ਦਾ ਜਵਾਬ ਸੁਣਦਿਆਂ ਹੀ ਰਾਸ਼ਟਰਪਤੀ ਬੁਸ਼ ਕਾਫ਼ੀ ਗੁੱਸੇ ਵਿਚ ਆ ਗਏ ਸਨ। ਉਦੋਂ ਨਿਕਸਨ ਨੂੰ ਬੋਲਣਾ ਪਿਆ ਸੀ ਕਿ ਅਸਲੀ ਸਦੱਾਮ ਹੁਸੈਨ ਹੰਕਾਰੀ, ਵਿਅੰਗਾਤਮਕ ਤੇ ਭਿਆਨਕ ਸੀ। ਇਹ ਸੁਣਨ ਮਗਰੋਂ ਬੁਸ਼ ਦਾ ਗੁੱਸਾ ਸ਼ਾਂਤ ਹੋਇਆ।

## ਬੁਸ਼ ਸਿਰਫ਼ ਉਹੀ ਸੁਣਨਾ ਚਾਹੁੰਦੇ ਸਨ ਜੋ ਉਨ੍ਹਾਂ ਨੂੰ ਪਸੰਦ ਸੀ :



ਨਿਕਸਨ ਨੇ ਲਿਖਿਆ ਹੈ ਕਿ ਜਾਰਜ ਬੁਸ਼ ਨੇ ਆਪਣੀ ਜੀਵਨੀ ਵਿਚ ਲਿਖਿਆ ਸੀ ਕਿ ਇਰਾਕ ਉਪਰ ਦਿੱਤੀ ਗਈ ਗ਼ਲਤ ਰਿਪੋਰਟ ਨੂੰ ਲੈ ਕੇ ਉਹ ਸੈਂਟਰਲ ਇੰਟਲੀਜੈਂਸ ਏਜੰਸੀ ਦੇ ਕਮਰਸ਼ੀਅਲ ਅਫ਼ਸਰਾਂ ਦੀ ਕਦੇ ਆਲੋਚਨਾ ਨਹੀਂ ਕਰਨਗੇ, ਪਰ ਬੁਸ਼ ਨੇ ਅਜਿਹਾ ਕੀਤਾ। ਜੋ ਵੀ ਗ਼ਲਤੀ ਹੋਈ ਸੀ, ਉਸ ਨੂੰ ਲੈ ਕੇ ਉਨ੍ਹਾਂ ਨੇ ਸੈਂਟਰਲ ਇੰਟਲੀਜੈਂਸ ਦੀ ਰਿਪੋਰਟ ਨੂੰ ਜ਼ਿੰਮੇਵਾਰ ਠਹਿਰਾਇਆ। ਨਿਕਸਨ ਨੇ ਇਹ ਵੀ ਲਿਖਿਆ ਹੈ ਕਿ ਰਾਸ਼ਟਰਪਤੀ ਬੁਸ਼ ਸਿਰਫ਼ ਉਹੀ ਸੁਣਨਾ ਚਾਹੁੰਦੇ ਸਨ, ਜੋ ਉਨ੍ਹਾਂ ਨੂੰ ਪਸੰਦ ਸੀ।

SFO/LAX to DELHI
FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC
• ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
• ਰੋਜ਼ਾਨਾ ਸ਼ਾਮ ਨੂੰ ਘਰ ਜਾਓ
• ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



# ਮਹਿੰਗਾ ਪੈ ਸਕਦਾ ਹੈ ਗੁਆਂਢੀ ਦੇਸ਼ਾਂ ਨਾਲ ਤਣਾਅ

**ਪਾਕਿਸਤਾਨ ਨਾਲ ਸਿੰਧੂ ਜਲ-ਸਮਝੌਤਾ ਮੁੜ ਖੋਲ੍ਹ ਦਿੱਤਾ ਗਿਆ ਹੈ। ਨੇਪਾਲ ਨੂੰ ਇੰਜ ਪਿਛਾਂਹ ਕੀਤਾ ਜਾ ਰਿਹਾ ਹੈ ਕਿ ਉਹ ਚੀਨ ਨਾਲ ਸਾਂਝ ਵਧਾਉਣ ਲੱਗ ਪਿਆ ਹੈ, ਮਾਲਦੀਵਜ਼ ਨਾਲ ਮਾਮਲੇ ਸਿੱਝਣ ਦੀ ਮਜਬੂਰੀ ਬਣੀ ਹੋਈ ਹੈ ਅਤੇ ਬੰਗਲਾਦੇਸ਼ ਤੇ ਸ੍ਰੀਲੰਕਾ ਵਿੱਚ ਚੀਨ ਦੇ ਦਾਖ਼ਲੇ ਦਾ ਭਾਰਤ ਕੋਲ ਕੋਈ ਜਵਾਬ ਨਹੀਂ ਹੈ - ਇਸ ਵੇਲੇ ਗੁਆਂਢੀ ਦੇਸ਼ਾਂ ਪ੍ਰਤੀ ਵਿਦੇਸ਼ ਨੀਤੀ ਇਹੋ ਵਿਖਾਈ ਦੇ ਰਹੀ ਹੈ, ਜਿਸ ਦੇ ਹਾਂ-ਪੱਖੀ ਨਤੀਜੇ ਨਹੀਂ ਨਿੱਕਲਣਗੇ, ਸਗੋਂ ਇਸ ਤਾਜ਼ਾ ਭੜਕਾਹਟ ਦੇ ਜਵਾਬ ਵਜੋਂ ਜ਼ਰੂਰ ਕੋਈ ਕਾਰਵਾਈ ਹੋ ਸਕਦੀ ਹੈ। ਪਰ ਇਸ ਦੀ ਥਾਂ ਮੋਦੀ ਇਸ ਵੇਲੇ ਕੁਝ ਅਜਿਹੀ ਸਥਿਤੀ ਵੱਲ ਵਧਦੇ ਜਾਪ ਰਹੇ ਹਨ, ਜਿੱਥੇ ਗੁਆਂਢੀ ਦੇਸ਼ ਜਾਂ ਤਾਂ ਨਾਰਾਜ਼ ਹੋ ਰਹੇ ਹਨ ਅਤੇ ਜਾਂ ਦੋਹਰੀ ਖੇਡ ਖੇਡਣ ਲੱਗ ਪਏ ਹਨ।**

**ਸੰਦੀਪ ਦੀਕਸ਼ਿਤ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਨੁਸਾਰ ਅਸੀਂ ਹੁਣ ਨੋਟਬੰਦੀ ਦੇ ਤਜਰਬੇ ਦੇ ਆਖ਼ਰੀ ਸਿਰੇ 'ਤੇ ਪੁੱਜ ਗਏ ਹਾਂ। ਕਿਸੇ ਨੂੰ ਹਾਲੇ ਤੱਕ ਇਹ ਪਤਾ ਨਹੀਂ ਲੱਗ ਰਿਹਾ ਕਿ ਊਠ ਕਿਸ ਕਰਵਟ ਬੈਠੇਗਾ। ਪਰ ਹੁਣ ਦੇਸ਼ ਦਾ ਹਰੇਕ ਨਾਗਰਿਕ ਦਰਦ ਮਹਿਸੂਸ ਕਰ ਰਿਹਾ ਹੈ ਅਤੇ ਉਡੀਕ ਰਿਹਾ ਹੈ ਕਿ ਨੋਟਬੰਦੀ ਤੋਂ ਬਾਅਦ ਬਦਲੇ ਟੀਚਿਆਂ ਦੇ ਆਧਾਰ ਉੱਤੇ ਡਿਜੀਟਲ ਅਰਥ ਵਿਵਸਥਾ ਸ਼ੁਰੂ ਕਰਨ ਅਤੇ ਗ਼ਰੀਬਾਂ ਨੂੰ ਆਰਥਿਕ ਤੌਰ ਉੱਤੇ ਮਜ਼ਬੂਤ ਬਣਾਉਣ ਲਈ ਨਵੇਂ ਐਲਾਨ ਕਦੋਂ ਕੀਤੇ ਜਾਣਗੇ।

ਇਸ ਵੇਲੇ ਭਾਰਤ ਤੇ ਭਾਰਤੀਆਂ ਕੋਲ ਖਿਆਲ ਕਿਸੇ ਨਵੇਂ ਪਾਸੇ ਲਾਉਣ ਦਾ ਸਮਾਂ ਨਹੀਂ ਹੈ ਕਿਉਂਕਿ ਪਹਿਲਾਂ ਹੀ ਸਰਕਾਰ ਨੋਟਬੰਦੀ ਦੇ ਪ੍ਰਸੰਗ ਵਿੱਚ ਨਿੱਤ ਨਵੇਂ ਨਿਯਮ ਬਣਾਉਂਦੀ ਆ ਰਹੀ ਹੈ ਅਤੇ ਮੁਕਾਬਲਤਨ ਰੱਜੇ-ਪੁੱਜੇ ਕੁਝ ਲੋਕਾਂ ਪਾਸੋਂ ਹੋਈਆਂ ਬਰਾਮਦਗੀਆਂ ਬਾਰੇ ਢੋਲ ਵਜਾਉਣ ਵਿੱਚ ਲੱਗੀ ਹੋਈ ਹੈ। ਉੱਪਰੋਂ ਨੋਟਬੰਦੀ ਦੇ ਨਫ਼ੇ-ਨੁਕਸਾਨਾਂ ਬਾਰੇ ਇਸ ਦੇ ਵਿਰੋਧੀਆਂ ਤੇ ਆਸ਼ਾਵਾਦੀਆਂ ਦਰਮਿਆਨ ਕੰਨ-ਪਾੜਵੀਆਂ ਬਹਿਸਾਂ ਵੱਖਰੇ ਤੌਰ 'ਤੇ ਚੱਲ ਰਹੀਆਂ ਹਨ।

ਹੁਣ ਜਦ ਕਿ ਆਪਾਂ ਸਾਰੇ ਨੋਟਬੰਦੀ ਦੇ ਸਰੋਵਰ ਵਿੱਚ ਗੋਤੇ ਖਾ ਰਹੇ ਹਾਂ, ਅਜਿਹੇ ਵੇਲੇ ਮੌਜੂਦਾ ਸਰਕਾਰ ਸਾਡੇ ਗੁਆਂਢੀ ਦੇਸ਼ਾਂ ਬਾਰੇ ਆਪਣੀਆਂ ਨੀਤੀਆਂ ਕੁਝ ਇਸ ਤਰ੍ਹਾਂ ਉਲੀਕ ਰਹੀ ਹੈ ਜਿਹੜੀਆਂ ਭਵਿੱਖ ਵਿੱਚ ਸਾਨੂੰ ਗ਼ੈਰਯਕੀਨੀ ਦੇ ਆਲਮ ਵਿੱਚ ਫਸਾਈ ਰੱਖਣਗੀਆਂ। ਪਾਕਿਸਤਾਨ ਅਤੇ ਚੀਨ ਵਿਰੁੱਧ ਮੋਦੀ ਦੀ ਪਹੁੰਚ ਸਭ ਤੋਂ ਵੱਧ ਸਖ਼ਤ ਵਿਖਾਈ ਦੇ ਰਹੀ ਹੈ। ਅਜਿਹੇ ਦਾਅਪੇਚ ਵਿੱਚ ਕੋਈ ਗ਼ਲਤੀ ਨਹੀਂ ਹੈ ਕਿਉਂਕਿ ਪਿਛਲੀਆਂ ਸਰਕਾਰਾਂ ਵੀ ਇਨ੍ਹਾਂ ਦੋਵੇਂ ਦੇਸ਼ਾਂ ਨਾਲ ਖੁੱਲ੍ਹ ਕੇ ਝਗੜਦੀਆਂ ਰਹੀਆਂ ਹਨ। ਪਰ ਪਿਛਲੀਆਂ ਹਕੂਮਤਾਂ ਸਮਝੌਤੇ ਲਈ ਕਿਤੇ ਨਾ ਕਿਤੇ ਕੋਈ ਇੱਕ-ਅੱਧੀ ਖਿੜਕੀ ਜ਼ਰੂਰ ਖੋਲ੍ਹ ਕੇ ਰੱਖਦੀਆਂ ਰਹੀਆਂ ਸਨ, ਤਾਂ ਜੋ ਕਿਸੇ ਵੀ ਵੇਲੇ ਦੁਸ਼ਮਣੀ ਵਾਲੀ ਸਥਿਤੀ ਤੋਂ ਥੋੜ੍ਹਾ ਪਿਛਾਂਹ ਹਟਿਆ ਜਾ ਸਕੇ। ਉਨ੍ਹਾਂ ਦੀ ਦੁਸ਼ਮਣੀ ਕੋਈ ਬਹੁਤੀ ਵੱਡੀ ਨਹੀਂ ਸੀ। ਉਦੋਂ ਥੋੜ੍ਹ-ਚਿਰੇ ਟੀਚੇ ਹਾਸਲ ਕਰਨ ਦੀ ਹੀ ਗੱਲ ਸੀ ਕਿ ਜਿਵੇਂ ਚੀਨ ਨਿਯਮਿਤ ਵੀਜ਼ਾ ਦੇਣ ਦੀ ਥਾਂ ਭਾਰਤ ਦੇ ਹੀ ਅਰੁਣਾਚਲ ਪ੍ਰਦੇਸ਼ ਵਰਗੇ ਪ੍ਰਾਂਤ ਦੇ ਵਸਨੀਕਾਂ ਨੂੰ ਵੱਖਰੇ ਕਾਗਜ਼ 'ਤੇ ਵੀਜ਼ਾ ਸਟੈਪਲ ਕਰਕੇ ਦੇਣ ਦਾ ਰਿਵਾਜ ਛੱਡ ਦੇਵੇ।

ਮੋਦੀ ਇਸ ਵੇਲੇ ਪੱਕੀ ਦੁਸ਼ਮਣੀ ਪੈਦਾ ਕਰਦੇ ਜਾਪਦੇ ਹਨ, ਜਿਸ ਬਦਲੇ ਕਿਸੇ ਜਵਾਬੀ ਕਾਰਵਾਈ ਦਾ ਖ਼ਤਰਾ ਉੱਭਰਨਾ ਸੁਭਾਵਕ ਹੀ ਹੈ। ਚੀਨ ਤਾਂ ਪਹਿਲਾਂ ਹੀ 23 ਜਨਵਰੀ ਤੋਂ ਹਾਂਗ ਕਾਂਗ ਵਿਚ ਭਾਰਤੀਆਂ ਦੇ ਬੰਦਸ਼ਾਂ ਰਹਿਤ ਦਾਖ਼ਲੇ ਨੂੰ ਖ਼ਤਮ ਕਰ ਕੇ ਜਵਾਬੀ ਕਾਰਵਾਈ ਕਰ ਚੁੱਕਿਆ ਹੈ। ਇਸ ਗੱਲ ਨੂੰ ਸਮਝਣਾ ਔਖਾ ਹੈ ਕਿ ਮੋਦੀ ਸਰਕਾਰ ਕਿਸ ਗੱਲੋਂ ਨਾਖ਼ੁਸ਼ ਹੈ। ਉਹ ਜਿਵੇਂ ਹਾਫ਼ਿਜ਼ ਸਈਦ ਤੇ ਐਨ.ਐਸ.ਜੀ. ਮੈਂਬਰਸ਼ਿਪ ਦੇ ਮੁੱਦਿਆਂ 'ਤੇ ਚੀਨੀ ਰੁਖ਼ ਨੂੰ ਨਿੰਦ ਚੁੱਕੀ ਹੈ, ਦੱਖਣੀ ਚੀਨ ਸਾਗਰ ਵਿੱਚ ਤੇਲ ਦੀ ਖੋਜ ਲਈ ਸਰਗਰਮੀ ਦਿਖਾ ਕੇ, ਤਵਾਂਗ (ਅਰੁਣਾਚਲ) ਵਿਚ ਅਮਰੀਕੀ ਰਾਜਦੂਤ ਦਾ ਸੁਆਗਤ ਕਰਕੇ ਅਤੇ ਚੀਨ-ਪਾਕਿਸਤਾਨ ਆਰਥਿਕ ਲਾਂਘੇ (ਸੀ.ਪੀ.ਈ.ਸੀ.) ਦਾ ਵਿਰੋਧ ਕਰਕੇ ਚੀਨ ਲਈ ਭੜਕਾਹਟਾਂ ਪੈਦਾ ਕਰ ਚੁੱਕੀ ਹੈ।

ਨੇਪਾਲ ਵਿਚ, ਕਿਸੇ ਵੇਲੇ ਸ਼ੱਕੀ ਸਮਝੇ ਜਾਣ ਵਾਲੇ ਪ੍ਰਚੰਡ ਦੇ ਪ੍ਰਧਾਨ ਮੰਤਰੀ ਬਣ ਜਾਣ ਦੇ ਬਾਵਜੂਦ ਚੀਨ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਪ੍ਰਚੰਡ ਤੋਂ ਪਹਿਲਾਂ ਦੇ ਪ੍ਰਧਾਨ ਮੰਤਰੀ ਕੇ.ਪੀ. ਓਲੀ ਭਾਰਤ ਲਈ ਭੈੜੇ ਸੁਫ਼ਨੇ ਵਾਂਗ ਰਹੇ ਸਨ। ਉਨ੍ਹਾਂ ਨੇ ਚੀਨ ਨਾਲ ਸਿੱਧੇ ਕਾਰੋਬਾਰੀ ਲਾਂਘੇ ਭਾਵ ਆਵਾਜਾਈ ਦੇ ਮਾਮਲੇ 'ਤੇ ਸੰਧੀ ਕਰ ਲਈ ਸੀ, ਜਿਸ ਨੂੰ ਪਿਛਾਂਹ ਮੋੜਨਾ ਅਸੰਭਵ ਹੈ। ਹਾਲੇ ਇਹ ਵੇਖਣਾ ਬਾਕੀ ਹੈ ਕਿ ਲ੍ਹਾਸਾ-ਕਾਠਮੰਡੂ ਵਪਾਰਕ ਲਾਂਘਾ ਖੁੱਲ੍ਹਣ ਨਾਲ ਨੇਪਾਲ ਜਾਣ ਵਾਲੇ ਭਾਰਤੀ ਵਪਾਰਕ ਰਸਤਿਆਂ ਅਤੇ ਸਬੰਧਤ ਕਾਰੋਬਾਰ ਉੱਤੇ ਕੀ ਪ੍ਰਭਾਵ ਪਵੇਗਾ। ਇਸ ਵੇਲੇ ਭਾਰਤ ਨੂੰ ਇਸ ਦਾ ਲਾਭ ਇਹ ਹੈ ਕਿ ਨੇਪਾਲ, ਭੂਗੋਲਿਕ ਤੌਰ 'ਤੇ ਕੋਲਕਾਤਾ ਬੰਦਰਗਾਹ ਦੇ ਨੇੜੇ ਹੈ। ਪਰ ਜੇ ਚੀਨ, ਤਿੱਬਤ ਵਿੱਚ ਆਪਣੀਆਂ ਉਤਪਾਦਨ ਇਕਾਈਆਂ ਦੇ ਸਥਾਨ ਬਦਲਣ ਦਾ ਫ਼ੈਸਲਾ ਲੈਂਦਾ ਹੈ, ਤਾਂ ਨਾ ਕੇਵਲ ਨੇਪਾਲ ਵਿਚ ਹੋਣ ਵਾਲੇ ਭਾਰਤੀ ਕਾਰੋਬਾਰ ਨੂੰ ਖੋਰਾ ਲੱਗੇਗਾ, ਸਗੋਂ ਇਸ ਦਾ ਅਸਰ ਸਰਹੱਦ ਪਾਰ ਉੱਤਰ ਪ੍ਰਦੇਸ਼ ਤੇ ਬਿਹਾਰ ਉੱਤੇ ਵੀ ਪਵੇਗਾ।

ਕਸ਼ਮੀਰ ਤੋਂ ਲੈ ਕੇ ਸਰ ਕਰੀਕ ਤੱਕ ਪਾਕਿਸਤਾਨ ਨਾਲ ਭਾਰਤ ਦੇ ਹੱਦਬੰਦੀ ਸਬੰਧੀ ਮੱਤਭੇਦ ਤਾਂ ਪਹਿਲਾਂ ਤੋਂ ਹੀ ਚੱਲੇ ਆ ਰਹੇ ਸਨ, ਪਰ ਹੁਣ ਮੋਦੀ ਸਰਕਾਰ ਨੇ ਪਾਣੀਆਂ ਦਾ ਭਾਵਨਾਤਮਕ ਮੁੱਦਾ ਵੀ ਜੋੜ ਦਿੱਤਾ ਹੈ। ਜਿਵੇਂ ਪੰਜਾਬ-ਹਰਿਆਣਾ ਅਤੇ ਤਾਮਿਲ ਨਾਡੂ-ਕਰਨਾਟਕ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਕੋਲ ਇੰਨਾ ਪਾਣੀ ਨਹੀਂ ਹੈ ਕਿ ਜਿਸ ਨਾਲ ਸਾਰੀਆਂ ਧਿਰਾਂ ਸੰਤੁਸ਼ਟ ਹੋ ਸਕਣ ਤੇ ਵਿਵਾਦ ਖ਼ਤਮ ਹੋਵੇ, ਬਿਲਕੁਲ ਉਵੇਂ ਪਾਕਿਸਤਾਨ ਨੂੰ ਵੀ ਇਹੋ ਅਹਿਸਾਸ ਕਰਾਇਆ ਜਾ ਰਿਹਾ ਹੈ। ਵਧੀਆ ਬਦਲ ਸਦਾ ਇਹੋ ਹੁੰਦਾ ਹੈ ਕਿ ਪਾਣੀ ਸਾਂਝਾ ਕਰਨ ਬਾਰੇ ਜੋ ਸਮਝੌਤਾ ਪਹਿਲਾਂ ਹੋ ਚੁੱਕਾ ਹੈ, ਉਸ ਨੂੰ ਹਵਾ ਨਾ ਦਿੱਤੀ ਜਾਵੇ। ਇਸ ਵੇਲੇ ਜੰਮੂ ਤੇ ਕਸ਼ਮੀਰ ਵਿੱਚੋਂ ਪਾਣੀ ਬੇਰੋਕ ਪਾਕਿਸਤਾਨ ਵੱਲ ਵਹਿ ਰਿਹਾ ਹੈ ਅਤੇ ਮੋਦੀ ਦੀਆਂ ਯੋਜਨਾਵਾਂ ਉੱਥੇ ਪਾਣੀ ਰੋਕ ਕੇ ਹਾਈਡਲ ਪ੍ਰੋਜੈਕਟ ਉਸਾਰਨ ਦੀਆਂ ਹਨ ਅਤੇ ਇਸ ਨਾਲ ਸਬੰਧਾਂ ਵਿੱਚ ਅਜਿਹੀ ਦਹਾਕਿਆਂ ਬੱਧੀ ਚੱਲਣ ਵਾਲੀ ਕੜਵਾਹਟ ਘੁਲ਼ ਸਕਦੀ ਹੈ।

ਦੋ ਸਾਲ ਪਹਿਲਾਂ ਬੰਗਲਾਦੇਸ਼ ਨੇ ਖ਼ੁਦ ਨੂੰ ਭਾਰਤ ਵੱਲੋਂ ਰੂਸੀ ਕੋਨੇ ਵੱਲ ਧੱਕਣ ਦੀ ਖੁੱਲ੍ਹ ਦਿੱਤੀ ਸੀ। ਪਰਮਾਣੂ ਪਲਾਂਟ ਕਾਇਮ ਕਰਨ



ਦੀ ਯੋਜਨਾ ਸੀ ਅਤੇ ਢਾਕਾ ਨੇ ਮਾਸਕੋ ਤੋਂ ਹਥਿਆਰ ਖ਼ਰੀਦਣੇ ਸ਼ੁਰੂ ਕਰ ਦਿੱਤੇ ਸਨ। ਜਦੋਂ ਭਾਰਤ ਨੇ ਚੀਨ ਨੂੰ ਅਲੱਗ-ਥਲੱਗ ਕਰਨ ਲਈ ਆਪਣੀ ਪੂਰਬ-ਪੱਖੀ ਨੀਤੀ 'ਤੇ ਚੱਲਦਿਆਂ ਗੁਆਂਢੀ ਦੇਸ਼ਾਂ ਨਾਲ ਇੱਕ ਖੇਤਰੀ ਜੱਥੇਬੰਦੀ 'ਬਿਮਸਟੈਕ' ਉੱਤੇ ਆਪਣਾ ਧਿਆਨ ਕੇਂਦ੍ਰਿਤ ਕਰਨਾ ਸ਼ੁਰੂ ਕਰ ਦਿੱਤਾ ਸੀ, ਤਦ ਚੀਨ ਨੇ ਬੰਗਲਾਦੇਸ਼ ਵਿੱਚ ਆਪਣੀਆਂ ਕਾਰਵਾਈ ਸ਼ੁਰੂ ਕਰ ਦਿੱਤੀਆਂ ਸਨ। ਢਾਕਾ ਦੀ ਯੋਜਨਾ ਹੁਣ ਦੋ ਚੀਨੀ ਪਣਡੁੱਬੀਆਂ ਖ਼ਰੀਦਣ ਦੀ ਹੈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਛੇਤੀ ਹੀ ਚਿਟਾਗੌਂਗ ਬੰਦਰਗਾਹ 'ਤੇ ਚੀਨੀ ਤਕਨੀਸ਼ੀਅਨ ਤੇ ਟਰੇਨਰ ਆਮ ਵਿਖਾਈ ਦੇਣੇ ਸ਼ੁਰੂ ਹੋ ਜਾਣਗੇ, ਜਦ ਕਿ ਕਿਸੇ ਵੇਲੇ ਭਾਰਤ ਉਸ ਇਲਾਕੇ 'ਤੇ ਆਪਣਾ ਪ੍ਰਭਾਵ ਜਮਾਉਣਾ ਚਾਹੁੰਦਾ ਸੀ।

ਸ੍ਰੀਲੰਕਾ ਵੀ ਹੁਣ ਸੁਰੱਖਿਆ ਮੁੱਦੇ 'ਤੇ ਭਾਰਤ ਲਈ ਫ਼ਿਕਰਮੰਦੀ ਪੈਦਾ ਕਰ ਰਿਹਾ ਹੈ। ਇਸ ਲਈ ਭਾਰਤ ਹੁਣ ਇਸ ਦਾ ਜਵਾਬ ਮੰਗੋਲੀਆ ਵਿੱਚ ਚੀਨ ਨੂੰ ਦੇਣਾ ਚਾਹੁੰਦਾ ਹੈ, ਉਹ ਵੀ ਇਹ ਵਿਸਾਰ ਕੇ ਕਿ ਨਵੀਂ ਦਿੱਲੀ ਤੇ ਉਲਾਨ ਬਟੋਰ ਵਿਚਾਲੇ 3,000 ਕਿਲੋਮੀਟਰ ਦਾ ਫਾਸਲਾ ਹੈ ਅਤੇ ਇਹ ਫਾਸਲਾ ਵੀ ਚੀਨ ਦੇ ਅੰਦਰੋਂ ਤੈਅ ਕੀਤਾ ਜਾਣਾ ਹੈ। ਨੇਪਾਲ ਵਿਚ ਦਖ਼ਲਅੰਦਾਜ਼ੀ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਭਾਰਤੀ ਵਿਦੇਸ਼ ਦਫ਼ਤਰ ਨੇ ਮਾਲਦੀਵਜ਼ ਨੂੰ ਵਿਸਾਰ ਦਿੱਤਾ ਸੀ। ਇਸੇ ਲਈ ਫਿਰ ਮਾਲੇ ਨੇ ਜਵਾਬ ਵਿੱਚ ਆਪਣੇ ਸਬੰਧ ਸਾਊਦੀ ਅਰਬ ਅਤੇ ਪਾਕਿਸਤਾਨ ਨਾਲ ਡੂੰਘੇ ਕਰ ਲਏ ਸਨ।

ਗੁਆਂਢੀ ਦੇਸ਼ਾਂ ਪ੍ਰਤੀ ਮੋਦੀ ਦੀ ਇੱਕ ਮਜ਼ਬੂਤ ਵਿਅਕਤੀ ਵਾਲੀ ਪਹੁੰਚ ਬਿਲਕੁਲ ਉਵੇਂ ਹੀ ਹੈ, ਜਿਵੇਂ 1960ਵਿਆਂ ਦੌਰਾਨ ਸਾਰੇ ਵਿਰੋਧਾਂ ਦੇ ਬਾਵਜੂਦ ਚੀਨ ਦੀ ਹੁੰਦੀ ਸੀ। ਪਰ ਚੀਨ ਨੂੰ ਆਪਣੀ ਉਹ ਪਹੁੰਚ ਛੱਡਣੀ ਪਈ ਸੀ ਕਿਉਂਕਿ ਅੱਗੇ ਵਧਣ ਲਈ ਵੱਡੀ ਪੁਲਾਂਘ ਪੁੱਟਦੇ ਸਮੇਂ ਅਤੇ ਸਭਿਆਚਾਰਕ ਇਨਕਲਾਬ ਦੌਰਾਨ ਵੱਡੇ ਪੱਧਰ ਉੱਤੇ ਖ਼ੂਨ-ਖ਼ਰਾਬੇ ਹੋਏ ਸਨ, ਜਿਸ ਕਰ ਕੇ ਅੰਦਰੂਨੀ ਵਿਰੋਧ ਵਧਦਾ ਜਾ ਰਿਹਾ ਸੀ। ਭਾਰਤ ਵੱਡੇ ਤੇ ਵਿਆਪਕ ਖ਼ੂਨ ਖ਼ਰਾਬੇ ਨਹੀਂ ਸਹੇੜ ਸਕਦਾ। ਚੀਨੀ ਸਭਿਆਚਾਰਕ ਇਨਕਲਾਬ ਦੇ ਮੁਕਾਬਲੇ ਵਿੱਚ ਨੋਟਬੰਦੀ ਕਾਰਨ ਬਹੁਤ ਘੱਟ ਭਾਵ ਕੇਵਲ 100 ਕੁ ਹੀ ਮੌਤਾਂ ਹੋਈਆਂ ਹਨ ਪਰ ਏ.ਟੀ.ਐਮਜ਼ ਤੇ ਬੈਂਕਾਂ ਅੱਗੇ ਲੰਮੀਆਂ ਹੁੰਦੀਆਂ ਜਾ ਰਹੀਆਂ ਕਤਾਰਾਂ ਪ੍ਰਧਾਨ ਮੰਤਰੀ ਨੂੰ ਵਾਰ-ਵਾਰ ਜਨਤਾ ਨੂੰ ਭਰੋਸੇ ਦੇਣੇ ਪੈ ਰਹੇ ਹਨ ਅਤੇ ਨਿਯਮਾਂ ਵਿੱਚ ਤਬਦੀਲੀਆਂ ਕਰਨੀਆਂ ਪੈ ਰਹੀਆਂ ਹਨ।

ਆਪਣੇ ਗੁਆਂਢੀ ਦੇਸ਼ਾਂ ਪ੍ਰਤੀ ਵਿਦੇਸ਼ ਨੀਤੀ ਵਿੱਚ ਮੋਦੀ ਸਰਕਾਰ ਦਾ ਖਰ੍ਹਵਾਪਣ ਭਾਰਤ ਨੂੰ ਆਪਣੇ ਉਪ-ਮਹਾਂਦੀਪ ਦੀਆਂ ਸੀਮਾਵਾਂ ਵਿੱਚ ਕੈਦ ਕਰ ਕੇ ਰੱਖ ਸਕਦਾ ਹੈ। ਰੂਸ ਅਤੇ ਇਰਾਨ ਦਾ ਸੀਪੀਈਸੀ ਪ੍ਰਤੀ ਖੁੱਲ੍ਹਾਪਣ ਭਾਰਤ ਦੀ ਇਸ ਪ੍ਰਾਜੈਕਟ ਪ੍ਰਤੀ ਪੁਰਾਣੀ ਵਿਰੋਧਤਾ ਦੇ ਉਲਟ ਹੈ ਅਤੇ ਇਸ ਨਾਲ ਇਨ੍ਹਾਂ ਖੇਤਰੀ ਭਾਈਵਾਲਾਂ ਦੀ ਸ਼ਾਂਤੀ ਕਾਇਮ ਕਰਨ ਵਿੱਚ ਭੂਮਿਕਾ ਨਿਭਾਉਣ ਦੀ ਭੁੱਖ ਘਟ ਸਕਦੀ ਹੈ। ਪਿਛਲੀਆਂ ਸਰਕਾਰਾਂ ਨੇ ਕੁਝ ਟਿੱਪਣੀਆਂ ਤੋਂ ਬਾਅਦ ਪਿਛਾਂਹ ਹਟਣ, ਦਬਾਅ ਪਾਉਣ ਤੇ ਸਮਝੌਤੇ ਕਰਨ ਜਿਹੀਆਂ ਰਲਵੀਆਂ-ਮਿਲਵੀਆਂ ਗਤੀਵਿਧੀਆਂ ਰਾਹੀਂ ਆਪਣਾ ਵਿਰੋਧ ਜਾਰੀ ਰੱਖਿਆ ਸੀ। ਪਰ ਚੀਨ ਉੱਤੇ ਦਬਾਅ ਵਧਾਉਣ ਲਈ ਮੰਗੋਲੀਆ ਦੀ ਉਸਾਰੀ ਕਰਨ ਵਿੱਚ ਨਵੀਂ ਦਿੱਲੀ ਵੱਲੋਂ ਭੂਮਿਕਾ ਨਿਭਾਉਣੀ ਪੂਰੀ ਤਰ੍ਹਾਂ ਸੀ.ਪੀ.ਈ.ਸੀ. ਦੇ ਵਿਰੁੱਧ ਹੈ। ਇੰਜ ਹੀ ਪਾਕਿਸਤਾਨ ਨਾਲ ਸਿੰਧੂ ਜਲ-ਸਮਝੌਤਾ ਮੁੜ ਖੋਲ੍ਹ ਦਿੱਤਾ ਗਿਆ ਹੈ। ਨੇਪਾਲ ਨੂੰ ਇੰਜ ਪਿਛਾਂਹ ਕੀਤਾ ਜਾ ਰਿਹਾ ਹੈ ਕਿ ਉਹ ਚੀਨ ਨਾਲ ਸਾਂਝ ਵਧਾਉਣ ਲੱਗ ਪਿਆ ਹੈ, ਮਾਲਦੀਵਜ਼ ਨਾਲ ਮਾਮਲੇ ਸਿੱਝਣ ਦੀ ਮਜਬੂਰੀ ਬਣੀ ਹੋਈ ਹੈ ਅਤੇ ਬੰਗਲਾਦੇਸ਼ ਤੇ ਸ੍ਰੀਲੰਕਾ ਵਿੱਚ ਚੀਨ ਦੇ ਦਾਖ਼ਲੇ ਦਾ ਭਾਰਤ ਕੋਲ ਕੋਈ ਜਵਾਬ ਨਹੀਂ ਹੈ - ਇਸ ਵੇਲੇ ਗੁਆਂਢੀ ਦੇਸ਼ਾਂ ਪ੍ਰਤੀ ਵਿਦੇਸ਼ ਨੀਤੀ ਇਹੋ ਵਿਖਾਈ ਦੇ ਰਹੀ ਹੈ, ਜਿਸ ਦੇ ਹਾਂ-ਪੱਖੀ ਨਤੀਜੇ ਨਹੀਂ ਨਿੱਕਲਣਗੇ, ਸਗੋਂ ਇਸ ਤਾਜ਼ਾ ਭੜਕਾਹਟ ਦੇ ਜਵਾਬ ਵਜੋਂ ਜ਼ਰੂਰ ਕੋਈ ਕਾਰਵਾਈ ਹੋ ਸਕਦੀ ਹੈ।

ਭਾਰਤੀ ਪ੍ਰਭਾਵ ਨੂੰ ਲਾਂਭੇ ਕਰਨ ਵਿੱਚ ਚੀਨ ਦੀ ਦੌਲਤ ਦੇ ਅਥਾਹ ਭੰਡਾਰ ਵੱਡੀ ਭੂਮਿਕਾ ਨਿਭਾ ਰਹੇ ਹਨ। ਦੂਜੇ ਪਾਸੇ ਭਾਰਤ ਘਟੀਆ ਦਾਅਪੇਚਾਂ ਦੇ ਅਸਲੇ ਨਾਲ ਲੈਸ ਪਾਕਿਸਤਾਨ ਨੂੰ ਪਹਿਲਾਂ ਹੀ ਭੈੜਾ ਮੁਲਕ ਕਰਾਰ ਦੇ ਚੁੱਕਾ ਹੈ। ਉਸ ਕਾਰਨ ਭਾਰਤ ਦੁਆਲੇ ਸੁਰੱਖਿਆ ਮਾਹੌਲ ਤੇਜ਼ੀ ਨਾਲ ਵਿਗੜਦਾ ਜਾ ਰਿਹਾ ਹੈ। ਬੰਗਲਾਦੇਸ਼ ਵਿੱਚ ਅੱਤਿਵਾਦੀ ਉਬਾਲ਼ ਜ਼ੋਰ ਫੜ ਰਿਹਾ ਹੈ ਕਿਉਂਕਿ ਸ਼ੇਖ਼ ਹਸੀਨਾ ਨੇ ਕੱਟੜਪੰਥੀ ਤੱਤਾਂ ਨੂੰ ਸੰਸਦੀ ਪ੍ਰਕਿਰਿਆ ਤੋਂ ਬਾਹਰ ਹੀ ਕੱਢਕੇ ਉਨ੍ਹਾਂ ਨੂੰ ਆਪਣਾ ਗ਼ੁਬਾਰ ਕੱਢਣ ਦਾ ਵਸੀਲਾ ਹੀ ਨਹੀਂ ਬਖ਼ਸ਼ਿਆ। ਮਿਆਂਮਾਰ ਵਿਚ ਰੋਹਿੰਗੀਆਂ ਮੁਸਲਮਾਨਾਂ ਉੱਤੇ ਵਹਿਸ਼ੀਆਨਾ ਤਰੀਕੇ ਨਾਲ ਤਸ਼ੱਦਦ ਢਾਹੇ ਜਾਂਦੇ ਰਹੇ ਹਨ, ਜਿਸ ਕਰ ਕੇ ਉੱਥੇ ਇੱਕ ਜਹਾਦੀ ਸੰਗਠਨ ਪੈਦਾ ਹੋ ਗਿਆ ਹੈ। ਨਾਗਾ ਲੋਕ ਵੀ ਜੰਗ ਦੇ ਰਾਹ ਉੱਤੇ ਤੁਰੇ ਹੋਏ ਹਨ। ਭਾਵੇਂ ਉਨ੍ਹਾਂ ਦੇ ਰੋਸ ਪ੍ਰਦਰਸ਼ਨ ਹਾਲੇ ਸਥਾਨਕ ਪੱਧਰ ਦੇ ਹੀ ਹਨ ਪਰ ਉਹ ਐਨ.ਐਸ.ਸੀ.ਐਨ. (ਆਈ.ਐਮ.) ਨਾਲ ਗੱਜ-ਵੱਜ ਕੇ ਕੀਤੇ ਗਏ ਸਮਝੌਤੇ ਨੂੰ ਖ਼ਤਮ ਕਰ ਕੇ ਰੱਖ ਸਕਦੇ ਹਨ।

ਕੁੱਲ ਮਿਲਾ ਕੇ, ਭਾਰਤ ਨੂੰ ਵਿਗੜਦੀ ਜਾ ਰਹੀ ਸੁਰੱਖਿਆ ਸਥਿਤੀ ਤੋਂ ਰਣਨੀਤਕ ਦਰਦ ਮਿਲ ਸਕਦਾ ਹੈ, ਗੁਆਂਢੀ ਦੇਸ਼ਾਂ ਨਾਲ ਕਾਰੋਬਾਰ ਘਟ ਸਕਦਾ ਹੈ ਅਤੇ ਸੀ.ਪੀ.ਈ.ਸੀ. ਦਾ ਕੋਈ ਲਾਭ ਵੀ ਨਹੀਂ ਮਿਲ ਸਕਦਾ। ਜਦੋਂ ਮੋਦੀ ਨੇ ਚੋਣ ਵਾਅਦੇ ਕੀਤੇ ਸਨ, ਤਦ ਉਨ੍ਹਾਂ ਵਿੱਚ ਨੋਟਬੰਦੀ ਦੇ ਇਨ੍ਹਾਂ ਝਟਕਿਆਂ ਦਾ ਕਿਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਸੀ। ਵਿਦੇਸ਼ੀ ਮੋਰਚੇ ਉੱਤੇ ਉਨ੍ਹਾਂ ਨੇ ਪਾਕਿਸਤਾਨ ਅਤੇ ਚੀਨ ਨੂੰ ਕੌਮਾਂਤਰੀ ਵਿਵਸਥਾ ਵਿੱਚ ਆਪਣੇ ਸਥਾਨ ਵਿਖਾਉਣ ਦਾ ਵਾਅਦਾ ਕੀਤਾ ਸੀ। ਪਰ ਇਸ ਦੀ ਥਾਂ ਮੋਦੀ ਇਸ ਵੇਲੇ ਕੁਝ ਅਜਿਹੀ ਸਥਿਤੀ ਵੱਲ ਵਧਦੇ ਜਾਪ ਰਹੇ ਹਨ, ਜਿੱਥੇ ਗੁਆਂਢੀ ਦੇਸ਼ ਜਾਂ ਤਾਂ ਨਾਰਾਜ਼ ਹੋ ਰਹੇ ਹਨ ਅਤੇ ਜਾਂ ਦੋਹਰੀ ਖੇਡ ਖੇਡਣ ਲੱਗ ਪਏ ਹਨ।

## ਰਾਜਪਾਲ ਦੀ ਮੋਹਰ ਮਗਰੋਂ ਪੰਜਾਬ ਦੇ 30 ਹਜ਼ਾਰ ਮੁਲਾਜ਼ਮ ਪੱਕੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ ਨੇ ਪੰਜਾਬ ਐਡਹੌਕ, ਕੰਟਰੈਕਚੁਅਲ, ਡੇਲੀ ਵੇਜ, ਟੈਂਪਰੇਰੀ, ਵਰਕ ਚਾਰਜ ਅਤੇ ਆਊਟਸੋਰਸਡ ਐਂਪਲਾਈਜ਼ ਵੈਲਫੇਅਰ ਬਿਲ ਸਮੇਤ 9 ਬਿਲਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬਿਲ ਅਕਾਲੀ-ਭਾਜਪਾ ਸਰਕਾਰ ਨੇ 19 ਦਸੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਪਾਸ ਕੀਤੇ ਸਨ। ਸੂਤਰਾਂ ਨੇ ਦੱਸਿਆ ਕਿ ਸੱਤ ਬਿਲਾਂ ਨੂੰ ਰਾਜਪਾਲ ਨੇ ਵੀਰਵਾਰ ਨੂੰ ਹੀ ਪਾਸ ਕਰ ਕੇ ਸਰਕਾਰ ਕੋਲ ਭੇਜ ਦਿੱਤਾ ਸੀ ਜਦਕਿ ਕਰੀਬ 30 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਸਰਕਾਰੀ ਭੌਂ ਅਲਾਟਮੈਂਟ ਸਬੰਧੀ ਬਿਲਾਂ ਨੂੰ ਬਾਅਦ ਵਿਚ ਮਨਜ਼ੂਰੀ ਦਿੱਤੀ ਗਈ। ਪੰਜਾਬ ਦੇ ਕਾਨੂੰਨੀ ਵਿਭਾਗ ਅਤੇ ਸਰਕਾਰੀ ਪ੍ਰਿੰਟਿੰਗ ਪ੍ਰੈਸ ਦੇ ਅਧਿਕਾਰੀਆਂ ਦੀਆਂ ਕਈ ਟੀਮਾਂ ਨੂੰ ਤਿਆਰ ਰੱਖਿਆ ਗਿਆ ਸੀ ਤਾਂ ਜੋ ਨੋਟੀਫਿਕੇਸ਼ਨ ਨੂੰ ਤੁਰੰਤ ਜਾਰੀ ਕਰ ਕੇ ਇਸ ਨੂੰ ਪ੍ਰਕਾਸ਼ਤ ਕੀਤਾ ਜਾ ਸਕੇ। ਅਕਾਲੀ-ਭਾਜਪਾ ਗਠਜੋੜ ਸਰਕਾਰ ਲਈ ਬਿਲਾਂ 'ਤੇ ਦਸਤਖ਼ਤ ਕਰਾਉਣਾ ਵੱਕਾਰ ਦਾ ਸਵਾਲ ਬਣ ਗਿਆ ਸੀ ਕਿਉਂਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਲਾਹਾ ਲੈਣ ਲਈ ਦੋ ਬਿਲ ਪਾਸ ਹੋਣੇ ਲਾਜ਼ਮੀ ਸਨ। ਇਸ ਤੋਂ ਪਹਿਲਾਂ ਰਾਜਪਾਲ ਨੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਵਾਲੇ ਆਰਡੀਨੈਂਸ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਸਰਕਾਰ ਨੂੰ ਬਿਲ ਪਾਸ ਕਰਾਉਣ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣਾ ਪਿਆ ਸੀ।

## ਈਟੀਟੀ ਅਧਿਆਪਕਾਂ ਦੀਆਂ ਆਸਾਮੀਆਂ ਭਰੇਗੀ ਸਰਕਾਰ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਭਰੋਸਾ ਦਿੱਤਾ ਕਿ ਅੱਜ-ਭਲਕ ਦੇ ਕੌਂਸਲਿੰਗ ਸੈਸ਼ਨ ਮਗਰੋਂ ਈਟੀਟੀ ਅਧਿਆਪਕਾਂ ਦੀਆਂ ਸਾਰੀਆਂ ਖ਼ਾਲੀ ਆਸਾਮੀਆਂ 'ਤੇ ਨਿਯੁਕਤੀਆਂ ਕਰ ਦਿੱਤੀਆਂ ਜਾਣਗੀਆਂ। ਇਹ ਭਰੋਸਾ ਟਾਵਰਾਂ 'ਤੇ ਚੜ੍ਹੇ ਅਧਿਆਪਕਾਂ ਦੇ ਕੇਸ ਦੀ ਮੁੜ ਸ਼ੁਰੂ ਹੋਈ ਸੁਣਵਾਈ ਦੌਰਾਨ ਦਿੱਤਾ ਗਿਆ। ਰਾਜ ਸਰਕਾਰ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਮੋਬਾਈਲ ਟਾਵਰ 'ਤੇ ਚੜ੍ਹੇ ਦੀਪਕ ਕੁਮਾਰ ਨੂੰ ਵੀ ਨਿਯੁਕਤ ਕੀਤਾ ਜਾਵੇਗਾ। ਉਸ ਦੀ ਨਿਯੁਕਤੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਕੌਂਸਲਿੰਗ ਸੈਸ਼ਨ ਵਿੱਚ ਪੇਸ਼ ਹੋਣ 'ਤੇ ਨਿਰਭਰ ਕਰੇਗੀ। ਬੈਂਚ ਨੇ ਪ੍ਰਦਰਸ਼ਨਕਾਰੀਆਂ ਦੇ ਵਿਹਾਰ ਉਤੇ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਵਕੀਲ ਐਚਸੀ ਅਰੋੜਾ, ਤਨੂ ਬੇਦੀ ਅਤੇ ਜਗਮੋਹਨ ਭੱਟੀ ਦੀ ਸਾਂਝੀ ਜਨ ਹਿੱਤ ਪਟੀਸ਼ਨ ਦਾਖ਼ਲ ਕਰਨ ਦੀ ਇਜਾਜ਼ਤ ਦੇ ਦਿੱਤੀ। ਉਨ੍ਹਾਂ ਭਵਿੱਖ ਵਿੱਚ ਟਾਵਰਾਂ 'ਤੇ ਚੜ੍ਹਨ ਵਰਗੀਆਂ ਘਟਨਾਵਾਂ ਰੋਕਣ ਲਈ ਦਿਸ਼ਾ-ਨਿਰਦੇਸ਼ ਤੈਅ ਕਰਨ ਦਾ ਮੁੱਦਾ ਚੁੱਕਿਆ। ਇਸ ਮੁੱਦੇ 'ਤੇ ਛਪੀਆਂ ਖ਼ਬਰਾਂ ਦਾ ਨੋਟਿਸ ਲੈਂਦਿਆਂ ਹਾਈ ਕੋਰਟ ਦੇ ਜਸਟਿਸ ਦਯਾ ਸਿੰਘ ਚੌਧਰੀ ਨੇ ਇਸ ਤੋਂ ਪਹਿਲਾਂ ਚੀਫ ਜਸਟਿਸ ਐਸ.ਜੇ. ਵਜ਼ੀਫ਼ਦਾਰ ਨੂੰ ਪੱਤਰ ਲਿਖਿਆ ਸੀ।

ਪੰਥ ਦਰਦੀ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ

# ਬਲਰਾਜ ਸਿੰਘ ਢਿੱਲੋਂ ਵਲੋਂ

ਅੰਮ੍ਰਿਤ ਕੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸਾਹਿਬ ਏ ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ



ਦੇ ਪ੍ਰਕਾਸ਼ ਦਿਵਸ ਅਤੇ ਨਵੇਂ ਵਰ੍ਹੇ 2017 ਦੀਆਂ ਸਮੁੱਚੇ ਸਿੱਖ ਭਾਈਚਾਰੇ ਨੂੰ



ਬਲਰਾਜ ਸਿੰਘ ਢਿੱਲੋਂ ਮਨਦੀਪ ਸਿੰਘ ਢਿੱਲੋਂ

## ਲੱਖ ਲੱਖ ਵਧਾਈਆਂ

---

ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ, ਪੰਥ ਦੇ ਵਾਲੀ, ਸਾਹਿਬ ਏ ਕਮਾਲ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ **2017** ਦੀਆਂ ਸਭਨਾਂ ਭਾਈਚਾਰਿਆਂ ਨੂੰ

## ਲੱਖ ਲੱਖ ਵਧਾਈਆਂ



ਰਣਵੀਰ ਸਿੰਘ ਹੋਠੀ ਅਤੇ ਅਵਤੇਜ ਸਿੰਘ ਗਿੱਲ



**ਭਾਈ ਜਸਵੰਤ ਸਿੰਘ ਹੋਠੀ**

ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ)

ਭਾਈ ਜਸਵੰਤ ਸਿੰਘ ਹੋਠੀ ਜਿਹਨਾਂ ਨੇ ਬੜੀ ਮਿਹਨਤ ਅਤੇ ਭਾਵਨਾ ਤਹਿਤਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਲਗਾਤਾਰ 21 ਸਾਲ ਸੇਵਾ ਨਿਭਾਈ। ਭਾਈ ਜਸਵੰਤ ਸਿੰਘ ਹੋਠੀ ਨੇ ਲਗਾਤਾਰ 9 ਸਾਲ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਇਕ ਮਿਸਾਲ ਕਾਇਮ ਕੀਤੀ ਕਿ ਗੁਰੂ ਪੰਥ ਦੀ ਸਟੇਜ ਤੋਂ ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਅਧਿਕਾਰ ਦੇਣਾ, ਹਰ ਇਕ ਵੱਡੇ, ਬਜ਼ੁਰਗ ਦਾ ਆਦਰ ਸਤਿਕਾਰ ਕਰਨਾ, ਗੁਰੂ ਘਰ ਦੀ ਸਟੇਜ ਨੂੰ ਲੜਾਈ ਝਗੜੇ ਤੋਂ ਬਚਾਉਣਾ, ਅੱਗੇ ਹੋ ਕੇ ਉਗਰਾਹੀ ਕਰਨਾ ਅਤੇ ਹਮੇਸ਼ਾ ਹੀ ਸਿੱਖੀ ਦੀ ਪ੍ਰਫੁਲਤਾ ਲਈ ਤਤਪਰ ਰਹਿਣਾ। ਅੱਜ ਵੀ ਅਕਾਲ ਪੁਰਖ ਅੱਗੇ ਇਹੀ ਅਰਦਾਸ ਹੈ ਕਿ ਪ੍ਰਮਾਤਮਾ ਹਰ ਇਕ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੇ। ਸਿੱਖ ਕੌਮ ਸਦਾ ਹੀ ਚੜ੍ਹਦੀ ਕਲਾ ਵਿਚ ਰਹੇ।

ਮੁੱਖ ਸੇਵਾਦਾਰ, ਗੁਰਦੁਆਰਾ ਸਿੰਘ ਸਭਾ ਮਿਲਪੀਟਸ • ਸਾਬਕਾ ਸਟੇਜ ਸਕੱਤਰ, ਗੁਰਦੁਆਰਾ ਸਾਹਿਬ ਸੈਨਹੋਜ਼ੇ • ਸਾਬਕਾ ਸੁਪਰੀਮ ਕੌਂਸਲ ਮੈਂਬਰ, ਗੁਰਦੁਆਰਾ ਸਾਹਿਬ ਫਰੀਮਾਂਟ

ਸਾਹਿਬ-ਏ-ਕਮਾਲ,ਪੰਥ ਦੇ ਵਾਲੀ, ਦਸਮ ਪਾਤਸ਼ਾਹ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ

2017

ਦੀਆਂ ਅਮਰੀਕਾ ਅਤੇ ਕੈਨੇਡਾ ਵਿਚ
ਵਸਦੀਆਂ ਸਮੂਹ ਸਿੱਖ ਸੰਗਤਾਂ ਨੂੰ

# ਲੱਖ ਲੱਖ ਵਧਾਈਆਂ



ਪੰਜਾਬ ਦਾ ਕੈਪਟਨ



ਕੈਪਟਨ ਅਮਰਿੰਦਰ ਸਿੰਘ
ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ,
ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਅਤੇ
ਸਾਬਕਾ ਮੁੱਖ ਮੰਤਰੀ ਪੰਜਾਬ

ਆਓ ਸਾਰੇ ਜਣੇ ਇਕੱਠੇ ਹੋ ਕੇ ਹੰਭਲਾ ਮਾਰੀਏ ਅਤੇ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਛੋਹ ਪੰਜਾਬ ਨੂੰ:-

- ਨਸ਼ਾ ਮੁਕਤ ਪੰਜਾਬੀ ਸੂਬਾ ਬਣਾਈਏ
- ਵਿਦਿਆ ਨੂੰ ਘਰ-ਘਰ ਪਹੁੰਚਾਈਏ
- ਹਰ ਇਕ ਪੰਜਾਬੀ ਨੂੰ ਚੰਗੀ ਸਿਹਤ ਸੇਵਾਵਾਂ ਉਪਲਬਧ ਕਰਾਈਏ
- ਪੰਜਾਬ ਵਿਚ ਮੁੜ ਤੋਂ ਕਾਨੂੰਨ ਦੇ ਰਾਜ ਦੀ ਸਥਾਪਨਾ ਕਰਾਈਏ
- ਰੁਜ਼ਗਾਰ ਦੇ ਵੱਧ ਤੋਂ ਵੱਧ ਸਾਧਨ ਉਪਲਬਧ ਕਰਾਈਏ

ਪੰਜਾਬੀਆਂ ਲਈ ਆਸ ਦੀ ਕਿਰਨ ਤੁਹਾਡਾ ਯੋਗਦਾਨ

# ਕੈਪਟਨ ਲਿਆਓ, ਪੰਜਾਬ ਬਚਾਓ

ਜਾਰੀ ਕਰਤਾ

ਸਰਬਜੀਤ ਸਿੰਘ ਮਾਨ -909-815-7412
ਇਕਬਾਲ ਸਮਰਾ- 818-219-3090
ਸਾਹਿਬ ਭੁੱਲਰ- 626-893-2314
ਨਛੱਤਰ ਸਿੰਘ ਭੁੱਲਰ-626-255-8555
ਬਿੱਲ ਗਿਲ-909-706-0360
ਰਵੀ ਗਰੇਵਾਲ- 310-748-1348
ਰਵੀ ਰਾਜਬੀਰ ਰੰਧਾਵਾ- 323-533-2733
ਸਰਬਜੀਤ ਗਰੇਵਾਲ- 818-599-9189
ਧਰਮਿੰਦਰ ਰੰਧਾਵਾ- 909-240-7234
ਗੁਰਸ਼ਰਨ ਨੱਤ- 818-472-1014

ਨਰਿੰਦਰ ਸਿੰਘ ਢਿੱਲੋਂ- 626-664-9814
ਬਰਿੰਦਰ ਢਿੱਲੋਂ- 909-821-6785
ਸਤਬੀਰ ਤੁੰਗ-909-576-5799
ਆਜ਼ਾਦ ਵਿਰਕ- 650-630-6930
ਕੁਲਜੀਤ ਸਿੰਘ ਨਿੱਜਰ- 714-726-4300
ਪਰਮਜੀਤ ਨਿੱਝਰ- 626-622-5551
ਉਪਮਿੰਦਰ ਸੰਧੂ- 909-418-7700
ਪਾਲ ਘੋਤਰਾ-909-569-9545
ਮਨਜੀਤ ਪੰਧੇਰ-818-398-9262


ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ
2017 ਦੀਆਂ ਲੱਖ ਲੱਖ ਵਧਾਈਆਂ
ਵਲੋਂ
ਗੁਰਿਦਰਜੀਤ ਸਿੰਘ ਮਾਨਾ, ਮਨਜੀਤ ਸਿੰਘ,
ਗੁਰਮੇਲ ਸਿੰਘ ਢੇਸੀ, ਡਾ. ਰਣਜੀਤ ਸਿੰਘ
ਅਤੇ ਕੁਲਵੰਤ ਸਿੰਘ
ਜਾਰੀ ਕਰਤਾ : ਸਿੱਖ ਯੂਥ ਆਫ਼ ਅਮਰੀਕਾ


ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ ਬੋਰਡ ਦੀ
ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਤੇ
ਉਘੇ ਬਿਜ਼ਨਸਮੈਨ ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ) ਵਲੋਂ
ਦਸਮ ਪਾਤਸ਼ਾਹ, ਪੰਥ ਦੇ ਵਾਲੀ, ਸਾਹਿਬ-ਏ-ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ
2017
ਦੀਆਂ ਸਾਰੇ ਭਾਈਚਾਰੇ ਨੂੰ
ਲੱਖ ਲੱਖ ਵਧਾਈਆਂ
ਅਜਮੇਰ ਸਿੰਘ ਨਿੱਜਰ (ਬਿੱਟੂ)


ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥
ਖ਼ਾਲਸਾ ਪੰਥ ਦੇ ਸਿਰਜਣਹਾਰੇ,
ਸਰਬੰਸਦਾਨੀ, ਸਾਹਿਬ-ਏ-ਕਮਾਲ,
ਚੋਜੀ ਪ੍ਰੀਤਮ, ਦਸਮ ਪਾਤਸ਼ਾਹ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਦਿਵਸ ਤੇ ਨਵੇਂ ਵਰ੍ਹੇ
2017 ਦੀਆਂ
ਸੌਗੀ, ਬਦਾਮ, ਅੰਗੂਰ ਦੀ ਕਾਸ਼ਤ ਵਿੱਚ ਅਮਰੀਕਾਦੇ ਉਘੇ ਕਿਸਾਨ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਅਤੇ ਫਾਊਂਡਰ ਮੈਂਬਰ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਅਣਥੱਕ ਸੇਵਾਦਾਰ ਅਤੇ ਪੰਜਾਬੀ ਭਾਈਚਾਰੇ ਦੇ ਨਿਸ਼ਕਾਮ ਸੇਵਕ ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ, ਗੁਰਜੰਟ ਸਿੰਘ ਗਿੱਲ ਅਤੇ ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ) ਵਲੋਂ
ਲੱਖ ਲੱਖ ਵਧਾਈਆਂ
ਗਿੱਲ ਬ੍ਰਦਰਜ਼, 530-681-3112


ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥
ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ,
ਪੰਥ ਦੇ ਵਾਲੀ, ਸਾਹਿਬ ਏ ਕਮਾਲ
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਆਗਮਨ ਪੁਰਬ ਤੇ ਨਵੇਂ ਸਾਲ
ਦੀਆਂ ਸਭਨਾਂ ਭਾਈਚਾਰਿਆਂ ਨੂੰ
ਲੱਖ ਲੱਖ
ਵਧਾਈਆਂ
JESSIE TAX SERVICES
Specializing In:
* Computerized Tax Return Preparation
* Individual, Family & Small Businesses
* Partnership & Corporation
* Book Keeping, Payroll & Sales Tax
* IRS, FTB, Sales Tax, EDD Audit Representation
* New Business Start-Up
Our Goals :
* Minimum Tax
* Reasonable Charges
* Open All Year Round
* Client Satisfaction
* Solve Tax Problems
By Appointment Only
1491 South Wolfe Road, Sunnyvale, CA 94087
Ph: 408.736.2451, Fax: 408.736.8626
E-mail: jessie@jessietax.com • www.jessietax.com
Jaswant Singh 'JESSIE'
Enrolled Agent (EA)
NTPI Fellow

# A&I ਟਰੱਕਿੰਗ ਤੇ ਗਾਖਲ ਭਰਾਵਾਂ

## ਵਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਨਵੇਂ ਸਾਲ 2017 ਦੀਆਂ

# ਲੱਖ ਲੱਖ ਮੁਬਾਰਕਾਂ

A&I Watsonville, CA

ਅਰਦਾਸ ਕਰਦੇ ਹਾਂ ਕਿ ਭਾਈਚਾਰੇ ਵਿਚ ਪਿਆਰ, ਇਤਫਾਕ ਹੋਰ ਵਧੇ ਅਤੇ ਅਸੀਂ ਆਪਣੀ ਵੱਖਰੀ ਪਹਿਚਾਣ ਦੁਨੀਆਂ ਭਰ ਦੇ ਲੋਕਾਂ 'ਚ ਹੋਰ ਵੀ ਸ਼ਾਨਮੱਤੀ 'ਤੇ ਮਾਣਮੱਤੀ ਬਣਾ ਸਕਾ ਸਕੀਏ।
ਹਰ ਸਾਲ ਵਾਂਗ ਇਸ ਵਾਰ ਵੀ ਨਵੇਂ ਵਰ੍ਹੇ ਦੇ ਪਹਿਲੇ ਦਿਨ

GB Entertainment
A Group of Gakhal Brother Companies

**1 ਜਨਵਰੀ 2017, ਦਿਨ ਐਤਵਾਰ**

## ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ

3636 Murillo Ave,. Sanjose CA 95148

ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਗੁਰੂ ਕਾ ਅਤੁੱਟ ਲੰਗਰ ਸ਼ਰਧਾ ਨਾਲ ਸੰਗਤ ਦੀ ਸੇਵਾ ਹਿਤ ਲਗਾਇਆ ਜਾਵੇਗਾ। ਆਪ ਸਭ ਨੂੰ ਗੁਰੂ ਘਰ ਸੈਨਹੋਜ਼ੇ ਪਹੁੰਚਣ ਦੀ ਬੇਨਤੀ ਹੈ।
ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਤੇ ਬਿੰਦਰ ਸਿੰਘ ਸਲੀਨਸ, ਬਲਰਾਜ ਸਿੰਘ ਰੰਧਾਵਾ, ਅਵਤਾਰ ਸਿੰਘ ਬੈਂਸ, ਬਲਿਹਾਰ ਸਿੰਘ ਬੈਂਸ, ਬਲਜਿੰਦਰ ਸਿੰਘ ਕਲੇਰ ਦੇ ਨਿੱਘੇ ਸਹਿਯੋਗ ਲਈ ਧੰਨਵਾਦੀ ਹਾਂ।



ਸਮੂਹ ਪਿੰਡ ਗਾਖਲ ਨਿਵਾਸੀ, ਗਾਖਲ ਪਰਿਵਾਰ ਤੇ ਏ ਆਈ ਟਰੱਕਿੰਗ ਵਲੋਂ ਨਵੇਂ ਵਰ੍ਹੇ 2017 ਦੀਆਂ

## ਸ਼ੁੱਭ ਕਾਮਨਾਵਾਂ

ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਵਲੋਂ ਲੰਗਰ ਦੀ ਸੇਵਾ 'ਚ ਵਡਮੁੱਲਾ ਯੋਗਦਾਨ ਹੈ।



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

**Gakhal Brother Watsonville CA, 95076**

Happy New Year's 2017

Happy New Year's 2017



ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

at Gurdwara Sahib Khalsa care Foundation

9899 Laurel Canyon Blvd, Pacoima CA 91331

WITH THE GRACE OF AKAAL PURAKH

HAPPY NEW YEAR'S

CELEBRATION

ਵਿਸ਼ੇਸ਼ ਕੀਰਤਨ ਸਮਾਗਮ



Varinder Singh ji



G. Harnam Singh Ji Khalsa



Bhai Gurpreet Singh

ON DHAN DHAN SAHIB SRI GURU GOBIND SINGH JI's

350th PAVAN PARKASH PURAB

VISESH KIRTAN SAMAGAM

**30th December (Friday)**

| 06:30 to 07:00 | 07:00 to 07:45 | 07:45 to 08:30 |
|---|---|---|
| Varinder Singh ji | G. Harnam Singh Ji Khalsa Bangla Sahib Wale | Bhai Gurpreet Singh Balarwal |

**31st December (Saturday)**

| 9:00 to 10:00 | 10:00 to 11:00 | 11:00 to 12:00 |
|---|---|---|
| Varinder Singh ji | G. Harnam Singh Ji Khalsa Bangla Sahib Wale | Bhai Gurpreet Singh Balarwal |

**2nd Jan (Mon) to 07th Jan (Sat)**

| 06:30 to 07:00 | 07:00 to 07:45 | 07:45 to 08:30 |
|---|---|---|
| Varinder Singh ji | G. Harnam Singh Ji Khalsa Bangla Sahib Wale | Bhai Gurpreet Singh Balarwal |

**1st Jan (Sun) & 08th Jan (Sun)**

| 10:00 to 11:00 | 11:00 to 12:00 | 12:00 to 01:00 |
|---|---|---|
| Varinder Singh ji | G. Harnam Singh Ji Khalsa Bangla Sahib Wale | Bhai Gurpreet Singh Balarwal |

BHAI KANHAIYA JEE LANGAR SEWA DAL

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811

MAKHAN SINGH (661) 225-7157 PARAMJIT SINGH (626) 354-6653



ਅੰਮ੍ਰਿਤ ਕੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸਾਹਿਬ ਏ ਕਮਾਲ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਦਿਵਸ ਅਤੇ ਨਵੇਂ ਵਰ੍ਹੇ 2017 ਦੀ ਸਮੁੱਚੀ ਲੋਕਾਈ ਨੂੰ

ਲੱਖ ਲੱਖ ਵਧਾਈ

*To view and order from Amazon: www.amazon.com/dp/1522874542*

**Summary of book**

This book has provided tips to stay healthy, happy and young for life. It begins with structure and function of human body systems. The author of this book has kept the text brief, easy to read and understand. Primary goal is to achieve wellness by preventive measures of some common ailments such as common cold, allergies, arthritis, heartburn and constipation along with main chronic diseases such as heart attack, stroke, diabetes, cancer and depression. Application of holistic approach is emphasized to keep mind and body in equilibrium.

A detail account of human nutrition is given by optimizing quality and quantity of proteins, carbohydrates, lipids, minerals, vitamins and water. Each of the components of nutrition has been described with metabolic pathways to understand digestion and assimilation of food. In addition to major nutrients, importance of herbs, dietary fiber and antioxidants are described in detail. A section is devoted to healthful and delicious recipes.




Ideal human body weight and shape is given by using a formula for BMI (body mass index). A chart is provided for quick determination of body mass index. Aerobic and anaerobic exercises are described with diagrams to keep body fit and in good shape. Techniques are given to lower body fat and to develop muscles for strength and energy.

A section is devoted to stress management by mindful- meditation, massage, music, yoga and adequate sleep. Several dynamic life styles are elaborated to keep body and mind in balance. Proper care of sensory organs, such as eyes, skin and nose is described for proper maintenance functioning. Some techniques are provided to sharpen memory.

Important web sites are provided for current advancements in health care and wellness.

**ਸਿਟੀਜਨ ਟ੍ਰੇਨਿੰਗ ਕਲਾਸਾਂ**

ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹਰ ਐਤਵਾਰ ਬਾਅਦ ਦੁਪਹਿਰ 3:30 ਵਜੇ ਤੋਂ ਸ਼ਾਮ 5:30 ਵਜੇ ਤੱਕ। ਲਗਭਗ 700 ਤੋਂ ਵੱਧ ਲੇਡੀਜ਼ ਅਤੇ ਜੈਂਟਸ ਇਨਾਂ ਕਲਾਸਾਂ ਰਾਹੀਂ ਸਿਟੀਜਨਸ਼ਿਪ ਹਾਸਲ ਕਰ ਚੁੱਕੇ ਹਨ।

**ਲੰਗਰ ਦੀ ਸੇਵਾ**

ਯੂਨਾਈਟਿਡ ਸਿੱਖ ਲੰਗਰ ਸੈਨਫਰਾਂਸਿਸਕੋ ਅਤੇ ਡਾਊਨ ਟਾਊਨ ਸੈਨਹੋਜ਼ੇ ਵਿਖੇ ਭਾਈਚਾਰੇ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ।

**Dr. Harbans Singh Sraon**

Co-Founder of Gurbani Charitable Foundation

408.531.7057



email: sraonhs@aol.com • www.gurbaniwisdom.org



SAVE $2500

ON DIESEL PER TRUCK WITH

ONE CALL!



11¢




DISCOUNT PER GALLON

✓ No more Pre-Paid Cards

✓ Get Rid of Bank Wires ✓ Low Transaction Fee

TRANS-ALLIANCE TOGETHER WE SAVE

(855) 641-6955 • (888) 795-7035

sales@trans-alliance.com • www.trans-alliance.com

ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥

ਦਸਮ ਪਾਤਸ਼ਾਹ, ਨੀਲੇ ਦੇ ਅਸਵਾਰ,
ਪੰਥ ਦੇ ਵਾਲੀ, ਸਾਹਿਬ ਏ ਕਮਾਲ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਦੇ ਪ੍ਰਕਾਸ਼ ਪੁਰਬ ਤੇ ਨਵੇਂ ਸਾਲ
ਦੀਆਂ ਸਭਨਾਂ ਭਾਈਚਾਰਿਆਂ ਨੂੰ





ਲੱਖ ਲੱਖ ਵਧਾਈਆਂ

ਵਲੋਂ:
ਸਤਿੰਦਰ ਸਿੰਘ ਸੁਸਾਣਾ, ਮੱਖਣ ਸਿੰਘ ਕਲੇਰ,
ਦਾਰਾ ਸਿੰਘ ਅਤੇ ਸਮੂਹ ਪਰਿਵਾਰ

ੴ ਸਤਿਗੁਰ ਪ੍ਰਸਾਦਿ
ਗੁਰਮੁਖ ਜਨਮ ਸਵਾਰ ਦਰਗਹ ਚਲਿਆ ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

ਫਰੀਮਾਂਟ ਦੀ ਸਮੂਹ ਸਾਧ ਸੰਗਤ ਵਲੋਂ

ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਬਰਸੀ

8 ਜਨਵਰੀ 2017 ਦਿਨ ਐਤਵਾਰ ਨੂੰ ਮਨਾਈ ਜਾ ਰਹੀ ਹੈ

ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ ..... 06 ਜਨਵਰੀ ਦਿਨ ਸ਼ੁੱਕਰਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ........ 08 ਜਨਵਰੀ ਦਿਨ ਐਤਵਾਰ
ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ
ਸਾਰੀ ਸਾਧ ਸੰਗਤ ਜੀ ਨੂੰ ਬਾਬਾ ਜੀ ਦੀ ਬਰਸੀ 'ਤੇ ਪਹੁੰਚਣ
ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ

ਬੇਨਤੀ ਕਰਤਾ

ਸ ਮਹਿੰਦਰ ਸਿੰਘ ਚੌਹਾਨ
510.253.8500

ਸ੍ਰ ਸੁਖਮਿੰਦਰ ਸਿੰਘ ਮਸ਼ਿਆਣਾ
510.760.4619

ਸ੍ਰ ਨਿਰਪਾਲ ਸਿੰਘ ਮਸ਼ਿਆਣਾ
510.760.6693



# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ

7 ਜਨਵਰੀ 2017, ਦਿਨ ਸ਼ਨਿੱਚਰਵਾਰ, ਬਾਅਦ ਦੁਪਹਿਰ 03:30 ਵਜੇ ਤੋਂ ਸ਼ਾਮ 07:30 ਵਜੇ ਤੱਕ

## ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਸਾਹਿਬ-ਏ-ਕਮਾਲ

680 East Calaveras, Blvd. Milpitas, CA- 95035

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ

ਦੇ ਸਬੰਧ ਵਿਚ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਪ੍ਰਸਿੱਧ ਬੁਲਾਰੇ ਡਾ. ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਡਿਪਾਰਟਮੈਂਟ ਆਫ਼ ਰਿਲੀਜੀਅਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋ. ਨਿਰੰਜਨ ਸਿੰਘ ਢੇਸੀ (ਰਿਟਾਇਰਡ), ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ., ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਇਤਿਹਾਸ 'ਤੇ ਆਪਣੇ ਵਿਚਾਰ ਪੇਸ਼ ਕਰਨਗੇ।



ਪ੍ਰੋ. ਨਿਰੰਜਨ ਸਿੰਘ ਢੇਸੀ



ਡਾ. ਜਸਵਿੰਦਰ ਸਿੰਘ



ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.

ਸੈਮੀਨਾਰ ਦਾ ਵਿਸ਼ੇਸ਼ ਪ੍ਰਸਾਰਣ 'ਗਲੋਬਲ ਪੰਜਾਬ ਚੈਨਲ', ਟੀਵੀ-84 ਅਤੇ ਫੇਸ ਬੁੱਕ'ਤੇ ਲਾਈਵ ਟੈਲੀਕਾਸਟ ਕੀਤਾ ਜਾਵੇਗਾ।

## ਵਲੋਂ: ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

**ਭਾਈ ਜਸਵੰਤ ਸਿੰਘ ਹੋਠੀ (ਪ੍ਰਧਾਨ) ਫੋਨ : 408.898.7056**

**ਡਾ. ਪ੍ਰਿਤਪਾਲ ਸਿੰਘ (ਕੋਆਰਡੀਨੇਟਰ) ਫੋਨ : 408.422.5600**

# ਪ੍ਰਿੰਸੀਪਲ ਬਰਜਿੰਦਰ ਸਿੰਘ ਸਿੱਧੂ ਦੀ ਪੁਸਤਕ 'ਬਾਬੇ ਦਾਦੇ ਰੱਬ ਰਜ਼ਾ ਦੇ' ਦਾ ਲੋਕ ਅਰਪਣ

**ਚੰਡੀਗੜ੍ਹ/ ਬਿਊਰੋ ਨਿਊਜ਼:**
ਪਰਵਾਸੀ ਪੰਜਾਬੀ ਲੇਖਕ ਅਤੇ ਕਾਲਮਨਵੀਸ ਪ੍ਰਿੰਸੀਪਲ ਬਰਜਿੰਦਰ ਸਿੰਘ ਸਿੱਧੂ ਦੀ ਵਾਰਤਕ ਪੁਸਤਕ 'ਬਾਬੇ ਦਾਦੇ ਰੱਬ ਰਜ਼ਾ ਦੇ' ਪ੍ਰੋ. ਅਮਰਜੀਤ ਸਿੰਘ, ਕਰਨਲ ਅਜੀਤ ਸਿੰਘ ਸਿੱਧੂ, ਪ੍ਰਿੰਸੀਪਲ ਰਾਜਵੰਤ ਕੌਰ, ਡਾਕਟਰ ਹਿੱਤਪ੍ਰੀਤ ਕੌਰ ਯੂਐੱਸਏ ਅਤੇ ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ ਵਲੋਂ ਲੋਕ ਅਰਪਣ ਕੀਤੀ ਗਈ।



ਬਠਿੰਡਾ ਜਿਲ੍ਹੇ ਰਾਮਪੁਰਾ (ਫੂਲ) ਪਿੰਡ ਨਾਲ ਸਬੰਧ ਰੱਖਣ ਵਾਲੇ ਪ੍ਰਿੰ. ਬਰਜਿੰਦਰ ਸਿੰਘ ਸਿੱਧੂ ਨੇ ਫਿਜਿਕਸ ਦੇ ਪ੍ਰੋਫੈਸਰ ਵਜੋਂ ਲੰਮਾ ਸਰਕਾਰੀ ਕਾਲਜ (ਲੜਕਿਆਂ) ਸੈਕਟਰ 11 ਚੰਡੀਗੜ੍ਹ 'ਚ ਪੜ੍ਹਾਉਣ ਬਾਅਦ ਸਰਕਾਰੀ ਕਾਲਜ ਨਾਭਾ ਦੇ ਪ੍ਰਿੰਸੀਪਲ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ। ਅੱਜ ਕੱਲ੍ਹ ਉਹ ਅਪਣੇ ਪੁੱਤਰ ਇੰਜੀਨੀਅਰ ਅਮਰਦੀਪ ਸਿੰਘ ਸਿੱਧੂ ਨਾਲ ਡੈਨਵਿੱਲ, ਕੈਲੀਫੋਰਨੀਆਂ ਰਹਿ ਰਹੇ ਹਨ ਜਦੋਂ ਕਿ ਉਨ੍ਹਾਂ ਧੀ ਡਾ. ਹਿੱਤਪ੍ਰੀਤ ਕੌਰ ਅਤੇ ਜਵਾਈ ਡਾ. ਪਰਮਿੰਦਰ ਸਿੰਘ ਢੀਂਡਸਾ ਫੀਨਿਕਸ (ਐਰੀਜ਼ੋਨਾ) ਵਿੱਚ ਹਨ।

ਉਤਰੀ ਅਮਰੀਕਾ ਦੇ ਪੰਜਾਬੀ ਅਖ਼ਬਾਰਾਂ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਪੰਜਾਬ ਟਾਈਮਜ਼ ਵਿੱਚ ਪਿਛਲੇ ਕਈ ਸਾਲਾਂ ਤੋਂ ਵੱਖ ਵੱਖ ਵਿਸ਼ਿਆਂ ਉੱਤੇ ਪ੍ਰਿੰ. ਬਰਜਿੰਦਰ ਸਿੰਘ ਸਿੱਧੂ ਦੇ ਆਰਟੀਕਲ ਪਾਠਕਾਂ ਵਲੋਂ ਬਹੁਤ ਦਿਲਚਸਪੀ ਨਾਲ ਪੜ੍ਹੇ ਅਤੇ ਸਰਾਹੇ ਜਾਂਦੇ ਹਨ। ਕਿਤਾਬ ਦੇ ਲੋਕ ਅਰਪਣ ਸਬੰਧੀ ਇੱਥੇ ਚੰਡੀਗੜ੍ਹ ਪ੍ਰੈਸ ਕਲੱਬ ਸੈਕਟਰ 27 ਵਿਖੇ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਮੌਕੇ ਬਲੋਦਿਆਂ ਪ੍ਰਿੰ.ਬਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀ ਉਮਰ ਇਸ ਵੇਲੇ 82 ਸਾਲ ਹੈ ਅਤੇ ਪੜ੍ਹਣਾ ਲਿਖਣਾ ਹੀ ਉਨ੍ਹਾਂ ਦਾ ਮੁੱਖ ਰੁਝੇਂਵਾਂ ਹੈ । ਇਸ ਪੁਸਤਕ ਵਿੱਚ 30 ਵਾਰਤਕ ਲੇਖ ਦਰਜ ਕੀਤੇ ਗਏ ਹਨ। ਇਨ੍ਹਾਂ ਵਿੱਚ ਅਣਗੌਲੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬੀ ਪਾਠਕਾਂ ਨੂੰ ਉਨ੍ਹਾਂ ਦਾ ਇਹ ਉਪਰਾਲਾ ਜ਼ਰੂਰ ਪਸੰਦ ਆਵੇਗਾ। ਪ੍ਰਿੰ. ਸਿੱਧੂ ਦੀਆਂ ਇਨ੍ਹਾਂ ਲਿਖਤਾਂ ਨੂੰ ਕਿਤਾਬੀ ਰੂਪ ਵਿੱਚ ਛਪਾਵਾਉਣ ਲਈ ਉਤਸ਼ਾਹਿਤ ਕਰਨ ਅਤੇ ਅਮਲੀ ਰੂਪ ਦੇਣ ਵਾਲੇ ਪ੍ਰੋ. ਅਮਰਜੀਤ ਸਿੰਘ (ਸਾਬਕਾ ਪ੍ਰੋਫੈਸਰ ਪੰਜਾਬ ਖੇਤੀਬਾੜੀ ਲੁਧਿਆਣਾ) ਨੇ ਕਿਹਾ ਕਿ ਪ੍ਰੋ. ਸਿੱਧੂ ਦਾ ਵਿਗਿਆਨ ਤੋਂ ਸਾਹਿਤ ਵੱਲ ਆਉਣਾ ਚੰਗੀ ਗੱਲ ਹੈ। ਪੁਸਤਕ ਰਾਹੀਂ ਉਹ ਪਾਠਕ ਨੂੰ ਆਪਣਾ ਬਚਪਨ ਯਾਦ ਕਰਾ ਦਿੰਦੇ ਹਨ। ਲੇਖਕ ਦੀ ਪਤਨੀ ਪ੍ਰਿੰਸੀਪਲ ਰਾਜਵੰਤ ਕੌਰ ਨੇ ਅਪਣੇ ਜੀਵਨ ਸਾਥੀ ਦੇ ਸੁਭਾਅ ਅਤੇ ਲੇਖਣੀ ਅਤੇ ਜ਼ਿੰਦਗੀ ਬਾਰੇ ਉਨ੍ਹਾਂ ਦੇ ਨਜ਼ਰੀਏ ਦੀਆਂ ਗੱਲਾਂ ਕੀਤੀਆਂ। ਉਨ੍ਹਾਂ ਦੇ ਛੋਟੇ ਭਰਾ ਕਰਨਲ (ਰਿਟਾਇਰਡ) ਅਜੀਤ ਸਿੰਘ ਸਿੱਧੂ ਨੇ ਕਿਹਾ ਕਿ ਸਾਹਿਤ ਦੀਆਂ ਵਿਧਾਵਾਂ ਵਿੱਚ ਸਭ ਤੋਂ ਵੱਧ ਔਖਾ ਵਾਰਤਕ ਲਿਖਣਾ ਹੈ। ਪ੍ਰਿੰਸੀਪਲ ਬਰਜਿੰਦਰ ਸਿੰਘ ਨੇ ਕਾਰਜ ਬਾਖੂਬੀ ਨਿਭਾਇਆ ਹੈ। ਦਲਜੀਤ ਸਿੰਘ ਸਰਾਂ ਨੇ ਕਿਹਾ ਕਿ ਲੇਖਕ ਜ਼ਿੰਦਗੀ ਵਿਚਲੀ ਮਾਸੂਮੀਅਤ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਲੇਖਕ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸੇਧ ਮੁਖੀ ਰਚਵਨਾਵਾਂ ਕਰਦੇ ਰਹਿਣਗੇ। ਡਾ. ਹਿਤਪ੍ਰੀਤ ਕੌਰ ਨੇ ਹਾਜ਼ਰ ਲੇਖਕਾਂ, ਦੋਸਤਾਂ ਅਤੇ ਸਨੇਹੀਆਂ ਦਾ ਧੰਨਵਾਦ ਕੀਤਾ।

## ਫਰੀਮੌਂਟ 'ਚ 8 ਜਨਵਰੀ ਨੂੰ ਹੋਵੇਗਾ 'ਛਣਕਾਟਾ ਵੰਗਾਂ ਦਾ'

**ਫਰੀਮੌਂਟ/ਬਿਊਰੋ ਨਿਊਜ਼ :** ਨਵੇਂ ਵਰ੍ਹੇ ਦੀ ਆਮਦ 'ਤੇ 21 ਇੰਟਰਨੈਸ਼ਨਲ ਇੰਟਰਟੇਨਮੈਂਟ ਅਤੇ ਐੱਸ ਅਸ਼ੋਕ ਭੌਰਾ ਵਲੋਂ ਫਰੀਮੌਂਟ ਦੇ ਪੈਰਾਡਾਈਜ਼ ਬਾਲਰੂਮ ਵਿਖੇ 8 ਜਨਵਰੀ ਦਿਨ ਐਤਵਾਰ ਨੂੰ ਚੌਥਾ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਵਿਚ ਕਲਾਕਾਰ ਜੁਟੇ ਹੋਏ ਹਨ। ਗਲੋਬਲ ਪੰਜਾਬ ਟੀ.ਵੀ. ਅਤੇ ਚੈਨਲ ਪੰਜਾਬੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਰੰਗਾ-ਰੰਗ ਪ੍ਰੋਗਰਾਮ ਨੂੰ ਦੂਰਦਰਸ਼ਨ ਕੇਂਦਰ ਜਲੰਧਰ ਅਤੇ ਅਕਾਲ ਚੈਨਲ ਲੰਡਨ ਵਲੋਂ ਵੀ ਪ੍ਰਸਾਰਤ ਕੀਤਾ ਜਾਵੇਗਾ। ਮਰਹੂਮ ਗਾਇਕ ਸੁਰਜੀਤ ਬਿੰਦਰਖੀਆ ਨੂੰ ਸਮਰਪਿਤ ਇਸ ਵਿਸ਼ੇਸ਼ ਪ੍ਰੋਗਰਾਮ ਵਿਚ ਪੰਜਾਬ ਦੀ ਲੋਕ ਗਾਇਕਾ ਰਣਜੀਤ ਕੌਰ ਅਤੇ ਬਿੰਦਰਖੀਆ ਦਾ ਬੇਟਾ ਗੀਤਾਜ ਬਿੰਦਰਖੀਆ ਤਾਂ ਹਾਜ਼ਰ ਹੋਣਗੇ ਹੀ, ਸਗੋਂ ਪੰਜਾਬ ਦੀ ਯੁਵਾ ਗਾਇਕੀ 'ਚ ਅਮਰੀਕਾ ਵਸਦੇ ਧਰਮਵੀਰ ਥਾਂਦੀ ਅਤੇ ਆਪਣਾ ਸੰਗੀਤ ਦੇ ਅਨੂਪ ਚੀਮਾ ਤੇ ਤਰਲੋਕ ਸਿੰਘ ਪੰਜਾਬ ਦੀ ਸੰਗੀਤਕ ਲੋਕ ਲਹਿਰ ਦੇ ਪੁਰਾਤਨ ਰੰਗ ਵਿਖਾਉਣਗੇ। ਮੰਗਜੀਤ ਮੰਗਾ, ਤਰਸੇਮ ਅਟਵਾਲ ਅਤੇ ਅਰਚਨਾ ਸਿੰਘ ਦੋਗਾਣਾ ਗਾਇਕੀ ਦਾ ਰੰਗ ਵਿਖਾਉਣਗੇ। ਜੋਤ ਰਣਜੀਤ, ਸੱਤੀ ਪਾਬਲਾ ਦੇ ਨਿਵੇਕਲੇ ਅੰਦਾਜ਼ ਵੀ ਸਮਾਰੋਹ ਦੀ ਖਾਸੀਅਤ ਰਹਿਣਗੇ। ਡਾਂਸ ਕ੍ਰਿਸ਼ਮਾ ਅਕੈਡਮੀ ਦੀ ਜਯਾ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਅਕੈਡਮੀ ਦੀਆਂ ਮੁਟਿਆਰਾਂ ਵਲੋਂ ਤਿਆਰ ਕੀਤੀ ਕੋਰੀਓਗ੍ਰਾਫੀ, ਗਿੱਧਾ ਆਪਣੇ ਆਪ ਵਿਚ ਖਾਸ ਹੋਵੇਗਾ। ਖਾਸ ਗੱਲ ਇਹ ਵੀ ਹੋਵੇਗੀ ਕਿ ਪੰਜਾਬ ਦੇ ਲੋਕ ਨਾਚਾਂ ਦੀ ਪੇਸ਼ਕਾਰੀ ਕਰਨ ਵਾਲੀਆਂ ਇਹ ਕੁੜੀਆਂ ਭਾਰਤ ਦੇ ਦੱਖਣੀ ਖਿੱਤੇ ਨਾਲ ਸਬੰਧਤ ਹਨ। ਜਯਾ ਸ਼ਰਮਾ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸਾਰਿਆਂ ਨੂੰ ਅਪੀਲ ਕੀਤੀ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ ਅਸ਼ੋਕ ਭੌਰਾ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਸਭਿਆਚਾਰਕ ਅਤੇ ਇਖਲਾਕੀ ਪੱਖ ਪੰਜਾਬ ਦੀ ਗਾਇਕੀ ਦੇ ਵਰਤਮਾਨ ਯੁੱਗ ਵਿਚ ਨਵੀਂ ਰੂਹ ਫੂਕਣਾ ਹੋਵੇਗਾ। ਇਹ ਪ੍ਰੋਗਰਾਮ ਕਰੀਬ ਪੰਜ ਘੰਟੇ ਚੱਲੇਗਾ। ਮੇਲੇ ਦੇ ਮੁੱਖ ਮਹਿਮਾਨ ਸਰਬੱਤ ਭਲਾ ਟਰੱਸਟ ਦੇ ਮੁਖੀ ਐਸ.ਪੀ. ਸਿੰਘ ਓਬਰਾਏ ਦੁਬਈ ਤੋਂ ਉਚੇਚੇ ਤੌਰ 'ਤੇ ਪਹੁੰਣਗੇ ਅਤੇ ਉਨ੍ਹਾਂ ਦੇ ਨਾਲ ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਜੀ.ਕੇ. ਸਿੰਘ ਵੀ ਸ਼ਿਰਕਤ ਕਰਨਗੇ। ਅਕਾਲ ਚੈਨਲ ਦੀ ਐਂਕਰ ਰੂਪ ਦਵਿੰਦਰ ਕੌਰ ਅਤੇ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਇਸ ਪ੍ਰੋਗਰਾਮ ਦੀ ਸੰਚਾਲਨਾ ਲਈ ਰੂਹੇ ਰਵਾਂ ਹੋਣਗੀਆਂ। ਗਾਇਕਾ ਰਣਜੀਤ ਕੌਰ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ 510-695 -4836 ਜਾਂ 510-512-3401 'ਤੇ ਸੰਪਰਕ ਕੀਤਾ ਜਾ ਸਕਦਾ ਹੈ।




HINDI ELITE PACK $29.99/mo for 24 months +3 CHANNELS

HINDI MEGA PACK $49.99/mo for 24 months INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

Sunwireless
(888) 220-5503
www.sw.getdish.com

ASK ABOUT DISH
FOR YOUR HOME, APARTMENT, OR BUSINESS
dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

**ਰਾਜਨ ਪ੍ਰਿਯਾਦਰਸ਼ੀ ਬਾਰੇ ਇਕ ਹੋਰ ਰੌਚਕ ਤੱਥ ਵੀ ਸੀ, ਜੂਨ 2004 ਵਿਚ ਟਾਈਮਜ਼ ਆਫ਼ ਇੰਡੀਆ ਅਖ਼ਬਾਰ ਨੂੰ ਦਿੱਤੀ ਇਕ ਇੰਟਰਵਿਊ ਵਿਚ ਪ੍ਰਿਯਾਦਰਸ਼ੀ, ਜੋ 1980 ਬੈਚ ਦੇ ਪੁਲਿਸ ਅਧਿਕਾਰੀ ਸਨ, ਨੇ ਕਿਹਾ ਸੀ ਕਿ ਸੂਬੇ ਦੇ ਆਹਲਾ ਦਰਜੇ ਦੇ ਪੁਲਿਸ ਅਧਿਕਾਰੀਆਂ ਵਿਚੋਂ ਇਕ ਹੋਣ ਦੇ ਬਾਵਜੂਦ ਉਸ ਨਾਲ ਅਜੇ ਵੀ ਉਸਦੇ ਪਿੰਡ ਵਿਚ ਅਛੂਤ ਵਾਲਾ ਵਰਤਾਓ ਕੀਤਾ ਜਾ ਰਿਹਾ ਸੀ। ਟਾਈਮਜ਼ ਆਫ਼ ਇੰਡੀਆ ਦੀ ਖ਼ਬਰ ਵਿਚ ਕਿਹਾ ਗਿਆ ਸੀ, ਤਰ੍ਹਾਂ ਤਰ੍ਹਾਂ ਦੇ ਲੋਕ ਤਰ੍ਹਾਂ ਤਰ੍ਹਾਂ ਦੇ ਮਸਲੇ ਲੈ ਕੇ ਅਕਸਰ ਹੱਥ ਜੋੜਕੇ ਉਸ ਕੋਲ ਆਉਂਦੇ ਹਨ। ਪਰ ਜਦੋਂ ਉਹੀ ਪ੍ਰਿਯਾਦਰਸ਼ੀ ਦੇਹਗਾਮ ਤਾਲੁਕਾ ਵਿਚ ਆਪਣੇ ਜੱਦੀ ਪਿੰਡ ਕੜਗਰਾ ਜਾਂਦਾ ਹੈ ਤਾਂ ਸਮੀਕਰਨ ਨਾਟਕੀ ਤੌਰ ਤੇ ਬਦਲ ਜਾਂਦਾ ਹੈ। ਇਹ ਸੀਨੀਅਰ ਪੁਲਿਸ ਅਧਿਕਾਰੀ ਅਜੇ ਵੀ ਪਿੰਡ ਦੇ ਉੱਚੀਆਂ ਜਾਤਾਂ ਦੇ ਰਿਹਾਇਸ਼ੀ ਇਲਾਕੇ ਵਿਚ ਘਰ ਨਹੀਂ ਖਰੀਦ ਸਕਦਾ।**



### ਰਾਣਾ ਅਯੂਬ

ਕਾਰਪੋਰੇਟ ਭਾਸ਼ਾ ਵਿਚ ਇਕ ਨਾਂ ਦਾ ਸ਼ਬਦ ਬੋਲਿਆ ਜਾਂਦਾ ਹੈ ਜਿਸਦਾ ਮਤਲਬ ਹੁੰਦਾ ਹੈ ਕੋਈ ਲਾਹੇਵੰਦੀ ਚੀਜ਼ ਜੋ ਕਿਸੇ ਸੰਮੇਲਨ, ਮੀਟਿੰਗ ਜਾਂ ਚਰਚਾ ਤੋਂ ਬਾਅਦ ਬੰਦਾ ਉਥੋਂ ਲੈ ਕੇ ਜਾਂਦਾ ਹੈ। ਰਾਜਨ ਪ੍ਰਿਯਾਦਰਸ਼ੀ ਮੇਰੇ ਲਈ ਇਤਫਾਕੀਆ ਲਾਹਾ ਸੀ। ਜਿਵੇਂ ਕਿਹਾ ਜਾਂਦਾ ਹੈ ਇਹ ਸੇਵਾ ਮੁਕਤ ਪੁਲਿਸ ਅਧਿਕਾਰੀ ਮੇਰੀ ਛਾਣਬੀਣ ਬਈ ਬੇਥਾਹ ਅਹਿਮੀਅਤ ਵਾਲੀ ਬਹੁਮੁੱਲੀ ਸੁਗਾਤ ਹੋ ਨਿੱਬੜਿਆ। ਮੈਨੂੰ ਲਾਜ਼ਮੀ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਮੈਨੂੰ ਰਾਜਨ ਪ੍ਰਿਯਾਦਰਸ਼ੀ ਨਾਂ ਦੇ ਪੁਲਿਸ ਅਧਿਕਾਰੀ ਦੀ ਉੱਕਾ ਹੀ ਜਾਣਕਾਰੀ ਨਹੀਂ ਸੀ, ਉਸਦੇ ਜੂਨੀਅਰ ਗਿਰੀਸ਼ ਸਿੰਘਲ ਨਾਲ ਗੱਲਬਾਤ ਦੌਰਾਨ ਹੀ ਉਸਦਾ ਜ਼ਿਕਰ ਆਇਆ ਸੀ। ਮੈਂ ਗੁਜਰਾਤ ਤੋਂ ਵਿਆਪਕ ਰਿਪੋਰਟਿੰਗ ਕਰਦੀ ਰਹੀ ਸੀ ਅਤੇ ਉਥੋਂ ਦੇ ਜ਼ਿਆਦਾਤਰ ਪੁਲਿਸ ਅਧਿਕਾਰੀਆਂ ਨੂੰ ਜਾਣਦੀ ਸੀ, ਜਾਂ ਮੈਂ ਇੰਝ ਵਿਸ਼ਵਾਸ ਕਰਦੀ ਸੀ। ਜ਼ਿਆਦਾਤਰ ਨਾਲ ਮੇਰੀ ਮੁਲਾਕਾਤ ਨਹੀਂ ਹੋਈ ਸੀ, ਪਰ ਨਿਊਜ਼ ਰਿਪੋਰਟਾਂ ਅਤੇ ਪੁਲਿਸ ਭਾਈਚਾਰੇ ਨਾਲ ਮੁਲਾਕਾਤਾਂ ਹੁੰਦੇ ਰਹਿਣ ਨਾਲ ਇਹ ਯਕੀਨੀ ਹੋ ਗਿਆ ਸੀ ਕਿ ਅਹਿਮ ਅਧਿਕਾਰੀਆਂ ਬਾਰੇ ਮੈਨੂੰ ਚੋਖੀ ਜਾਣਕਾਰੀ ਹੈ।

ਲਿਹਾਜ਼ਾ ਜਦੋਂ ਸਿੰਘਲ ਨੇ ਇਸ ਨਾਂ ਦਾ ਜ਼ਿਕਰ ਕੀਤਾ ਜਿਸ ਬਾਰੇ ਮੈਂ ਪੂਰੀ ਤਰ੍ਹਾਂ ਅਣਜਾਣ ਸੀ ਤਾਂ ਮੈਨੂੰ ਹੈਰਾਨੀ ਤਾਂ ਹੋਣੀ ਹੀ ਸੀ। ਉਸ ਨੂੰ ਮਿਲਣ ਜਾਣ ਤੋਂ ਪਹਿਲਾਂ ਮੈਂ ਉਸ ਬਾਰੇ ਪਹਿਲਾਂ ਕੋਈ ਖੋਜ ਨਹੀਂ ਕੀਤੀ ਸੀ। ਉਸ ਨੂੰ ਮਿਲਣ ਦੀ ਹਾਮੀ ਭਰਨ ਦੀ ਇਕੋ ਇਕ ਵਜ੍ਹਾ ਇਹ ਸੀ ਕਿ ਸਿੰਘਲ ਦੇ ਦਿਮਾਗ ਵਿਚ ਕੋਈ ਸ਼ੱਕ ਪੈਦਾ ਨਾ ਹੋਵੇ ਅਤੇ ਉਸ ਨੂੰ ਤਸੱਲੀ ਰਹੇ ਕਿ ਮੈਂ ਉਸਦੀ ਸਲਾਹ ਅਨੁਸਾਰ ਤਨਦੇਹੀ ਨਾਲ ਜੁੱਟੀ ਹੋਈ ਸੀ। ਇਸਨੇ ਮੇਰੇ ਵਿਚ ਸਿੰਘਲ ਦਾ ਭਰੋਸਾ ਪੱਕਾ ਕਰਨ ਵਿਚ ਮਦਦ ਕੀਤੀ ਕਿ ਮੈਂ ਹੋਰ ਆਹਲਾ ਅਧਿਕਾਰੀਆਂ ਨੂੰ ਵੀ ਮਿਲ ਰਹੀ ਸੀ, ਖ਼ਾਸ ਕਰਕੇ ਉਨ੍ਹਾਂ ਨੂੰ ਜੋ ਵਿਵਾਦਾਂ 'ਚ ਘਿਰੇ ਨਹੀਂ ਅਤੇ ਸੁਰਖ਼ੀਆਂ ਵਿਚ ਨਹੀਂ ਸਨ। ਰਾਜਨ ਪ੍ਰਿਯਾਦਰਸ਼ੀ ਬਾਰੇ ਇਕ ਹੋਰ ਰੌਚਕ ਤੱਥ ਵੀ ਸੀ, ਜੂਨ 2004 ਵਿਚ ਟਾਈਮਜ਼ ਆਫ਼ ਇੰਡੀਆ ਅਖ਼ਬਾਰ ਨੂੰ ਦਿੱਤੀ ਇਕ ਇੰਟਰਵਿਊ ਵਿਚ ਪ੍ਰਿਯਾਦਰਸ਼ੀ, ਜੋ 1980 ਬੈਚ ਦੇ ਪੁਲਿਸ ਅਧਿਕਾਰੀ ਸਨ, ਨੇ ਕਿਹਾ ਸੀ ਕਿ ਸੂਬੇ ਦੇ ਆਹਲਾ ਦਰਜੇ ਦੇ ਪੁਲਿਸ ਅਧਿਕਾਰੀਆਂ ਵਿਚੋਂ ਇਕ ਹੋਣ ਦੇ ਬਾਵਜੂਦ ਉਸ ਨਾਲ ਅਜੇ ਵੀ ਉਸਦੇ ਪਿੰਡ ਵਿਚ ਅਛੂਤ ਵਾਲਾ ਵਰਤਾਓ ਕੀਤਾ ਜਾ ਰਿਹਾ ਸੀ। ਟਾਈਮਜ਼ ਆਫ਼ ਇੰਡੀਆ ਦੀ ਖ਼ਬਰ ਵਿਚ ਕਿਹਾ ਗਿਆ ਸੀ, ਤਰ੍ਹਾਂ ਤਰ੍ਹਾਂ ਦੇ ਲੋਕ ਤਰ੍ਹਾਂ ਤਰ੍ਹਾਂ ਦੇ ਮਸਲੇ ਲੈ ਕੇ ਅਕਸਰ ਹੱਥ ਜੋੜਕੇ ਉਸ ਕੋਲ ਆਉਂਦੇ ਹਨ। ਪਰ ਜਦੋਂ ਉਹੀ ਪ੍ਰਿਯਾਦਰਸ਼ੀ ਦੇਹਗਾਮ ਤਾਲੁਕਾ ਵਿਚ ਆਪਣੇ ਜੱਦੀ ਪਿੰਡ ਕੜਗਰਾ ਜਾਂਦਾ ਹੈ ਤਾਂ ਸਮੀਕਰਨ ਨਾਟਕੀ ਤੌਰ ਤੇ ਬਦਲ ਜਾਂਦਾ ਹੈ। ਇਹ ਸੀਨੀਅਰ ਪੁਲਿਸ ਅਧਿਕਾਰੀ ਅਜੇ ਵੀ ਪਿੰਡ ਦੇ ਉੱਚੀਆਂ ਜਾਤਾਂ ਦੇ ਰਿਹਾਇਸ਼ੀ ਇਲਾਕੇ ਵਿਚ ਘਰ ਨਹੀਂ ਖਰੀਦ ਸਕਦਾ।

ਉਸਦਾ ਘਰ ਹੁਣ ਵੀ ਕੜਗਰਾ ਦੇ ਦਲਿਤ ਵਾਸ ਵਿਚ ਹੈ। ਭਾਵੇਂ ਪ੍ਰਿਯਾਦਰਸ਼ੀ ਇਸ ਵਿਸ਼ੇ ਬਾਰੇ ਗੱਲ ਨਹੀਂ ਕਰਨੀ ਚਾਹੁੰਦਾ, ਸੂਤਰਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਵੀ ਪਿੰਡ ਦਾ ਹਜਾਮ ਦਲਿਤ ਗਾਹਕਾਂ ਦੀ ਹਜਾਮਤ ਨਹੀਂ ਕਰਦਾ ਸੀ।

ਤਕਨੀਕੀ ਤੌਰ ਤੇ ਗੱਲ ਕਰਨੀ ਹੋਵੇ ਤਾਂ ਇਸ ਨੇ ਫਿਲਮ ਦੇ ਨਜ਼ਰੀਏ ਤੋਂ ਮੇਰਾ ਕੰਮ ਸੌਖਾ ਕਰ ਦਿੱਤਾ। ਲੱਗਦੇ ਹੱਥ, ਛਾਣਬੀਣ ਦੇ ਅਖ਼ੀਰ ਵਿਚ ਚੋਖੀ ਸਮੱਗਰੀ ਇਹ ਦਰਸਾ ਰਹੀ ਸੀ ਕਿ ਪ੍ਰਸ਼ਾਸਨ ਵੱਲੋਂ ਜਿਨ੍ਹਾਂ ਜ਼ਿਆਦਾਤਰ ਅਫ਼ਸਰਾਂ ਨੂੰ ਖੱਜਲ ਖੁਆਰ ਅਤੇ ਜ਼ਲੀਲ ਕੀਤਾ ਜਾ ਰਿਹਾ ਸੀ ਉਹ ਪੱਛੜੀਆਂ ਸ਼੍ਰੇਣੀਆਂ ਦੇ ਸਨ। ਪਰ ਇਕ ਬਹੁਤ ਹੀ ਅਹਿਮ ਚੀਜ਼ ਵੱਲ ਮੇਰਾ ਧਿਆਨ ਨਹੀਂ ਗਿਆ ਸੀ। ਜਦੋਂ ਗੁਜਰਾਤ ਸੀ ਆਈ ਡੀ ਵੱਲੋਂ ਫਰਜ਼ੀ ਮੁਕਾਬਲਿਆਂ ਦੀ ਜਾਂਚ ਹੱਥ ਲਈ ਗਈ ਓਦੋਂ 2007 ਵਿਚ ਗੁਜਰਾਤ ਏ ਟੀ ਐੱਸ ਦਾ ਡੀ ਜੀ (ਡਾਇਰੈਕਟਰ ਜਨਰਲ) ਰਾਜਨ ਪ੍ਰਿਯਾਦਰਸ਼ੀ ਸੀ। ਏਨਾ ਹੀ ਨਹੀਂ, 2002 ਦੀ ਹਿੰਸਾ ਦੌਰਾਨ ਉਹ ਬਤੌਰ ਰਾਜਕੋਟ ਆਈ ਜੀ ਦੇ ਬਹੁਤ ਹੀ ਅਹਿਮ ਅਹੁਦੇ ਉਪਰ ਸੀ।




**ਕਾਂਡ ਚੌਥਾ**

*ਭਾਗ ਤੀਜਾ*

ਇੰਝ ਮਾਈਕ ਅਤੇ ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੇ। ਮੈਂ ਨਹੀਂ ਸੋਚਦੀ ਕਿ ਅਸੀਂ 60 ਕੁ ਸਾਲ ਦੀ ਉਮਰ ਦੇ ਇਸ ਬੰਦੇ ਨਾਲ ਆਪਣੀ ਪਹਿਲੀ ਮਿਲਣੀ ਨੂੰ ਕਦੇ ਭੁੱਲ ਸਕਦੇ ਹਾਂ। ਅਹਿਮਦਾਬਾਦ-ਨਰੋਦਾ ਪਾਟੀਆ ਦੇ ਇਕ ਮੱਧ ਵਰਗੀ ਇਲਾਕੇ ਵਿਚ ਉਸਦਾ ਇਕ ਮੰਜ਼ਲਾ ਬੰਗਲਾ ਸੀ। ਇਹ ਉਹੀ ਵੋਟਰ ਹਲਕਾ ਸੀ ਜਿੱਥੋਂ ਸਾਡੀ ਇਕ ਹੋਰ ਪਾਤਰ ਮਾਇਆ ਕੋਡਨਾਨੀ ਐੱਮ ਐੱਲ ਏ ਸੀ। ਇਹ ਉਹ ਇਲਾਕਾ ਵੀ ਸੀ ਜਿੱਥੇ ਸਭ ਤੋਂ ਘਿਣਾਉਣੀ ਫਿਰਕੂ ਹਿੰਸਾ ਹੋਈ ਸੀ ਅਤੇ ਜਿੱਥੇ ਸਭ ਤੋਂ ਵੱਧ ਜਾਨੀ ਨੁਕਸਾਨ ਹੋਇਆ ਸੀ।

ਪ੍ਰਿਯਾਦਰਸ਼ੀ ਦਾ ਘਰ ਲੱਭਣ ਵਿਚ ਸਾਨੂੰ ਕਾਫ਼ੀ ਮੁਸ਼ਕਲ ਆਈ; ਅਸਲ ਵਿਚ ਇਹ ਕਲਪਨਾ ਤੋਂ ਬਾਹਰ ਸੀ ਕਿ ਏ ਟੀ ਐੱਸ ਦਾ ਸਾਬਕਾ ਮੁਖੀ, ਜੋ ਤੀਹ ਵਰ੍ਹੇ ਗੁਜਰਾਤ ਦੇ ਕਈ ਸਭ ਤੋਂ ਅਹਿਮ ਅਹੁਦਿਆਂ ਉਪਰ ਕੰਮ ਕਰ ਚੁੱਕਾ ਸੀ, ਇਥੇ ਰਹਿ ਰਿਹਾ ਸੀ। ਉਸ ਦੇ ਰੈਣ ਬਸੇਰੇ ਤਕ ਪਹੁੰਚਣ ਲਈ ਇਕ ਸਰਕਾਰੀ ਸਕੂਲ ਅਤੇ ਬਹੁਤ ਸਾਰੇ ਚਾਲ ਤੇ ਨਾਲੇ ਪਾਰ ਕਰਨੇ ਪੈਂਦੇ ਸਨ। ਬਹੁਤੇ ਉਸਦੀ ਹੋਂਦ ਤੋਂ ਅਣਜਾਣ ਸਨ, ਅਸਲ ਵਿਚ ਉਸਦੇ ਨਾਲ ਦੇ ਗੁਆਂਢੀ ਵੀ ਉਸ ਨੂੰ ਐਸੇ ਪੁਲਸੀਏ ਦੇ ਤੌਰ ਤੇ ਜਾਣਦੇ ਸਨ ਜਿਸਨੇ ਆਪਣੀ ਫੋਟੋ ਸ਼ੀਸ਼ੇ ਵਿਚ ਜੜਾ ਕੇ ਆਪਣੇ ਘਰ ਦੇ ਦਰਵਾਜ਼ੇ ਉਪਰ ਲਗਾਈ ਹੋਈ ਸੀ।

ਪ੍ਰਿਯਾਦਰਸ਼ੀ ਬੇਤਾਬੀ ਨਾਲ ਸਾਡੀ ਇਤਜ਼ਾਰ ਕਰ ਰਿਹਾ ਸੀ, ਜਦੋਂ ਸਾਡੀ ਟੈਕਸੀ ਉਸਦੀ ਗਲੀ ਵਿਚ ਦਾਖ਼ਲ ਹੋਈ ਤਾਂ ਉਹ ਉਥੇ ਖੜ੍ਹ ਕੇ ਸਾਨੂੰ ਹੱਥ ਨਾਲ ਇਸ਼ਾਰਾ ਕਰ ਰਿਹਾ ਸੀ। ਜੀ ਆਇਆਂ ਨੂੰ.. ਉਹ ਆਪਣੀ ਰਿਹਾਇਸ਼ ਦੀ ਛੱਤ ਤੋਂ ਚਾਈਂ ਚਾਈਂ ਬੋਲਿਆ।

ਉਸਦੇ ਘਰ ਦੀਆਂ ਕਲਪਨਾ ਤੋਂ ਬਾਹਰੀਆਂ ਬਾਰੀਕੀਆਂ ਵਿਚ ਮਗਨ ਹੋਏ ਅਸੀਂ ਦੋਵੇਂ ਅੰਦਰ ਚਲੇ ਗਏ। ਮੁੱਖ ਦੁਆਰ ਦੇ ਸੱਜੇ ਪਾਸੇ ਤਖ਼ਤੀ ਲਿਖੀ ਹੋਈ ਸੀ ਜਿਸ ਉਪਰ ਪ੍ਰਿਯਾਦਰਸ਼ੀ ਦੇ ਵੱਖ ਵੱਖ ਅਹੁਦਿਆਂ ਉਪਰ ਰਹੇ ਹੋਣ ਦੀ ਤਫ਼ਸੀਲ ਦਿੱਤੀ ਹੋਈ ਸੀ। ਜਦੋਂ ਅਸੀਂ ਅੰਦਰ ਵੜੇ ਤਾਂ ਇਕ ਪੇਂਡੂ ਭਲਵਾਨੀ ਮੁੱਛਾਂ ਅਤੇ ਧੌਲੀ ਦਾਅੜੀ ਵਾਲੇ ਇਕ ਫੁਰਤੀਲੇ ਸੱਜਣ ਨੇ ਸਾਡੇ ਨਾਲ ਹੱਥ ਮਿਲਾਏ। ਸਾਨੂੰ ਦੋ ਸੂਤੀ ਦੁਪੱਟੇ, ਪੈਨ ਅਤੇ ਕਾਪੀਆਂ ਭੇਂਟ ਕੀਤੀਆਂ ਗਈਆਂ।

ਅਗਲੇ ਕੁਝ ਮਿੰਟਾਂ ਵਿਚ ਜੋ ਵਾਪਰਿਆ ਉਹ ਹੁਲਾਸਪੂਰਨ ਸੀ। ਪ੍ਰਿਯਾਦਰਸ਼ੀ ਨੇ ਝਟਪਟ ਮਾਈਕ ਦੀ ਮਨਪਸੰਦ ਗੱਲ ਕੀਤੀ। ਸ਼ਕੰਜਵੀ ਆ ਗਈ। ਜਿਸ ਫ਼ਰਾਖ਼ਦਿਲੀ ਨਾਲ ਸਾਡੀ ਆਓ ਭਗਤ ਹੋ ਰਹੀ ਸੀ ਉਸਦੇ ਸਦਮੇ ਵਿਚੋਂ ਅਜੇ ਅਸੀਂ ਨਿਕਲੇ ਹੀ ਸੀ ਕਿ ਜਦੋਂ ਇਕ ਤੀਹ ਕੁ ਸਾਲ ਦਾ ਬੰਦਾ 10 ਸਾਲ ਦੇ ਬੱਚੇ ਨੂੰ ਲੈ ਕੇ ਕਮਰੇ ਵਿਚ ਆ ਗਿਆ। ਉਹ ਪ੍ਰਿਯਾਦਰਸ਼ੀ ਦੇ ਪੁੱਤਰ ਅਤੇ ਪੋਤਰਾ ਸਨ ਅਤੇ ਮਗਰਲੇ ਨੇ ਇਕ ਡਿਜੀਟਲ ਕੈਮਰਾ ਫੜਿਆ ਹੋਇਆ ਸੀ। 'ਸਾਡੇ ਘਰ ਬਦੇਸ਼ੀ ਫਿਲਮਸਾਜ਼ਾਂ ਨੇ ਰੋਜ਼ ਰੋਜ਼ਨਹੀਂ ਆਉਣਾ, ਇਹ ਸਾਡੇ ਲਈ ਮਾਣ ਵਾਲੀ ਗੱਲ ਹੈ। ਬਸ ਇਕ ਫੋਟੋ ਲੈਣੀ ਏ, ਸਾਨੂੰ ਦਸਿਆ ਗਿਆ।

ਜਦੋਂ ਤੁਸੀਂ ਓਹਲੇ ਵਿਚ ਕੰਮ ਕਰਦੇ ਹੋ ਤਾਂ ਤੁਸੀਂ ਜੋ ਆਖ਼ਰੀ ਚੀਜ਼ ਕਰਨਾ ਚਾਹ ਰਹੇ ਹੁੰਦੇ ਹੋ ਉਹ ਲੈ ਲੋਕਾਈ ਦੀਆਂ ਨਜ਼ਰਾਂ ਵਿਚ ਨਾ ਆਉਣਾ ਜਾਂ ਆਪਣੀ ਓਹਲੇ ਵਾਲੀ ਜ਼ਿੰਦਗੀ ਦੇ ਕੋਈ ਨਿਸ਼ਾਨ ਨਾ ਛੱਡਣਾ। ਫਿਰ ਇਸ ਹਾਲਤ ਵਿਚ ਫੋਟੋ ਖਿਚਵਾਉਣ ਤੋਂ ਨਾਂਹ ਕਰਨ ਨੇ ਸਾਡੀ ਕੋਈ ਮਦਦ ਨਹੀਂ ਕਰਨੀ ਸੀ। ਨਾਲ ਹੀ ਤਖ਼ਤੀ ਉਪਰ ਦਿੱਤੀ ਉਸਦੇ ਜੀਵਨ ਪੰਧ ਦੇ ਗ੍ਰਾਫ ਦੀ ਤਰਤੀਬ ਇਹੋ ਦੱਸਦੀ ਸੀ ਕਿ ਪ੍ਰਿਯਾਦਰਸ਼ੀ ਸਾਡੇ ਲਈ ਬਹੁਤ ਸਹਾਈ ਹੋ ਸਕਦਾ ਸੀ। ਮਾਈਕ ਨੇ ਅਤੇ ਮੈਂ ਉਸਦੇ ਪੋਤੇ ਦੀਆਂ ਇਛਾਵਾਂ ਪੂਰੀਆਂ ਕਰ ਦਿੱਤੀਆਂ ਅਤੇ ਦੋ ਫੋਟੋ ਖਿੱਚੀਆਂ ਗਈਆਂ ਫਿਰ ਸਾਨੂੰ ਬੈਠਕ ਵਿਚ ਲਿਜਾਇਆ ਗਿਆ। ਬੈਠਕ ਵਿਚ ਰਾਜ ਅਤੇ ਵਜ਼ਾਰਤ ਦੇ ਵਜੀਰਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਪ੍ਰਿਯਾਦਰਸ਼ੀ ਦੀ ਫੋਟੋ ਲੱਗੀ ਹੋਈ ਸੀ।

ਤੁਸੀਂ ਸਾਡੀ ਫੋਟੋ ਜੜਾ ਕੇ ਇਥੇ ਟੰਗਣਾ ਚਾਹੁੰਦੇ ਹੋ, ਸਰ ਮੈਂ ਆਪਣੀ ਫੋਟੋ ਲਏ ਜਾਣ ਦਾ ਮਨੋਰਥ ਜਾਣਨ ਦੀ ਉਤਸੁਕਤਾ ਵਿਚੋਂ ਗੁਸਤਾਖੀ ਨਾਲ ਕਿਹਾ। ਸਾਨੂੰ ਦਸਿਆ ਗਿਆ ਕਿ ਉਹ ਹਰ ਮਹੀਨੇ ਇਕ ਸਥਾਨਕ ਖ਼ਬਰਾਂ ਦਾ ਸਪਲੀਮੈਂਟ ਕੱਢਦਾ ਸੀ ਅਤੇ ਉਹ ਆਪਣੀ ਜਾਣ ਪਛਾਣ ਵਾਲੇ ਲੋਕਾਂ ਵਿਚ ਇਹ ਮੁਫ਼ਤ ਵੰਡਦਾ ਸੀ। ਇਹ ਰਾਹਤ ਵਾਲੀ ਗੱਲ ਸੀ। ਅਸੀਂ ਇਹ ਗੱਲ ਇਸ ਯਕੀਨ ਦਹਾਨੀਂ ਉਪਰ ਛੱਡ ਦਿੱਤੀ ਕਿ ਜਦੋਂ ਗੁਜਰਾਤ ਵਿਚ ਫਿਲਮ ਦੇ ਸਾਰੇ ਪਾਤਰਾਂ ਨਾਲ ਸਾਡਾ ਤੁਆਰਫ਼ ਹੋ ਗਿਆ ਤਾਂ ਉਹ ਫੋਟੋ ਨੂੰ ਇਸਤੇਮਾਲ ਕਰ ਲੈਣ। ਤੁਸੀਂ ਮਸ਼ਹੂਰੀ ਤੋਂ ਗੁਰੇਜ਼ ਕਰਨਾ ਚਾਹੁੰਦੇ ਹਾਂ। ਮੈਂ ਇਹ ਗੁਜ਼ਾਰਿਸ਼ ਕੀਤੀ ਅਤੇ ਉਨ੍ਹਾਂ ਨੇ ਨਿਮਰਤਾ ਨਾਲ ਮੰਨ ਲਈ।

**'ਸਾਡੇ ਘਰ ਬਦੇਸ਼ੀ ਫਿਲਮਸਾਜ਼ਾਂ ਨੇ ਰੋਜ਼ ਰੋਜ਼ ਨਹੀਂ ਆਉਣਾ, ਇਹ ਸਾਡੇ ਲਈ ਮਾਣ ਵਾਲੀ ਗੱਲ ਹੈ। ਬਸ ਇਕ ਫੋਟੋ ਲੈਣੀ ਏ'**

### ਗੱਲਬਾਤ ਇਕ ਪਾਤਰੀ ਸੀ

ਘੰਟੇ ਕੁ ਵਿਚ ਅਸੀਂ ਮਹਿਸੂਸ ਕਰ ਲਿਆ ਕਿ ਪ੍ਰਿਯਾਦਰਸ਼ੀ ਨੇ ਸਾਨੂੰ ਆਪਣੀ ਜੀਵਨੀ ਦਾ ਸੰਖੇਪ ਵੇਰਵਾ ਲਿਖਣ ਜੋਗੀ ਵਾਹਵਾ ਸਮੱਗਰੀ ਦੇ ਦਿੱਤੀ ਸੀ। ਉਹ ਹਰ ਲਿਹਾਜ਼ ਨਾਲ ਇਕ ਪਾਤਰ ਸੀ। ਜਿਸ ਤਰ੍ਹਾਂ ਦੇ ਪਾਤਰ ਦੀ ਝਲਕ ਤੁਸੀਂ ਕਿਸੇ ਫਿਲਮ ਜਾਂ ਨਾਵਲ ਵਿਚ ਦੇਖਦੇ ਹੋ। ਦਰਅਸਲ ਇਹ ਮਿਲਣੀ ਮੈਨੂੰ ਉਸ ਤੌਰ ਤਰੀਕੇ ਨੂੰ ਬਹੁਤ ਹੀ ਅਹਿਮ ਪੱਖ ਤੋਂ ਘੋਖਣ ਵਿਚ ਸਹਾਈ ਹੋਵੇਗੀ ਜਿਵੇਂ ਗੁਜਰਾਤ ਵਿਚ ਰਾਜ ਮਸ਼ੀਨਰੀ ਕੰਮ ਕਰ ਰਹੀ ਸੀ। ਉਸਦੇ ਮੂੰਹੋਂ ਉਸਦੇ ਪਿੰਡ ਦੇ ਹਜਾਮ ਦੇ ਰਵੱਈਏ ਬਾਰੇ ਸੁਣਕੇ ਸਾਨੂੰ ਸਦਮਾ ਪਹੁੰਚਿਆ ਜਿਸਨੇ ਉਸਦੀ ਹਜਾਮਤ ਕਰਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਇਸੇ ਕਰਕੇ ਗੁਜਰਾਤ ਦੇ ਬਾਰਡਰ ਰੇਂਜ ਦੇ ਆਈ ਜੀ ਦੇ ਅਹੁਦੇ ਉਪਰ ਹੋਣ ਦੇ ਬਾਵਜੂਦ ਉਸ ਨੂੰ ਆਪਣਾ ਘਰ ਦਲਿਤ ਬਸਤੀ ਵਿਚ ਬਣਾਉਣਾ ਪਿਆ ਸੀ। ਦਲਿਤ ਹੋਣ ਦੀ ਪਛਾਣ ਨੇ ਉਸਦੇ ਖਹਿੜਾ ਨਾ ਛੱਡਿਆ। ਗੁਜਰਾਤ ਵਿਚ ਪੁਲਿਸ ਦੀ ਨੌਕਰੀ ਦੌਰਾਨ ਉਸ ਨੂੰ ਆਪਣੇ ਸੀਨੀਅਰਾਂ ਦੇ ਘਟੀਆਂ ਕੰਮ ਕਰਨੇ ਪਏ। ਪਰ ਉਹ ਐਸੇ ਕੰਮ ਕਰਨ ਤੋਂ ਨਾਂਹ ਕਰ ਦਿੰਦਾ ਸੀ। ਇਹ ਬਹੁਤ ਹੀ ਅਜੀਬ ਸੀ, ਤੁਸੀਂ ਜਾਣਦੇ ਹੋ ਇਸਦਾ ਮਤਲਬ ਸੀ ਕਿ ਜੇ ਤੁਸੀਂ ਦਲਿਤ ਹੋ ਤਾਂ ਕੋਈ ਵੀ ਤੁਹਾਨੂੰ ਕੁਝ ਵੀ ਕਹਿ ਦੇਵੇ ਉਹ ਸਾਫ਼ ਬਚ ਸਕਦਾ ਸੀ। ਉਥੇ ਕੋਈ ਮਾਣ ਸਨਮਾਨ ਨਹੀਂ ਸੀ। ਮੇਰਾ ਕਹਿਣ ਦਾ ਭਾਵ, ਇਕ ਦਲਿਤ ਅਫ਼ਸਰ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਕਿਹਾ ਜਾ ਸਕਦਾ ਸੀ ਕਿਉਂਕਿ ਉਸਦਾ (ਜ਼ਾਹਰਾ ਤੌਰ ਤੇ) ਕੋਈ ਸਵੈਮਾਣ, ਕੋਈ ਆਦਰਸ਼ ਨਹੀਂ ਸਨ। ਗੁਜਰਾਤ ਪੁਲਿਸ ਵਿਚ ਉੱਚ ਜਾਤੀਆਂ ਹਰ ਕਿਸੇ ਦੀਆਂ ਨਜ਼ਰਾਂ ਵਿਚ ਚੰਗੀਆਂ ਹਨ।

ਜਿਉਂ ਹੀ ਸਾਡੀ ਗੱਲਬਾਤ ਦਾ ਸਿਲਸਿਲਾ ਅੱਗੇ ਵਧੀਆ, ਪ੍ਰਿਯਾਦਰਸ਼ੀ ਹੋਰ ਵੀ ਉਤਸੁਕ ਜਾਪਦਾ ਸੀ, ਪਰ ਓਦੋਂ ਤਕ ਉਹ ਪਹਿਲਾ ਹੀ ਬਹੁਤ ਕੁਝ ਦੱਸ ਚੁੱਕਾ ਸੀ। ਆਪਣੀ ਤੀਜੀ ਮੁਲਾਕਾਤ ਦੌਰਾਨ, ਮੈਂ ਉਸਨੂੰ ਇਕੱਲੀ ਮਿਲਣ ਗਈ। ਮੈਂ ਤੈਅ ਕੀਤਾ ਕਿ ਮਾਈਕ ਅਰਾਮ ਕਰ ਲਵੇ ਤਾਂ ਜੋ ਉਹ ਸਾਡੇ ਫਿਲਮਾਉਣ ਦੇ ਕੰਮ ਬਾਬਤ ਮਾਇਆ ਕੋਡਨਾਨੀ ਦੇ ਦਫਤਰ ਜਾ ਸਕੇ। ਇਹ ਸੁਝਾਅ ਖ਼ੁਮਾਈਕ ਨੇ ਦਿੱਤਾ ਸੀ। ਕੀ ਸਾਨੂੰ ਕੁਝ ਐਸਾ ਨਹੀਂ ਕਰਨਾ ਚਾਹੀਦਾ ਜਿਸ ਤੋਂ ਉਨ੍ਹਾਂ ਦਾ ਭਰੋਸਾ ਬੱਝ ਜਾਵੇ ਕਿ ਅਸੀਂ ਸੱਚੀਮੁੱਚੀਂ ਫਿਲਮਸਾਜ਼ ਹਾਂ? ਕੋਡਨਾਨੀ ਦਾ ਅਮਲਾ ਉਸ ਨੂੰ ਆਲਾ ਦੁਆਲਾ ਦਿਖਾ ਕੇ ਬਹੁਤ ਖ਼ੁਸ਼ ਸੀ। ਸ਼ਾਮ ਨੂੰ ਉਸਦੇ ਸੁਨੇਹਾ ਆ ਗਿਆ: ਕੀ ਮੈਂ ਉਸਦੇ ਘਰ ਦੀ ਕੋਈ ਖ਼ਾਸ ਲੋਕੇਸ਼ਨ ਫਿਲਮਾਉਣਾ ਚਾਹਾਂਗੀ, ਅਤੇ ਕੀ ਅਸੀਂ ਐਤਵਾਰ ਨੂੰ ਉਸ ਦੇ ਘਰ ਦੁਪਹਿਰ ਦਾ ਖਾਣਾ ਖਾਣਾ ਚਾਹਾਂਗੇ? ਮੈਂ ਝਟਪਟ ਹਾਂ ਵਿਚ ਜਵਾਬ ਭੇਜ ਦਿੱਤਾ।

ਉਸ ਦਿਨ ਜਦੋਂ ਮੈਂ ਪ੍ਰਿਯਾਦਰਸ਼ੀ ਨੂੰ ਮਿਲੀ, ਉਸ ਨੇ ਆਪਣੇ ਅਖ਼ਬਾਰ ਦੀਆਂ ਕਾਪੀਆਂ ਮੇਰੇ ਲਈ ਛਾਂਟ ਕੇ ਕੱਢ ਰੱਖੀਆਂ ਸਨ। ਤੁਸੀਂ ਇਨ੍ਹਾਂ ਵਿਚੋਂ ਜੋ ਵੀ ਚਾਹੋ ਲੈ ਸਕਦੇ ਹੋ। ਮੇਰੀ ਸੋਚ ਹੈ ਕਿ ਹੁਣ ਤੁਹਾਨੂੰ ਮੇਰੇ ਬਾਰੇ ਸਾਰੀ ਜਾਣਕਾਰੀ ਹੈ। ਤੁਸੀਂ ਫਿਲਮ ਕਦੋਂ ਸ਼ੂਟ ਕਰਨ ਜਾ ਰਹੇ ਹੋ? ਉਹ ਪੂਰਾ ਉਤਸੁਕ ਸੀ, ਉਸਦੀ ਜਿਸਮਾਨੀ ਨਕਲੋ ਹਰਕਤ ਤੋਂ ਇਹ ਸਾਫ਼ ਜ਼ਾਹਿਰ ਹੋ ਰਿਹਾ ਸੀ। ਉਸਨੇ ਆਪਣੇ ਲਾਹੇ ਲਈ ਸਾਡੇ ਕੋਲ ਵਧੇਰੇ ਹੀ ਉਗਲ ਦਿੱਤਾ ਸੀ। ਜਦੋਂ ਉਸਨੂੰ ਸੂਬੇ ਦੇ ਏ ਟੀ ਐੱਸ ਦਾ ਮੁਖੀ ਬਣਾਇਆ ਗਿਆ, ਤੱਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਉਸਦੇ ਬੰਗਲੇ ਵਿਚ ਦੇਰ ਰਾਤ ਉਸਦੀਆਂ ਜੋ ਖੁਫ਼ੀਆਂ ਮੀਟਿੰਗਾਂ ਹੋਈਆਂ ਅਤੇ ਜਿਸਨੇ ਇਕ ਵਾਰ ਉਸਨੂੰ ਇਕ ਹਵਾਲਾਤੀ ਨੂੰ ਮਾਰਨ ਲਈ ਕਿਹਾ, ਇਹ ਸਭ ਕਾਸੇ ਦੇ ਸਮੇਂ ਦਾ ਵੇਰਵਾ। ਹਰ ਵਾਰ ਜਦੋਂ ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੀ, ਮੈਨੂੰ ਮਹਿਸੂਸ ਹੁੰਦਾ ਕਿ ਮੈਂ ਵਧੇਰੇ ਹੀ ਹਾਸਲ ਕਰਕੇ ਮੁੜੀ ਸੀ।



**ਇਸ ਮੰਤਰੀ ਅਮਿਤ ਸ਼ਾਹ ਦਾ ਮਨੁੱਖੀ ਅਧਿਕਾਰਾਂ ਵਿਚ ਕੋਈ ਵਿਸ਼ਵਾਸ ਨਹੀਂ। ਉਸ ਸਾਨੂੰ ਕਹਿੰਦਾ ਹੁੰਦਾ ਸੀ ਕਿ ਉਸਦਾ ਮਨੁੱਖੀ ਅਧਿਕਾਰ ਕਮਿਸ਼ਨਾਂ ਵਿਚ ਕੋਈ ਭਰੋਸਾ ਨਹੀਂ। ਹੁਣ ਦੇਖੋ, ਅਦਾਲਤ ਨੇ ਵੀ ਉਸਨੂੰ ਜ਼ਮਾਨਤ ਦੇ ਦਿੱਤੀ ਹੈ।**

ਸਵਾਲ: ਤੁਹਾਡੇ ਮੁੱਖ ਮੰਤਰੀ ਨਰੇਂਦਰ ਮੋਦੀ ਇਥੇ ਗੁਜਰਾਤ ਵਿਚ ਲੋਕਾਂ ਨੂੰ ਕਾਫ਼ੀ ਪਿਆਰੇ ਹਨ?

ਜਵਾਬ: ਹਾਂ, ਉਹ ਸਾਰਿਆਂ ਨੂੰ ਬੁੱਧੂ ਬਣਾਉਂਦੇ ਹਨ ਅਤੇ ਲੋਕ ਬੁੱਧੂ ਬਣ ਜਾਂਦੇ ਹਨ।

ਸਵਾਲ: ਐਸੇ ਹਾਲਾਤ ਵਿਚ ਬਤੌਰ ਇਕ ਵਧੀਕ ਡੀ ਜੀ ਤੁਹਾਨੂੰ ਉਨ੍ਹਾਂ ਦੇ ਮਤਹਿਤ ਕੰਮ ਕਰਨ ਵਿਚ ਬਹੁਤ ਦਿੱਕਤ ਆਈ ਹੋਵੇਗੀ?

ਜਵਾਬ: ਇਨ੍ਹਾਂ ਦੀ ਕਦੇ ਏਨੀ ਹਿੰਮਤ ਨਹੀਂ ਰਹੀ ਕਿ ਇਹ ਮੇਰੇ ਤੋਂ ਕੋਈ ਗ਼ੈਰ-ਕਾਨੂੰਨੀ ਕੰਮ ਕਰਵਾ ਸਕਣ।

ਸਵਾਲ: ਇਥੇ ਤਾਂ ਕਾਨੂੰਨ ਦੀ ਬਹੁਤ ਉਲੰਘਣਾ ਹੁੰਦੀ ਹੈ। ਸ਼ਾਇਦ ਹੀ ਕੋਈ ਈਮਾਨਦਾਰ ਅਫ਼ਸਰ ਬਚਿਆ ਹੋਵੇਗਾ?

ਜਵਾਬ: ਐਸੇ ਲੋਕ ਬਹੁਤ ਥੋੜ੍ਹੇ ਹਨ। ਇਹ ਨਰੇਂਦਰ ਮੋਦੀ ਨਾਂ ਦਾ ਸ਼ਖਸ ਹਰ ਥਾਂ (ਪੂਰੇ ਸੂਬੇ 'ਚ) ਉੱਤੇ ਮੁਸਲਮਾਨਾਂ ਨੂੰ ਕਤਲ ਕਰਾਉਣ ਲਈ ਜ਼ਿੰਮੇਵਾਰ ਹੈ।

ਸਵਾਲ: ਅੱਛਾ, ਮੈਂ ਸੁਣਿਐ ਕਿ ਪੁਲਿਸ ਅਧਿਕਾਰੀ ਵੀ ਸਰਕਾਰ ਦੀ ਹੀ ਲਕੀਰ ਦੇ ਫਕੀਰ ਨੇ?

ਜਵਾਬ: ਸਾਰੇ ਦੇ ਸਾਰੇ, ਜਿਵੇਂ ਇਹ ਪੀ ਸੀ ਪਾਂਡੇ, ਸਾਰਾ ਕੁਝ ਇਨ੍ਹਾਂ ਲੋਕਾਂ ਦੀ ਹਾਜ਼ਰੀ ਵਿਚ ਹੀ ਹੋਇਆ ਸੀ।

ਸਵਾਲ: ਜ਼ਿਆਦਾਤਰ ਅਫ਼ਸਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਫ਼ਸਾਇਆ ਗਿਆ ਹੈ?

ਜਵਾਬ: ਗਲਤ ਤਰੀਕੇ ਨਾਲ ਕੀ, ਉਨ੍ਹਾਂ ਨੇ ਜੋ ਕੀਤਾ ਉਸੇ ਲਈ ਉਹ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਨੇ। ਇਨ੍ਹਾਂ ਲੋਕਾਂ ਨੇ ਇਕ ਜਵਾਨ ਕੁੜੀ ਨੂੰ ਮੁਕਾਬਲੇ ਵਿਚ ਮਾਰਿਆ।

ਸਵਾਲ: ਸੱਚੀ?

ਜਵਾਬ: ਹਾਂ, ਉਨ੍ਹਾਂ ਨੇ ਉਸਨੂੰ ਲਸ਼ਕਰ ਦੀ ਦਹਿਸ਼ਤਗਰਦ ਦਸਿਆ ਸੀ। ਉਹ ਮੁੰਬਰਾ ਦੀ ਰਹਿਣ ਵਾਲੀ ਸੀ। ਕਹਾਣੀ ਘੜੀ ਗਈ ਕਿ ਉਹ ਦਹਿਸ਼ਤਗਰਦ ਸੀ, ਜੋ ਮੋਦੀ ਦੀ ਹੱਤਿਆ ਕਰਨ ਲਈ ਗੁਜਰਾਤ ਆਈ ਸੀ।

ਸਵਾਲ: ਤਾਂ ਫਿਰ ਕੀ ਇਹ ਗ਼ਲਤ ਸੀ?

ਜਵਾਬ: ਹਾਂ, ਬਿਲਕੁਲ ਝੂਠ।

**ਜਦੋਂ ਮੈਂ ਏ ਟੀ ਐੱਸ ਦਾ ਮੁਖੀ ਸੀ। ਉਨ੍ਹਾਂ ਨੇ ਵਣਜਾਰਾ ਦਾ ਤਬਾਦਲਾ ਕਰਕੇ ਮੈਨੂੰ ਨਿਯੁਕਤ ਕੀਤਾ ਸੀ। ਮੈਂ ਤਾਂ ਮਨੁੱਖੀ ਅਧਿਕਾਰਾਂ ਵਿਚ ਭਰੋਸਾ ਰੱਖਦਾ ਹਾਂ। ਇਸ ਸ਼ਾਹ ਨੇ ਮੈਨੂੰ ਇਕ ਵਾਰ ਆਪਣੇ ਬੰਗਲੇ 'ਤੇ ਸੱਦ ਲਿਆ। ਮੈਂ ਤਾਂ ਅੱਜ ਤਕ ਨਾ ਕਿਸੇ ਦੇ ਬੰਗਲੇ ਉਪਰ ਗਿਆ ਹਾਂ, ਤੇ ਨਾ ਹੀ ਕਿਸੇ ਦੇ ਘਰ ਜਾਂ ਦਫ਼ਤਰ ਵਿਚ। ਮੈਂ ਉਸਨੂੰ ਕਿਹਾ ਕਿ ਸਰ, ਮੈਂ ਤਾਂ ਤੁਹਾਡਾ ਬੰਗਲਾ ਹੀ ਨਹੀਂ ਵੇਖਿਆ ਹੈ। ਫਿਰ ਉਸਨੇ ਕਿਹਾ ਕਿ ਠੀਕ ਹੈ, ਤੁਹਾਨੂੰ ਲਿਆਉਣ ਲਈ ਮੈਂ ਆਪਣਾ ਨਿੱਜੀ ਵਾਹਨ ਭੇਜ ਦਿੰਦਾ ਹਾਂ, ਉਸ ਵਿਚ ਆ ਜਾਓ। ਮੈਂ ਕਿਹਾ ਠੀਕ ਹੈ, ਭੇਜ ਦਿਓ। ਮੇਰੇ ਪਹੁੰਚਦੇ ਹੀ ਉਹ ਬੋਲਿਆ, ਅੱਛਾ ਆਪਨੇ ਏਕ ਬੰਦੇ ਕੋ ਗ੍ਰਿਫ਼ਤਾਰ ਕੀਆ ਹੈ ਨਾ, ਜੋ ਅਭੀ ਆਇਆ ਹੈ ਏ ਟੀ ਐੱਸ ਮੇਂ, ਉਸਕੋ ਮਾਰ ਡਾਲੋ, ਐਸੇ ਬੰਦੇ ਕੋ ਜੀਨੇ ਕਾ ਕੋਈ ਹੱਕ ਨਹੀਂ।**

ਸਵਾਲ: ਮੈਂ ਜਦੋਂ ਤੋਂ ਇੱਥੇ ਆਈ ਹਾਂ, ਹਰ ਕੋਈ ਸੋਹਰਾਬੁਦੀਨ ਮੁਕਾਬਲੇ ਦੀ ਚਰਚਾ ਕਰ ਰਿਹਾ ਹੈ?

ਜਵਾਬ: ਪੂਰਾ ਮੁਲਕ ਉਸ ਮੁਕਾਬਲੇ ਦੀ ਗੱਲ ਕਰ ਰਿਹੈ। ਇਨ੍ਹਾਂ ਨੇ ਇਕ ਮੰਤਰੀ ਦੀ ਸ਼ਹਿ 'ਤੇ ਸੋਹਰਾਬੁਦੀਨ ਅਤੇ ਤੁਲਸੀ ਪ੍ਰਜਾਪਤੀ ਨੂੰ ਉਡਾ ਦਿੱਤਾ।

ਇਸ ਮੰਤਰੀ ਅਮਿਤ ਸ਼ਾਹ ਦਾ ਮਨੁੱਖੀ ਅਧਿਕਾਰਾਂ ਵਿਚ ਕੋਈ ਵਿਸ਼ਵਾਸ ਨਹੀਂ। ਉਸ ਸਾਨੂੰ ਕਹਿੰਦਾ ਹੁੰਦਾ ਸੀ ਕਿ ਉਸਦਾ ਮਨੁੱਖੀ ਅਧਿਕਾਰ ਕਮਿਸ਼ਨਾਂ ਵਿਚ ਕੋਈ ਭਰੋਸਾ ਨਹੀਂ। ਹੁਣ ਦੇਖੋ, ਅਦਾਲਤ ਨੇ ਵੀ ਉਸਨੂੰ ਜ਼ਮਾਨਤ ਦੇ ਦਿੱਤੀ ਹੈ।

ਸਵਾਲ: ਤੁਸੀਂ ਕਦੇ ਉਸ ਦੇ ਮਤਹਿਤ ਕੰਮ ਨਹੀਂ ਕੀਤਾ?

ਸਵਾਲ: ਕੀਤਾ ਹੈ, ਜਦੋਂ ਮੈਂ ਏ ਟੀ ਐੱਸ ਦਾ ਮੁਖੀ ਸੀ। ਉਨ੍ਹਾਂ ਨੇ ਵਣਜਾਰਾ ਦਾ ਤਬਾਦਲਾ ਕਰਕੇ ਮੈਨੂੰ ਨਿਯੁਕਤ ਕੀਤਾ ਸੀ। ਮੈਂ ਤਾਂ ਮਨੁੱਖੀ ਅਧਿਕਾਰਾਂ ਵਿਚ ਭਰੋਸਾ ਰੱਖਦਾ ਹਾਂ। ਇਸ ਸ਼ਾਹ ਨੇ ਮੈਨੂੰ ਇਕ ਵਾਰ ਆਪਣੇ ਬੰਗਲੇ 'ਤੇ ਸੱਦ ਲਿਆ। ਮੈਂ ਤਾਂ ਅੱਜ ਤਕ ਨਾ ਕਿਸੇ ਦੇ ਬੰਗਲੇ ਉਪਰ ਗਿਆ ਹਾਂ, ਤੇ ਨਾ ਹੀ ਕਿਸੇ ਦੇ ਘਰ ਜਾਂ ਦਫ਼ਤਰ ਵਿਚ। ਮੈਂ ਉਸਨੂੰ ਕਿਹਾ ਕਿ ਸਰ, ਮੈਂ ਤਾਂ ਤੁਹਾਡਾ ਬੰਗਲਾ ਹੀ ਨਹੀਂ ਵੇਖਿਆ ਹੈ। ਫਿਰ ਉਸਨੇ ਕਿਹਾ ਕਿ ਠੀਕ ਹੈ, ਤੁਹਾਨੂੰ ਲਿਆਉਣ ਲਈ ਮੈਂ ਆਪਣਾ ਨਿੱਜੀ ਵਾਹਨ ਭੇਜ ਦਿੰਦਾ ਹਾਂ, ਉਸ ਵਿਚ ਆ ਜਾਓ। ਮੈਂ ਕਿਹਾ ਠੀਕ ਹੈ, ਭੇਜ ਦਿਓ। ਮੇਰੇ ਪਹੁੰਚਦੇ ਹੀ ਉਹ ਬੋਲਿਆ, ਅੱਛਾ ਆਪਨੇ ਏਕ ਬੰਦੇ ਕੋ ਗ੍ਰਿਫ਼ਤਾਰ ਕੀਆ ਹੈ ਨਾ, ਜੋ ਅਭੀ ਆਇਆ ਹੈ ਏ ਟੀ ਐੱਸ ਮੇਂ, ਉਸਕੋ ਮਾਰ ਡਾਲੋ, ਐਸੇ ਬੰਦੇ ਕੋ ਜੀਨੇ ਕਾ ਕੋਈ ਹੱਕ ਨਹੀਂ।

ਮੈਂ ਤੁਰੰਤ ਆਪਣੇ ਦਫ਼ਤਰ ਮੁੜ ਆਇਆ ਅਤੇ ਆਪਣੇ ਜੂਨੀਅਰਾਂ ਦੀ ਮੀਟਿੰਗ ਸੱਦ ਲਈ। ਮੈਨੂੰ ਖਦਸ਼ਾ ਸੀ ਕਿ ਅਮਿਤ ਸ਼ਾਹ ਉਨ੍ਹਾਂ ਨੂੰ ਸਿੱਧੇ ਨਿਰਦੇਸ਼ ਦੇ ਕੇ ਉਸਨੂੰ ਮਰਵਾ ਸਕਦਾ ਹੈ। ਮੈਂ ਉਨ੍ਹਾਂ ਨੂੰ ਕਿਹਾ, ਦੇਖੋ, ਮੈਨੂੰ ਉਸ ਨੂੰ ਮਾਰਨ ਦਾ ਆਦੇਸ਼ ਮਿਲਿਆ ਹੈ, ਪਰ ਕੋਈ ਉਸਨੂੰ ਹੱਥ ਵੀ ਨਹੀਂ ਲਗਾਏਗਾ, ਸਿਰਫ਼ ਤਫ਼ਤੀਸ਼ ਕਰਨੀ ਹੈ। ਮੈਨੂੰ ਕਿਹਾ ਗਿਆ ਹੈ ਅਤੇ ਕਿਉਂਕਿ ਮੈਂ ਇੰਝ ਨਹੀਂ ਕਰ ਰਿਹਾ ਹਾਂ, ਇਸ ਲਈ ਕੋਈ ਵੀ ਇੰਝ ਨਹੀਂ ਕਰੇਗਾ।

ਸਵਾਲ: ਇਹ ਤਾਂ ਬਹੁਤ ਹੌਸਲੇ ਵਾਲੀ ਗੱਲ ਸੀ।

ਜਵਾਬ: ਇਸ ਨਰੇਂਦਰ ਮੋਦੀ ਨੇ ਮੈਨੂੰ ਉਸ ਦਿਨ ਬੁਲਾਇਆ, ਜਿਸ ਦਿਨ ਮੈਂ ਰਿਟਾਇਰ ਹੋ ਰਿਹਾ ਸੀ। ਉਸਨੇ ਕਿਹਾ, "ਤਾਂ ਹੁਣ ਤੁਹਾਡੀ ਕੀ ਯੋਜਨਾ ਹੈ।" ਇਸ ਤਰ੍ਹਾਂ ਦੇ ਕਈ ਸਵਾਲ ਪੁੱਛਦਾ ਰਿਹਾ। ਮੈਂ ਉਨ੍ਹਾਂ ਨੂੰ ਦਸਿਆ ਕਿ ਮੈਂ ਕਿੰਨਾ ਦਬਾਅ ਮਹਿਸੂਸ ਕਰ ਰਿਹਾ ਸੀ। ਫਿਰ ਉਹ ਬੋਲੇ, ਅੱਛਾ ਯੇ ਬਤਾਓ, ਸਰਕਾਰ ਕੇ ਖਿਲਾਫ਼ ਕੌਣ ਕੌਣ ਲੋਗ ਹੈਂ, ਮਤਲਬ ਕਿਤਨੇ ਅਫ਼ਸਰ ਸਰਕਾਰ ਕੇ ਖ਼ਿਲਾਫ਼ ਹੈਂ।

ਮੈਂ ਮੋਦੀ ਨੂੰ ਕਿਹਾ, "ਕੀ ਮੈਂ ਤੁਹਾਨੂੰ ਕੁਝ ਪੁੱਛ ਸਕਦਾ ਹਾਂ?" ਉਸ ਨੇ ਕਿਹਾ, ਹਾਂ, ਪੁੱਛੋ।

ਮੈਂ ਕਿਹਾ, ਪਿਛਲੇ ਦੋ ਦਹਾਕਿਆਂ ਦੇ ਦੌਰਾਨ ਮੈਂ ਵੱਖੋ ਵੱਖਰੇ ਅਹੁਦਿਆਂ ਉਪਰ ਸੇਵਾ ਨਿਭਾਈ ਹੈ। ਕੀ ਤੁਹਾਨੂੰ ਮੇਰੇ ਖਿਲਾਫ਼ ਕੁਝ ਸੁਣਨ ਨੂੰ ਮਿਲਿਆ ਹੈ? ਉਨ੍ਹਾਂ ਦਾ ਜਵਾਬ ਇਹ ਸੀ ਕਿ ਮੈਂ ਬਹੁਤ ਵਧੀਆ ਕੰਮ ਕਰ ਰਿਹਾ ਸੀ। ਫਿਰ ਮੈਂ ਉਨ੍ਹਾਂ ਨੂੰ ਕਿਹਾ, ਸਰ, ਪਿਛਲੇ ਚਾਰ ਸਾਲ ਦੇ ਦੌਰਾਨ ਮੇਰੇ ਤਤਕਾਲੀ ਸੀਨੀਅਰਾਂ ਅਤੇ ਗ੍ਰਹਿ ਸਕੱਤਰਾਂ ਨੇ ਮੇਰੀਆਂ ਸਾਲਾਨਾ ਖ਼ੁਫ਼ੀਆਂ ਰਿਪੋਰਟਾਂ (ਏ ਸੀ ਆਰ) ਨੂੰ ਐਕਸੀਲੈਂਟ ਅਤੇ ਆਊਟ ਸਟੈਂਡਿੰਗ ਕਰਾਰ ਦਿੱਤਾ ਹੈ, ਫਿਰ ਤੁਸੀਂ ਕਿਉਂ ਉਨ੍ਹਾਂ ਨੂੰ ਨੀਵਾਂ ਦਿਖਾਉਂਦੇ ਹੋ? ਮੇਰੀ ਕਾਰਗੁਜ਼ਾਰੀ ਨੂੰ ਤੁਸੀਂ ਖ਼ਰਾਬ ਕਿਉਂ ਕੀਤਾ? ਮੈਂ ਉਨ੍ਹਾਂ ਨੂੰ ਦਸਿਆ ਕਿ ਸੂਚਨਾ ਦੇ ਅਧਿਕਾਰ ਤਹਿਤ ਮੈਂ ਸਭ ਕੁਝ ਪਤਾ ਕਰ ਲਿਆ ਹੈ। ਉਹ ਠੱਗੇ ਜਹੇ ਮਹਿਸੂਸ ਕਰ ਰਹੇ ਸਨ। ਉਹ ਬੋਲੇ, ਮੈਂ ਆਪਣੇ ਅਫ਼ਸਰਾਂ ਅਤੇ ਗ੍ਰਹਿ ਸਕੱਤਰਾਂ ਨਾਲ ਗੱਲ ਨਹੀਂ ਕਰਦਾ? ਮੈਂ ਉਨ੍ਹਾਂ ਨੂੰ ਕਿਹਾ, ਸਰ, ਤੁਹਾਨੂੰ ਗ੍ਰਹਿ ਸਕੱਤਰ ਨੂੰ ਕਾਲ ਕਰਨ ਦੀ ਜ਼ਰੂਰਤ ਹੀ ਨਹੀਂ ਸੀ ਕਿਉਂਕਿ ਫਾਂਈਲ ਪਹਿਲਾਂ ਹੀ ਤੁਹਾਡੇ ਕੋਲ ਪਹੁੰਚ ਚੁੱਕੀ ਸੀ ਅਤੇ ਤੁਸੀਂ ਸਭ ਕੁਝ ਜਾਣਦੇ ਸੀ। ਮੈਂ ਡੀ ਜੀ ਬਣ ਸਕਦਾ ਸੀ, ਪਰ ਉਨ੍ਹਾਂ ਨੇ ਐਸਾ ਨਹੀਂ ਹੋਣ ਦਿੱਤਾ।

ਸਵਾਲ: ਤੁਹਾਡੇ ਸੂਬੇ ਵਿਚ ਕੋਈ ਡੀ ਜੀ ਕਿਉਂ ਨਹੀਂ ਹੈ?

ਜਵਾਬ: ਕਿਉਂਕਿ ਮੋਦੀ ਨੇ ਕੁਲਦੀਪ ਸ਼ਰਮਾ ਨਾਂ ਦੇ ਇਕ ਅਫ਼ਸਰ ਤੋਂ ਬਦਲਾ ਲੈਣਾ ਹੈ।

ਸਵਾਲ: ਮੈਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਦੀ ਅਫਸਰਾਂ ਦੀ ਇਕ ਆਪਣੀ ਟੀਮ ਵੀ ਹੈ?

ਜਵਾਬ: ਮੈਂ ਜਦੋਂ ਰਾਜਕੋਟ ਦਾ ਆਈ ਜੀ ਸੀ ਉਦੋਂ ਜੂਨਾਗੜ੍ਹ ਦੇ ਕੋਲ ਇਕ ਫਿਰਕੂ ਫ਼ਸਾਦ ਹੋਇਆ ਸੀ। ਮੈਂ ਕੁਝ ਲੋਕਾਂ ਦੇ ਖ਼ਿਲਾਫ਼ ਐਫ ਆਈ ਆਰ ਦਰਜ ਕੀਤੀ ਸੀ। ਗ੍ਰਹਿ ਮੰਤਰੀ ਨੇ ਮੈਨੂੰ ਫੋਕਰਕੇ ਪੁੱਛਿਆ, ਰਾਜਨ ਜੀ, ਕਿੱਥੇ ਹੋ ਤੁਸੀਂ? ਮੈਂ ਜਵਾਬ ਦਿੱਤਾ, ਸਰ ਮੈਂ ਜੂਨਾਗੜ ਵਿਚ ਹਾਂ। ਫਿਰ ਉਨ੍ਹਾਂ ਨੇ ਕਿਹਾ, ਚੰਗਾ, ਤਿੰਨ ਨਾਂ ਲਿਖੋ, ਤੁਸੀਂ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਨਾ ਹੈ। ਮੈਂ ਕਿਹਾ, ਸਰ, ਇਹ ਤਿੰਨੇ ਇਸ ਵਕਤ ਮੇਰੇ ਕੋਲ ਬੈਠੇ ਹਨ ਅਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਿੰਨੇ ਮੁਸਲਮਾਨ ਹਨ ਅਤੇ ਇਨ੍ਹਾਂ ਦੇ ਚਲਦੇ ਹੀ ਹਾਲਾਤ ਸੁਧਰੇ ਹਨ। ਇਨ੍ਹਾਂ ਲੋਕਾਂ ਨੇ ਆਪਣੇ ਯਤਨਾਂ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕਜੁੱਟ ਕੀਤਾ ਹੈ ਅਤੇ ਫ਼ਸਾਦ ਖ਼ਤਮ ਕਰਵਾਇਆ ਹੈ: ਉਹ ਬੋਲੇ, ਦੇਖੋ, ਸੀ ਐਮ ਸਾਹਿਬ ਨੇ ਕਹਾ ਹੈ। ਉਸ ਵਕਤ ਇਹ ਸ਼ਖਸ ਨਰੇਂਦਰ ਮੋਦੀ ਹੀ ਮੁੱਖ ਮੰਤਰੀ ਸੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਇਹ ਸੀ ਐਮ ਦੇ ਆਦੇਸ਼ ਹਨ। ਮੈਂ ਜਵਾਬ ਦਿੱਤਾ, ਸਰ ਮੁੱਖ ਮੰਤਰੀ ਦੇ ਆਦੇਸ਼ ਦੇ ਬਾਵਜੂਦ ਮੈਂ ਇੰਝ ਨਹੀਂ ਕਰ ਸਕਦਾ ਕਿਉਂਕਿ ਇਹ ਤਿੰਨੋ ਬੇਕਸੂਰ ਹਨ।

ਸਵਾਲ: ਅੱਗੋ ਫ਼ੋਨ ਉਪਰ ਕੌਣ ਸੀ?

ਜਵਾਬ: ਗ੍ਰਹਿ ਮੰਤਰੀ ਗੋਰਧਨ ਜ਼ੜਫੀਆ।

ਸਵਾਲ: ਕਦੋਂ ਦੀ ਗੱਲ ਹੈ?

ਜਵਾਬ: ਜੁਲਾਈ 2002 ਦੇ ਨੇੜੇ ਤੇੜੇ ਦੀ, ਫਿਰ ਜ਼ੜਫੀਆ ਨੇ ਕਿਹਾ ਸੀ ਕਿ ਉਹ ਆਪ ਉੱਥੇ ਆਵੇਗਾ।

ਸਵਾਲ: ਅਤੇ ਇਹ ਲੋਕ ਕੌਣ ਸਨ?

ਜਵਾਬ: ਅਰੇ, ਇਹ ਨੇਕ ਲੋਕ ਸਨ। ਉਹ ਮੁਸਲਮਾਨ ਸਨ, ਜੋ ਫ਼ਸਾਦਾਂ ਨੂੰ ਖ਼ਤਮ ਕਰਾਉਣ ਵਿਚ ਹੱਥ ਵਟਾ ਰਹੇ ਸਨ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਂਦਾ।

ਸਵਾਲ: ਅਤੇ ਇਹ ਸਿੰਘਲ ਦਾ ਕੀ ਮਾਮਲਾ ਹੈ? ਉਨ੍ਹਾਂ ਨੇ ਹੀ ਮੈਨੂੰ ਤੁਹਾਡੇ ਨਾਲ ਗੱਲ ਕਰਨ ਨੂੰ ਕਿਹਾ ਸੀ।

ਜਵਾਬ: ਮੈਂ ਉਸਦਾ ਬੌਸ ਸੀ, ਹੁਣ ਉਹ ਏ ਟੀ ਐੱਸ ਵਿਚ ਹੈ। ਉਹ ਮੇਰੇ ਮਤਹਿਤ ਡਿਪਟੀ ਐੱਸ ਪੀ ਸੀ, ਜੋ ਪ੍ਰੋਬੇਸ਼ਨ ਉੱਪਰ ਸੀ।

ਸਵਾਲ: ਉਨ੍ਹਾਂ ਦੇ ਮਤਹਿਤ ਕੌਣ ਕੌਣ ਕੰਮ ਕਰਦਾ ਸੀ?

ਜਵਾਬ: ਜੋ ਲੋਕ ਜੇਲ੍ਹ ਵਿਚ ਹਨ, ਜਿਵੇਂ ਕਿ ਵਣਜਾਰਾ ਵਗੈਰਾ। ਮੈਂ ਬਾਰਡਰ ਰੇਂਜ ਦਾ ਆਈ ਜੀ ਸੀ। ਉਹ ਵਣਜਾਰਾ ਨੂੰ ਲਿਆਉਣਾ ਚਾਹੁੰਦੇ ਸਨ ਤਾਂ ਉਨ੍ਹਾਂ ਨੇ ਮੇਰਾ ਤਬਾਦਲਾ ਕਰ ਦਿੱਤਾ। ਉਸਨੂੰ ਲਗਾਉਣ ਲਈ ਉਨ੍ਹਾਂ ਨੇ ਉਸਦਾ ਅਹੁਦਾ ਘਟਾ ਦਿੱਤਾ।

ਸਵਾਲ: ਤਾਂ ਕੀ ਇਥੇ ਦੀ ਪੁਲਿਸ ਮੁਸਲਮਾਨ ਵਿਰੋਧੀ ਹੈ?

ਜਵਾਬ: ਨਹੀਂ, ਦਰਅਸਲ ਆਗੂ ਹੀ ਐਸੇ ਹਨ। ਜੇ ਕੋਈ ਅਫ਼ਸਰ ਉਨ੍ਹਾਂ ਦੀ ਨਹੀਂ ਮੰਨਦਾ ਤਾਂ ਉਹ ਉਸਨੂੰ ਖੂੰਜੇ ਲਗਾ ਦਿੰਦੇ ਨੇ, ਇਨ੍ਹਾਂ ਹਾਲਾਤ ਵਿਚ ਉਹ ਕੀ ਕਰੇਗਾ।

ਸਵਾਲ: ਅਮਿਤ ਸ਼ਾਹ ਨੇ ਤੁਹਾਨੂੰ ਜਿਸ ਸ਼ਖਸ ਨੂੰ ਮਾਰਨ ਲਈ ਕਿਹਾ ਸੀ, ਕੀ ਉਹ ਮੁਸਲਮਾਨ ਸੀ?

ਜਵਾਬ: ਨਹੀਂ, ਉਹ ਉਸਨੂੰ ਇਸ ਲਈ ਰਾਹ ਵਿਚੋਂ ਹਟਾਉਣਾ ਚਾਹੁੰਦੇ ਸਨ ਕਿਉਂਕਿ ਬਿਜ਼ਨੈੱਸ ਲਾਬੀ ਵੱਲੋਂ ਕੋਈ ਦਬਾਅ ਸੀ।

ਸਵਾਲ: ਮੈਨੂੰ ਪਤਾ ਲੱਗਿਆ ਹੈ ਕਿ ਕੁਝ ਅਫ਼ਸਰਾਂ ਕੋਲੋਂ ਇਸ਼ਰਤ ਜਹਾਂ ਦਾ ਮੁਕਾਬਲਾ ਜਬਰੀ ਬਣਵਾਇਆ ਗਿਆ ਸੀ?

ਜਵਾਬ: ਦੇਖੋ, ਇਹ ਗੱਲ ਮੇਰੇ ਅਤੇ ਤੁਹਾਡੇ ਦਰਮਿਆਨ ਹੀ ਏ। ਇਨ੍ਹਾਂ ਲੋਕਾਂ (ਵਣਜਾਰਾ ਅਤੇ ਉਸਦੇ ਗੈਂਗ) ਨੇ ਪੰਜ ਸਰਦਾਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਵਿਚ ਇਕ ਕਾਂਸਟੇਬਲ ਵੀ ਸੀ। ਵਣਜਾਰਾ ਦਾ ਕਹਿਣਾ ਸੀ ਕਿ ਇਹ ਸਾਰੇ ਦਹਿਸ਼ਤਗਰਦ ਹਨ ਅਤੇ ਇਨ੍ਹਾਂ ਦਾ ਐਨਕਾਊਂਟਰ ਬਣਾ ਦਿੱਤਾ ਜਾਣਾ ਚਾਹੀਦਾ ਹੈ। ਸਬੱਬ ਨਾਲ ਪਾਂਡਿਅਨ ਉਸ ਵਕਤਾ ਐੱਸ ਪੀ ਸੀ। ਉਸਨੇ ਇਨਕਾਰ ਕਰ ਦਿੱਤਾ ਅਤੇ ਪੰਜੇ ਬਚ ਗਏ।

ਸਵਾਲ: ਯਾਨੀ ਅਫ਼ਸਰ ਸੱਚਮੁੱਚ ਮੁਸਲਮਾਨ ਵਿਰੋਧੀ ਨਹੀਂ ਹਨ?

ਜਵਾਬ: ਬਿਲਕੁਲ ਨਹੀਂ। ਨੇਤਾ ਉਨ੍ਹਾਂ ਤੋਂ ਐਸਾ ਕਰਵਾਉਂਦੇ ਹਨ। ਜੇ ਤੁਸੀਂ ਈਮਾਨਦਾਰ ਹੋ ਤਾਂ ਉਹ ਤੁਹਾਨੂੰ ਕਿਸੇ ਅਹੁਦੇ ਉਪਰ ਨਹੀਂ ਰਹਿਣ ਦੇਣਗੇ। ਦੇਖੋ, ਇਨ੍ਹਾਂ ਨੇ ਰਜਨੀਸ਼ ਰਾਏ ਅਤੇ ਰਾਹੁਲ ਸ਼ਰਮਾ ਦੇ ਨਾਲ ਕੀ ਕੀਤਾ ਹੈ।

ਜਵਾਬ: ਇਹ ਸਰਕਾਰ ਫਿਰਕਾਪ੍ਰਸਤ ਅਤੇ ਭ੍ਰਿਸ਼ਟ ਹੈ। ਇਹੋ ਅਮਿਤ ਸ਼ਾਹ ਮੇਰੇ ਕੋਲ ਆ ਕੇ ਦਮਗੱਜੇ ਮਾਰਦਾ ਸੀ ਕਿ ਉਸਨੇ 1985 ਵਿਚ ਫ਼ਸਾਦ ਭੜਕਾਉਣ ਲਈ ਕੀ ਕੁਝ ਕੀਤਾ ਸੀ। ਉਹ ਹਰ ਕਿਸੇ ਨੂੰ ਮੀਟਿੰਗ ਲਈ ਆਪਣੇ ਕੋਲ ਸੱਦ ਲੈਂਦਾ ਸੀ। ਇਕ ਮੀਟਿੰਗ ਵਿਚ ਉਸਨੇ ਗ੍ਰਹਿ ਸਕੱਤਰ, ਮੁੱਖ ਸਕੱਤਰ, ਇਕ ਸੰਸਦ ਮੈਂਬਰ ਅਤੇ ਮੈਨੂੰ ਵੀ ਸਦਿਆ ਸੀ। ਉਸ ਵਕਤ ਮੈਂ ਆਈ ਜੀ ਸੀ। ਸੰਸਦ ਮੈਂਬਰ ਨੇ ਅਮਿਤ ਸ਼ਾਹ ਨੂੰ ਕਿਹਾ ਕਿ ਤੂੰ ਇਕ ਸਿਪਾਹੀ ਦਾ ਵੀ ਤਬਾਦਲਾ ਨਹੀਂ ਕਰਵਾ ਸਕਦਾ। ਅਮਿਤ ਸ਼ਾਹ ਨੇ ਮੇਰੇ ਵੱਲ ਮੂੰਹ ਕਰਕੇ ਕਿਹਾ, ਇਹ ਕੰਮ ਹੁਣ ਤਕ ਕਿਉਂ ਨਹੀਂ ਹੋਇਆ? ਮੈਂ ਦਸਿਆ ਕਿ ਉਸ ਸਿਪਾਹੀ ਨੇ ਕੁਝ ਵੀ ਗਲਤ ਨਹੀਂ ਕੀਤਾ ਹੈ। ਉਹ ਤਾਂ ਬਸ ਭਾਜਪਾ ਐੱਮ ਪੀ ਦੇ ਮੁੰਡੇ ਨੂੰ ਵਰਜ ਹੀ ਰਿਹਾ ਸੀ।

ਸਵਾਲ: ਮੈਨੂੰ ਹੈਰਾਨੀ ਹੈ ਕਿ ਉਨ੍ਹਾਂ ਨੇ ਤੁਹਾਨੂੰ ਇੰਝ ਕਿਹਾ?

ਜਵਾਬ: ਉਨ੍ਹਾਂ ਨੂੰ ਮੇਰੇ ਉਪਰ ਭਰੋਸਾ ਸੀ। ਦਰਅਸਲ ਉਹ ਹੀ ਸਨ ਜਿਨ੍ਹਾਂ ਨੇ ਮੈਨੂੰ ਇਸ਼ਰਤ ਦੇ ਮਾਮਲੇ ਤੋਂ ਜਾਣੂ ਕਰਾਇਆ ਸੀ। ਉਨ੍ਹਾਂ ਨੇ ਦਸਿਆ ਸੀ ਕਿ ਇਸ਼ਰਤ ਨੂੰ ਮਾਰਨ ਤੋਂ ਪਹਿਲਾਂ ਉਨ੍ਹਾਂ ਨੇ ਉਸਨੂੰ ਆਪਣੇ ਕੋਲ ਹਿਰਾਸਤ ਵਿਚ ਰੱਖਿਆ ਸੀ ਅਤੇ ਇਨ੍ਹਾਂ ਪੰਜਾਂ ਦੀ ਹੱਤਿਆ ਕੀਤੀ ਗਈ ਸੀ ਕੋਈ ਮੁਕਾਬਲਾ ਨਹੀਂ ਹੋਇਆ ਸੀ। ਉਨ੍ਹਾਂ ਨੇ ਮੈਨੂੰ ਦਸਿਆ ਸੀ ਕਿ ਉਹ ਕੋਈ ਦਹਿਸ਼ਤਗਰਦ ਨਹੀਂ ਸੀ।

ਸਵਾਲ: ਮੈਨੂੰ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੇ ਤੁਹਾਨੂੰ ਏ ਟੀ ਐੱਸ ਵਰਗੀ ਐਨੀ ਅਹਿਮ ਪੁਜੀਸ਼ਨ ਉਪਰ ਆਉਣ ਦਿੱਤਾ?

ਜਵਾਬ: ਹਾਂ ਉਹ ਸੋਚਦੇ ਸਨ ਕਿ ਮੈਂ ਉਨ੍ਹਾਂ ਦਾ ਬੰਦਾ ਹਾਂ ਅਤੇ ਉਹੀ ਕਰਾਂਗਾ ਜੋ ਕਿਹਾ ਜਾਵੇਗਾ। ਸ਼ਾਹ ਨੇ ਮੈਨੂੰ ਕਿਹਾ, ਦੇਖੋ ਦੋ ਅਹਿਮ ਥਾਵਾਂ ਖਾਲੀ ਹਨ, ਏ ਟੀ ਐੱਸ ਦੀ ਅਤੇ ਪੁਲਿਸ ਕਮਿਸ਼ਨਰ ਦੀ। ਸਾਨੂੰ ਇਨ੍ਹਾਂ ਦੋਨਾਂ ਥਾਵਾਂ ਉਪਰ ਆਪਣੇ ਬੰਦੇ ਚਾਹੀਦੇ ਹਨ। ਅਸੀਂ ਆਸ਼ੀਸ਼ ਭਾਟੀਆ ਨੂੰ ਕਮਿਸ਼ਨਰ ਬਣਾ ਰਹੇ ਹਾਂ ਅਤੇ ਤੁਹਾਨੂੰ ਏ ਟੀ ਐੱਸ ਮੁਖੀ। ਉਨ੍ਹਾਂ ਨੇ ਕਿਹਾ ਕਿ ਮੇਰੇ ਵਿਚ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਅਤੇ ਮੈਂ ਉਹੀ ਕਰਾਂਗਾ ਜੋ ਮੈਨੂੰ ਸਰਕਾਰ ਕਹੇਗੀ। ਤਦ ਮੈਂ ਉਨ੍ਹਾਂ ਨੂੰ ਕਿਹਾ ਕਿ ਜੇਕਰ ਤੁਹਾਨੂੰ ਸੱਚਮੁੱਚ ਏਨਾ ਭਰੋਸਾ ਸੀ ਤਾਂ ਤੁਸੀਂ ਮੈਨੂੰ ਪੁਲਿਸ ਕਮਿਸ਼ਨਰ ਕਿਉਂ ਨਹੀਂ ਬਣਾਇਆ।

ਪੀ ਸੀ ਪਾਂਡੇ ਨੂੰ ਵੇਖੋ, ਉਨ੍ਹਾਂ ਨੇ ਫ਼ਸਾਦ ਕਰਨ ਵਾਲਿਆਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਹ ਮੁੱਖ ਮੰਤਰੀ ਦੇ ਖ਼ਾਸ-ਮ-ਖ਼ਾਸ ਲੋਕਾਂ ਵਿਚੋਂ ਹੈ। ਉਨ੍ਹਾਂ ਦਾ ਚਹੇਤਾ ਹੈ। ਮੁਸਲਮਾਨਾਂ ਦੀ ਹੱਤਿਆ ਲਈ ਉਹੀ ਜ਼ਿੰਮੇਵਾਰ ਹੈ। ਇਸੇ ਲਈ ਉਸਨੂੰ ਸੇਵਾ ਮੁਕਤੀ ਤੋਂ ਬਾਅਦ ਵੀ ਅਹੁਦਾ ਦਿੱਤਾ ਗਿਆ ਹੈ। ਮੇਰਾ ਉਸ ਨਾਲ ਚੰਗਾ ਰਿਸ਼ਤਾ ਹੈ, ਇਸਦੇ ਬਾਵਜੂਦ ਮੈਂ ਜਾਣਦਾ ਹਾਂ ਕਿ ਉਸਨੇ ਕੀ ਗ਼ਲਤ ਕੀਤਾ ਹੈ।

ਮਈ 2013 'ਚ ਇਸ਼ਰਤ ਜਹਾਂ ਮਾਮਲੇ ਦਾ ਮੇਰੇ ਵੱਲੋਂ ਕੀਤਾ ਖੁਗੁਜਰਾਤ ਸਰਕਾਰ ਉਪਰ ਬੰਬ ਬਣ ਕੇ ਡਿੱਗਿਆ। ਮੈਂ ਇਸ਼ਰਤ ਜਹਾਂ ਅਤੇ ਸਦੀਕ, ਜਮਾਲ ਦੇ ਫਰਜ਼ੀ ਮੁਕਾਬਲੇ ਦੇ ਮਾਮਲੇ ਦੇ ਕੁਝ ਬਹੁਤ ਹੀ ਅਹਿਮ ਦਸਤਾਵੇਜ਼ ਨਸ਼ਰ ਕਰ ਦਿੱਤੇ ਸਨ। ਗ੍ਰਹਿ ਮੰਤਰਾਲੇ ਦੀ ਜਾਂਚ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਨਿਊਜ਼ ਚੈਨਲ ਆਪੇ ਤੋਂ ਬਾਹਰ ਹੋ ਗਏ। ਮੈਂ ਹਰ ਸੰਭਵ ਨਿਊਜ਼ ਚੈਨਲ ਉਪਰ ਜਾ ਕੇ ਜਾਂਚ ਦੀ ਤਫ਼ਸੀਲ ਦੱਸ ਰਹੀ ਸੀ। ਸ਼ਾਇਦ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਪਹਿਲੀ ਵਾਰ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਨਾਲ ਸਿੱਧਾ ਸਬੰਧ ਜਾ ਜੁੜਿਆ ਸੀ; ਇਸ ਵਾਰ ਮਾਸਟਰ ਮਾਈਂਡ ਗੁਜਰਾਤ ਵਿਚ ਤਾਇਨਾਤ ਕੇਂਦਰੀ ਆਈ ਬੀ ਅਧਿਕਾਰੀ ਰਾਜਿੰਦਰ ਕੁਮਾਰ ਜਾਪਦਾ ਸੀ।

ਪਰਦਾਫਾਸ਼ ਸੁਰਖ਼ੀਆਂ ਵਿਚ ਆਉਣ ਨਾਲ ਗ੍ਰਹਿ ਮੰਤਰਾਲਾ ਕਸੂਤਾ ਫਸ ਗਿਆ ਅਤੇ ਸੀ ਬੀ ਆਈ



ਇੰਟੈਲੀਜੈਂਸ ਬਿਊਰੋ ਅਧਿਕਾਰੀ, ਖ਼ਾਸ ਕਰਕੇ ਰਾਜਿੰਦਰ ਕੁਮਾਰ ਨੂੰ ਸਵਾਲ ਕਰਨ ਲਈ ਮਜਬੂਰ ਹੋ ਗਈ, ਆਈ ਬੀ ਦਾ ਸਪੈਸ਼ਲ ਡਾਇਰੈਕਟਰ ਰਾਜਿੰਦਰ ਕੁਮਾਰ ਜਿਸਦੀ ਇਸ਼ਰਤ ਜਹਾਂ ਮਾਮਲੇ ਵਿਚ ਭੂਮਿਕਾ ਸਾਫ਼ ਹੋ ਗਈ ਸੀ? ਪਿੱਛੇ ਜਿਹੇ ਗ੍ਰਹਿ ਸਕੱਤਰ ਜੀ ਕੇ ਪਿੱਲੇ ਦੇ ਬਿਆਨ ਨਾਲ ਰਾਜਿੰਦਰ ਕੁਮਾਰ ਇਕ ਫਿਰ ਸੁਰਖਿਆ ਵਿਚ ਆਇਆ ਸੀ ਜਿਸਨੇ ਆਪਣੇ ਕਾਰਜਕਾਲ ਵਿਚ ਇਹ ਬਿਆਨ ਦਿੱਤਾ ਸੀ ਕਿ ਇਸ਼ਰਤ ਨੂੰ ਸ਼ੱਕ ਦਾ ਲਾਭ ਦਿੱਤਾ ਜਾਣਾ ਚਾਹੀਦਾ ਸੀ, ਉਸ ਨੇ 2016 ਦੇ ਸ਼ੁਰੂ ਵਿਚ ਮੀਡੀਆ ਨੂੰ ਦਸਿਆ ਕਿ ਉਸਨੇ ਸੱਤਾਧਾਰੀ ਕਾਂਗਰਸ ਹਕੂਮਤ ਦੇ ਕਹਿਣ 'ਤੇ ਹਲਫ਼ਨਾਮੇ ਬਦਲੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਰਾਜਿੰਦਰ ਕੁਮਾਰ ਨੇ ਬਹੁਤ ਸਾਰੇ ਟੀ ਵੀ ਚੈਨਲਾਂ ਨੂੰ ਦਿੱਤੀਆਂ ਇੰਟਰਵਿਊ ਵਿਚ ਕਿਹਾ ਕਿ ਉਸਨੂੰ ਇਸ ਮਾਮਲੇ ਵਿਚ ਫਸਾਇਆ ਜਾ ਰਿਹਾ ਸੀ। ਪਿੱਲੇ ਵੱਲੋਂ ਡਿਊਟੀ ਵਿਚ ਕੋਤਾਹੀ ਕੀਤੇ ਜਾਣ ਅਤੇ ਖ਼ਾਸ ਕਰਕੇ ਉਸ ਵੱਲੋਂ ਕਥਿਤ 'ਸੱਚ' ਕਹਿਣ ਲਈ ਚੁਣੇ ਸਮੇਂ ਨੂੰ ਲੈ ਕੇ ਸਵਾਲ ਉਠੇ ਹਨ ਜਦੋਂ ਹੁਣ ਉਹ ਅਡਾਨੀ ਗਰੁੱਪ ਦੇ ਡਾਇਰੈਕਟਰਾਂ ਦੇ ਬੋਰਡ ਦਾ ਮੈਂਬਰ ਹੈ। ਇਸ ਤੋਂ ਭੈੜੀ ਗੱਲ ਇਹ ਕਿ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਇਸ ਤੱਥ ਦਾ ਕੋਈ ਪਛਤਾਵਾਂ ਨਹੀਂ ਹੈ ਕਿ ਇਹ ਵਿਅਕਤੀ ਦੇ ਅਹੁਦੇ ਦੇ ਕਾਬਲੀਅਤ ਪ੍ਰਮਾਣਾਂ (credentials) ਦੇ ਬਾਵਜੂਦ ਮੁਕਾਬਲਾ ਗੈਰਸੰਵਿਧਾਨਕ ਸੀ। ਉਨ੍ਹਾਂ ਵਿਚੋਂ ਕੋਈ ਵੀ ਇਸ ਸਵਾਲ ਨੂੰ ਮੁਖ਼ਾਤਬ ਨਹੀਂ ਹੋਇਆ ਕਿ ਗੁਜਰਾਤ ਦਾ ਤਕਰੀਬਨ ਸਮੁੱਚਾ ਗ੍ਰਹਿ ਵਿਭਾਗ ਸਿੰਘਲ ਦੀ ਰਿਕਾਰਡ ਗੱਲਬਾਤ ਵਿਚ ਕਿਉਂ ਫੜਿਆ ਗਿਆ, ਜਿਸ ਨੇ ਇਸ਼ਰਤ ਜਹਾਂ ਮਾਮਲੇ ਦੀ ਜਾਂਚ ਨੂੰ ਗੰਧਲਾ ਦੇਣ ਦੀ ਗੱਲ ਕੀਤੀ ਸੀ।

ਮੇਰੇ ਖੁਲਾਸੇ ਦੀ ਘੁੰਡੀ ਮੇਰੇ ਲੇਖ ਦੇ ਪਹਿਲੇ ਪੈਰੇ ਵਿਚ ਦਿੱਤੀ ਗਈ ਹੈ ਜੋ ਕਹਿੰਦਾ ਹੈ, ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੌਂ ਸਾਲ ਪਹਿਲਾਂ ਗੁਜਰਾਤ ਪੁਲਿਸ ਵੱਲੋਂ ਕੀਤੀਆਂ ਚਾਰ ਅਖਾਉਤੀ ਦਹਿਸ਼ਤਗਰਦਾਂ ਦੀਆਂ ਗੈਅਦਾਲਤੀ ਹੱਤਿਆਵਾਂ ਦੇ ਮਾਮਲੇ ਵਿਚ ਇਕ ਵੱਡਾ ਧਮਾਕਾ ਕਰਨ ਜਾ ਰਹੀ ਹੈ। ਤਹਿਲਕਾ ਨੂੰ ਪਤਾ ਚਲਿਆ ਹੈ ਕਿ ਸੀ ਬੀ ਆਈ ਅਹਿਮਦਾਬਾਦ ਦੇ ਟਰਾਇਲ ਜੱਜ ਅੱਗੇ ਸਹੁੰ ਚੁੱਕ ਕੇ ਇਹ ਗਵਾਹੀ ਦੇਵੇਗੀ ਕਿ ਇਕ ਔਰਤ ਅਤੇ ਤਿੰਨ ਹੋਰ ਬੰਦਿਆਂ (ਸਾਰੇ ਮੁਸਲਮਾਨ) ਦੀ 15 ਜੂਨ 2004 ਨੂੰ ਮੁਕਾਬਲੇ ਵਿਚ ਜੋ ਹੱਤਿਆ ਕੀਤੀ ਗਈ ਸੀ ਉਸ ਲਈ ਟਿੱਕੇ ਦੋਸ਼ੀ ਅਧਿਕਾਰੀਆਂ ਵਿਚ ਰਾਜਿੰਦਰ ਕੁਮਾਰ ਹੈ, ਜੋ ਹੁਣ ਇੰਟੈਲੀਜੈਂਸ ਬਿਊਰੋ (ਆਈ ਬੀ) ਦਾ ਸਪੈਸ਼ਲ ਡਾਇਰੈਕਟਰ ਹੈ। ਬਹੁਤ ਹੀ ਵਿਵਾਦਪੂਰਨ ਗੱਲ ਇਹ ਹੈ ਕਿ ਇਕ ਹੋਰ ਅਫ਼ਸਰ ਦੀ ਗਵਾਹੀ ਦਾਅਵਾ ਕਰਦੀ ਹੈ ਕਿ ਕੁਮਾਰ 19 ਸਾਲ ਕੁੜੀ ਇਸ਼ਰਤ ਜਹਾਂ ਨੂੰ ਓਦੋਂ ਮਿਲਿਆ ਸੀ ਜਦੋਂ ਉਹ ਹੱਤਿਆ ਕੀਤੇ ਜਾਣ ਤੋਂ ਪਹਿਲਾਂ ਗੈਪੁਲਿਸ ਹਿਰਾਸਤ ਵਿਚ ਸੀ। ਇਕ ਹੋਰ ਆਹਲਾ ਪੁਲਿਸ ਅਧਿਕਾਰੀ ਦੀ ਗਵਾਹੀ ਦਾਅਵਾ ਕਰਦੀ ਹੈ ਕਿ ਇਕ ਏ ਕੇ ਸੰਤਾਲੀ ਜਿਸ ਬਾਰੇ ਪੁਲਿਸ ਨੇ ਕਿਹਾ ਕਿ ਇਹ ਮ੍ਰਿਤਕਾ ਦੇ ਕੋਲ ਸੀ, ਅਸਲ ਵਿਚ ਆਈ ਬੀ ਦੀ ਗੁਜਰਾਤ ਸ਼ਾਖਾ ਤੋਂ ਲਿਆਂਦੀ ਗਈ ਸੀ, ਜਿਸ ਨਾਲ ਓਦੋਂ ਕੁਮਾਰ ਸਬੰਧਤ ਸੀ, ਅਤੇ ਫਿਰ ਇਹ ਚਾਰਾਂ ਦੀਆਂ ਲਾਸ਼ਾਂ ਕੋਲ ਰੱਖ ਦਿੱਤੀ ਗਈ ਸੀ। ਸੀ ਬੀ ਆਈ ਕੋਲ ਇਕ ਅਹਿਮ ਦੋਸ਼ੀ ਜੀ ਐੱਲ ਇਕ ਅਹਿਮ ਦੋਸ਼ੀ ਜੀ ਐੱਲ ਸਿੰਘਲ ਦੀ ਖ਼ੁਫ਼ੀਆ ਆਡੀਓ ਰਿਕਾਰਡਿੰਗ ਵੀ ਹੈ ਜੋ ਉਨ੍ਹਾਂ ਪੁਲਿਸ ਅਫਲਸਰਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਉਸ ਬਦਕਿਸਮਤ ਦਿਨ ਚਾਰਾਂ ਨੂੰ ਗੋਲੀਆਂ ਮਾਰ ਕੇ ਮਾਰਿਆ। ਨਵੰਬਰ 2011 ਦੀ ਉਹ ਰਿਕਾਰਡਿੰਗ ਗੁਜਰਾਤ ਦੇ ਤੱਤਕਾਲੀ ਜੂਨੀਅਰ ਗ੍ਰਹਿ ਮੰਤਰੀ ਪ੍ਰਫੁਲ ਪਟੇਲ, ਜਿਸ ਨੇ ਇਕ ਸਾਲ ਪਹਿਲਾਂ ਹੀ ਸ਼ਾਹ ਦੀ ਥਾਂ ਇਹ ਅਹੁਦਾ ਸੰਭਾਲਿਆ ਸੀ; ਵਧੀਕ ਪ੍ਰਮੁੱਖ ਸਕੱਤਰ ਗਿਰੀਸ਼ ਚੰਦਰ ਮੁਰਮੂ, ਇਕ ਆਈ ਏ ਐਸ ਅਧਿਕਾਰੀ ਜੋ 2008 ਤੋਂ ਲੈ ਕੇ ਮੋਦੀ ਦੇ ਦਫ਼ਤਰ ਵਿਚ ਸੇਵਾਵਾਂ ਦੇ ਰਿਹਾ ਹੈ ਅਤੇ ਉਸ ਦੇ ਸਭ ਤੋਂ ਨੇੜਲੇ ਸਲਾਹਕਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ; ਸੂਬਾ ਸਰਕਾਰ ਦੇ ਸਭ ਤੋਂ ਸੀਨੀਅਰ ਕਾਨੂੰਨ ਅਧਿਕਾਰੀ ਐਡਵੋਕੇਟ ਜਨਰਲ ਕਮਲ ਤ੍ਰਿਵੇਦੀ; ਉਸ ਦੇ ਡਿਪਟੀ, ਵਧੀਕ ਐਡਵੋਕੇਟ ਜਨਰਲ ਤੁਸ਼ਾਰ ਮਹਿਤਾ; ਇਕ ਬੇਪਛਾਣ ਵਕੀਲ; ਅਤੇ ਸਿੰਘਲ ਦਰਮਿਆਨ ਗਲੱਬਾਤ ਦੀ ਹੈ। (ਇਸ ਪਟੇਲ ਦੇ ਨਾਂ ਨੂੰ ਭੁਲੇਖੇ ਨਾਲ ਉਹ ਪਟੇਲ ਨਾ ਸਮਝ ਲਿਆ ਜਾਵੇ ਜੋ ਕੇਂਦਰੀ ਮੰਤਰੀ ਹੈ, ਜੋ ਦਸੰਬਰ ਵਿਚ ਅਸੰਬਲੀ ਚੋਣ ਹਾਰ ਗਿਆ ਅਤੇ ਮੋਦੀ ਦੀ ਨਵੀਂ ਵਜ਼ਾਰਤ ਵਿਚ ਉਸ ਨੂੰ ਜਗ੍ਹਾ ਨਹੀਂ ਮਿਲੀ।)

ਇਹ ਤਾਂ ਇੰਝ ਸੀ ਕਿ ਜਿਵੇਂ ਚਿੱਤਰ ਪਹੇਲੀ ਦੇ ਗੁੰਮ ਹੋਏ ਟੁਕੜੇ ਲੱਭਦੇ ਜਾ ਰਹੇ ਸਨ ਅਤੇ ਐਨ ਸਹੀ ਫਿੱਟ ਹੁੰਦੇ ਜਾਂਦੇ ਸਨ। ਪ੍ਰਿਯਾਦਰਸ਼ੀ ਸੂਬਾ ਦੇ ਏ ਟੀ ਐੱਸ ਦਾ ਮੁਖੀ ਅਤੇ ਅਮਿਤ ਸ਼ਾਹ ਨੂੰ ਇਸ ਵਿਚ ਪੂਰਾ ਭਰੋਸਾ ਸੀ ਕਿ ਇਸ਼ਰਤ ਜਹਾਂ ਨੂੰ ਬੇਰਹਿਮੀ ਨਾਲ ਮਾਰੇ ਜਾਣ ਤੋਂ ਪਹਿਲਾਂ ਇਕ ਬੰਗਲੇ ਵਿਚ ਹਿਰਾਸਤ ਵਿਚ ਰੱਖਿਆ ਜਾ ਰਿਹਾ ਸੀ। ਪਰ ਹਰ ਛਾਣਬੀਣ ਦੀ ਤਰ੍ਹਾਂ ਮੈਨੂੰ ਇਸ ਦਾ ਵੀ ਮੁੱਲ ਚੁਕਾਉਣਾ ਪੈਣਾ ਸੀ। ਮੇਰੇ ਧਾਰਮਿਕ ਅਕੀਦੇ ਨੂੰ ਪੱਤਰਕਾਰੀ ਨਾਲ ਜੋੜ ਕੇ ਕਹਾਣੀਆਂ ਛਪ ਰਹੀਆਂ ਸਨ। ਦਿਨਾਂ ਦੇ ਅੰਦਰ ਹੀ ਮੈਨੂੰ ਵੱਖ ਵੱਖ ਚੈਨਲਾਂ ਅਤੇ ਵਕੀਲਾਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਕਿ ਗ੍ਰਹਿ ਮੰਤਰਾਲੇ ਦੇ ਅਧਿਕਾਰੀ ਇਹ ਕਹਿ ਕੇ ਮੇਰੇ ਉਪਰ ਚਿੱਕੜ ਉਛਾਲ ਰਹੇ ਸਨ ਕਿ ਸੀ ਬੀ ਆਈ ਦੇ ਅਧਿਕਾਰੀਆਂ ਕੋਲ ਮੇਰੀ ਇਕ ਅਸ਼ਲੀਲ ਸੀ ਡੀ ਹੈ।

ਮੈਂ ਇਹ ਸੁਣ ਕੇ ਸੁੰਨ ਹੋ ਗਈ। ਮੈਂ ਜਾਣਦੀ ਸੀ ਕਿ ਇਹ ਮੈਨੂੰ ਖ਼ਾਮੋਸ਼ ਕਰਨ ਦਾ ਯਤਨ ਸੀ ਇਹ ਸੋਚ ਕੇ ਕਿ ਮੈਂ ਆਪਣੀ ਕਿਰਦਾਰਕੁਸ਼ੀ ਤੋਂ ਡਰ ਜਾਵਾਂਗੀ। ਮੈਂ ਆਪਣੇ ਪਿਤਾ ਕੋਲ ਗਈ। ਇਹ ਖੁਸ਼ੀ ਦੀ ਗੱਲ ਸੀ ਕਿ ਜੋ ਹੋ ਰਿਹਾ ਸੀ ਉਹ ਹੁਣ ਤੱਕ ਉਸਤੋਂ ਅਣਜਾਣ ਸੀ। ਜਦੋਂ ਮੈਂ ਉਨ੍ਹਾਂ ਦੀ ਮਦਦ ਮੰਗੀ ਤਾਂ ਮੇਰਾ ਭਾਈ ਆਰਿਫ਼, ਜਿਸਦਾ ਮੈਨੂੰ ਥੰਮੀ ਵਰਗਾ ਸਹਾਰਾ ਹੈ, ਅਤੇ ਮੇਰੀ ਮਾਂ ਜੋ ਮੇਰੇ ਪੱਕੇ ਇਰਾਦੇ ਦੀ ਰੀੜ ਹੈ, ਸਾਰੇ ਆ ਗਏ। ਮੇਰਾ ਪਿਤਾ ਨੇ ਅੰਦਾਜ਼ਾ ਲਾ ਲਿਆ ਕਿ ਮੈਂ ਘਬਰਾਈ ਹੋਈ ਸੀ ਅਤੇ ਮੇਰੀ ਮਾਂ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਿਆ। ਉਹ ਵੀ ਇਸੇ ਤਰ੍ਹਾਂ ਭੌਰ-ਭੌਰ ਅਤੇ ਘਬਰਾਈ ਹੋਈ ਸੀ।

ਮੈਂ ਉਨ੍ਹਾਂ ਨੂੰ ਫ਼ੋਨ ਕਾਲਾਂ ਅਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਦੀ ਸਾਰੀ ਗੱਲ ਦੱਸ ਦਿੱਤੀ। ਮੈਨੂੰ ਮੇਰੇ ਪਿਤਾ ਦੇ ਬੋਲ ਖ਼ਾਸ ਤੌਰ 'ਤੇ ਚੇਤੇ ਹਨ, "ਦੇਖੋ ਬੇਟਾ, ਯੇ ਸਬ ਡਰਾਮਾ ਹੈ, ਉਨਕੋ ਕਹੋ ਸੀ ਡੀ ਦਿਖਾਏਂ, ਹਮ ਸਬ ਦੇਖੇਂਗੇ।" ਉਹ ਹੱਸ ਪਏ, ਮੇਰੀ ਮਾਂ ਨੇ ਸੁੱਖ ਦਾ ਸਾਹ ਲਿਆ ਅਤੇ ਮੇਰੇ ਵਾਲ ਸਹਿਲਾਉਣ ਲੱਗ ਪਈ। ਉਹ ਕਹਿਣ ਲੱਗੀ, 'ਬੇਟਾ, ਹਮ ਸਬ ਜਬ ਤੁਮਕੋ ਟਰੱਸਟ ਕਰਤੇ ਹੈਂ, ਜਬ ਤੁਮਹਾਰੀ ਫੈਮਿਲੀ ਨੇ ਏਕ ਸਵਾਲ ਨਹੀਂ ਪੂਛਾ, ਤੋਨ ਤੁਮਹੇਂ ਕਿਸੀ ਔਰ ਕੀ ਕਯਾ ਫ਼ਿਕਰ।'

ਮੇਰੇ ਭਾਈ ਨੇ ਵੀ ਮੇਰੇ ਨਾਲ ਬਰਾਬਰ ਖੜ੍ਹਦਿਆਂ ਸੀਨੀਅਰ ਮੀਡੀਆ ਪ੍ਰੋਫੈਸ਼ਨਲ ਦੀ ਤਰ੍ਹਾਂ ਕਿਹਾ, 'ਉਨ੍ਹਾਂ ਨੂੰ ਖ਼ਤ ਲਿਖ, ਇਨ੍ਹਾਂ ਉਚਾਟ ਰੂਹਾਂ ਦੀ ਖੁੰਭ ਠੱਪ, ਕੀ ਉਹ ਇਹ ਸਭ ਮੁਹੱਈਆ ਕਰਵਾ ਸਕਣਗੇ?

ਪਰ ਮੈਨੂੰ ਬਹੁਤਾ ਕੁਝ ਨਹੀਂ ਕਰਨਾ ਪਿਆ, ਮੇਰੇ ਪੱਤਰਕਾਰੀ ਭਾਈਚਾਰੇ ਦੇ ਸਹਿਕਰਮੀ ਅਤੇ ਸਾਥੀ ਚਟਾਨ ਦੀ ਤਰ੍ਹਾਂ ਮੇਰੇ ਨਾਲ ਖੜ੍ਹ ਗਏ। ਸ਼ੋਮਾ ਚੌਧਰੀ, ਜੋ ਓਦੋਂ ਤਹਿਲਕਾ ਰਸਾਲੇ ਦੀ ਮੈਨੇਜਿੰਗ ਐਡੀਟਰ ਸੀ, ਨੇ ਮੇਰੇ ਖਿਲਾਫ਼ ਇਸ ਬਦਨੀਅਤ ਵਾਲੀ ਮੁਹਿੰਮ ਦੇ ਜਵਾਬ ਵਿਚ ਸੰਪਾਦਕੀ ਵਿਚ ਲਿਖਿਆ:

ਸੀਨੀਅਰ ਸੰਪਾਦਕ ਰਾਣਾ ਅਯੂਬ ਨੇ ਇਨ੍ਹਾਂ ਹਫ਼ਤਿਆਂ ਵਿਚ ਇਸਦਾ ਨੇੜਿਓਂ ਸਵਾਦ ਚੱਖਿਆ ਹੈ। ਤਹਿਲਕਾ ਦੀ ਇਕ ਬਿਹਤਰੀਨ ਅਤੇ ਬੇਖ਼ੌਫ਼ ਪੱਤਰਕਾਰ ਰਾਣਾ ਪਿਛਲੇ ਤਿੰਨ ਸਾਲਾਂ ਤੋਂ ਗੁਜਰਾਤ ਦੇ ਫਰਜ਼ੀ ਮੁਕਾਬਲਿਆਂ ਦੀ ਕਹਾਣੀ ਦਾ ਖ਼ੁਰਾ ਨੱਪ ਰਹੀ ਹੈ। ਉਸਦੀ ਪੱਤਰਕਾਰੀ ਨਿਆਂ ਦੀ ਡੂੰਘੀ ਭਾਵਨਾ ਅਤੇ ਸੰਵਿਧਾਨਕ ਕਦਰਾਂ ਤੋਂ ਪ੍ਰੇਰਤ ਹੈ। ਪਰ ਜਿਉਂ ਹੀ ਇਸ਼ਰਤ ਜਹਾਂ ਮਾਮਲੇ ਬਾਰੇ ਉਸਦੀ ਖੋਜ ਕੌਮੀ ਸੁਰਖ਼ੀਆਂ ਬਣਨੀ ਸ਼ੁਰੂ ਹੋਈ ਉਸ ਨੂੰ ਬਤੌਰ ਪੇਸ਼ੇਵਰ ਨਹੀਂ ਸਗੋਂ ਬਤੌਰ 'ਮੁਸਲਿਮ ਪੱਤਰਕਾਰ' ਮੁੱਲ ਅੰਕਣ ਕੀਤੇ ਜਾਣ ਦੇ ਜ਼ਲੀਲ ਕਰੂ ਅਨੁਭਵ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਇਕ ਸਦਮਾ ਦੇਣ ਵਾਲੀ ਘਿਣਾਉਣੀ ਚਿੱਕੜ ਉਛਾਲੀ ਉਸਦੇ ਖ਼ਿਲਾਫ਼ ਵਿੱਢੀ ਗਈ ਹੈ ਉਸਦੀ ਅਤੇ ਸੀ ਬੀ ਆਈ ਦੇ ਅਧਿਕਾਰੀਆਂ ਦੀ ਇਕ ਸੀ ਡੀ ਹੋਣ ਦੀ ਨੀਚ ਘੁਸਰ ਘੁਸਰ ਚੱਲ ਰਹੀ ਹੈ ਜਿਸਦਾ ਹਕੀਕਤ ਵਿਚ ਕੋਈ ਅਧਾਰ ਨਹੀਂ ਹੈ।

**ਸੀਨੀਅਰ ਸੰਪਾਦਕ ਰਾਣਾ ਅਯੂਬ ਨੇ ਇਨ੍ਹਾਂ ਹਫ਼ਤਿਆਂ ਵਿਚ ਇਸਦਾ ਨੇੜਿਓਂ ਸਵਾਦ ਚੱਖਿਆ ਹੈ। ਤਹਿਲਕਾ ਦੀ ਇਕ ਬਿਹਤਰੀਨ ਅਤੇ ਬੇਖ਼ੌਫ਼ ਪੱਤਰਕਾਰ ਰਾਣਾ ਪਿਛਲੇ ਤਿੰਨ ਸਾਲਾਂ ਤੋਂ ਗੁਜਰਾਤ ਦੇ ਫਰਜ਼ੀ ਮੁਕਾਬਲਿਆਂ ਦੀ ਕਹਾਣੀ ਦਾ ਖ਼ੁਰਾ ਨੱਪ ਰਹੀ ਹੈ। ਉਸਦੀ ਪੱਤਰਕਾਰੀ ਨਿਆਂ ਦੀ ਡੂੰਘੀ ਭਾਵਨਾ ਅਤੇ ਸੰਵਿਧਾਨਕ ਕਦਰਾਂ ਤੋਂ ਪ੍ਰੇਰਤ ਹੈ। ਪਰ ਜਿਉਂ ਹੀ ਇਸ਼ਰਤ ਜਹਾਂ ਮਾਮਲੇ ਬਾਰੇ ਉਸਦੀ ਖੋਜ ਕੌਮੀ ਸੁਰਖ਼ੀਆਂ ਬਣਨੀ ਸ਼ੁਰੂ ਹੋਈ ਉਸ ਨੂੰ ਬਤੌਰ ਪੇਸ਼ੇਵਰ ਨਹੀਂ ਸਗੋਂ ਬਤੌਰ 'ਮੁਸਲਿਮ ਪੱਤਰਕਾਰ' ਮੁੱਲ ਅੰਕਣ ਕੀਤੇ ਜਾਣ ਦੇ ਜ਼ਲੀਲ ਕਰੂ ਅਨੁਭਵ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਇਕ ਸਦਮਾ ਦੇਣ ਵਾਲੀ ਘਿਣਾਉਣੀ ਚਿੱਕੜ ਉਛਾਲੀ ਉਸਦੇ ਖ਼ਿਲਾਫ਼ ਵਿੱਢੀ ਗਈ ਹੈ ਉਸਦੀ ਅਤੇ ਸੀ ਬੀ ਆਈ ਦੇ ਅਧਿਕਾਰੀਆਂ ਦੀ ਇਕ ਸੀ ਡੀ ਹੋਣ ਦੀ ਨੀਚ ਘੁਸਰ ਘੁਸਰ ਚੱਲ ਰਹੀ ਹੈ ਜਿਸਦਾ ਹਕੀਕਤ ਵਿਚ ਕੋਈ ਅਧਾਰ ਨਹੀਂ ਹੈ।**



**ਹਿੰਦੁਸਤਾਨ ਇਕ ਗੈਮੁਕੰਮਲ ਤਜ਼ਰਬਾ ਹੈ। ਪਰ ਜੇ ਅਸੀਂ ਉਸ ਖ਼ਿਆਲ ਨੂੰ ਵਿਸਾਰ ਦਿੰਦੇ ਹਾਂ ਜੋ ਇਸਦੀ ਟੇਕ ਹੈ, ਤਾਂ ਸਾਨੂੰ ਜੋ ਕੁਝ ਹਾਸਲ ਹੋਵੇਗਾ ਉਹ ਇਹ ਹੈ: ਹਿੰਦੂ ਰਾਸ਼ਟਰਵਾਦੀ, ਮੁਸਲਿਮ ਪੱਤਰਕਾਰ, ਅਤੇ ਅਸੀਂ ਔਰਤ ਪੇਸ਼ੇਵਰ ਬਦਜ਼ਬਾਨ ਝੂਠ ਨੂੰ ਮਾਤ ਦੇਣ ਦੇ ਯਤਨਾਂ ਵਿਚ ਜੁੱਟੀਆਂ ਹੋਈਆਂ ਹਾਂ।**

# ਸੀ ਡੀ ਦੀ ਮਨਘੜਤ ਕਹਾਣੀ ਆਖ਼ਿਰ ਖ਼ਾਮੋਸ਼ ਮੌਤ ਮਰ ਗਈ

ਦੂਜੇ ਪਾਸੇ, ਗੁਜਰਾਤ ਦੇ ਆਹਲਾ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਅਮਿਤ ਸ਼ਾਹ ਵੱਲੋਂ ਬੇਕਸੂਰ ਨਾਗਰਿਕਾਂ ਉਪਰ ਨਜ਼ਰ ਰੱਖੇ ਜਾਣ ਦਾ ਨਿੱਤ ਭਾਂਡਾ ਭੱਜ ਰਿਹਾ ਸੀ, ਉਨ੍ਹਾਂ ਵਿਚੋਂ ਇਕ ਮਾਨਸੀ ਸੋਨੀ ਨਾਂ ਦੀ ਇਕ ਨੌਜਵਾਨ ਆਰਕੀਟੈਕਟ ਸੀ। ਇਹ ਪ੍ਰਤੱਖ ਸੀ ਕਿ ਇਸ ਦੇ ਕੇਂਦਰ ਵਿਚ ਜੋ ਅਹਿਮ ਲੋਕ ਸਨ ਉਨ੍ਹਾਂ ਵਿਚੋਂ ਇਕ ਜੀ ਐੱਲ ਸਿੰਘਲ ਸੀ ਜੋ ਇਕ ਸਮੇਂ ਅਮਿਤ ਸ਼ਾਹ ਦਾ ਵਿਸ਼ਵਾਸਪਾਤਰ ਰਿਹਾ ਸੀ। ਵਾਰਤਾਲਾਪ ਇਕ ਅਹਿਮ ਮੌਕੇ ਉੱਪਰ ਰਿਕਾਰਡ ਕੀਤੀਆਂ ਗਈਆਂ ਸਨ, ਜਦੋਂ ਇਸ਼ਰਤ ਜਹਾਂ ਮਾਮਲੇ ਦੀ ਜਾਂਚ ਲਈ ਬਣਾਈ ਸਿਟ ਵੱਲੋਂ ਮਾਮਲੇ ਦੀ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਸਬੰਧਤ ਪੁਲਿਸ ਅਫ਼ਸਰ ਸਿੰਘਲ, ਜੋ ਪੱਛੜੀਆਂ ਸ੍ਰਦੇ ਅਫ਼ਸਰਾਂ ਨੂੰ ਇਸਤੇਮਾਲ ਕੀਤੇ ਜਾਣ ਦੀ ਰਾਜਤੰਤਰ ਦੀ ਨੀਤੀ ਦੇਖ ਚੁੱਕਾ ਸੀ, ਆਪਣਾ ਬਚਾਓ ਕਰਨਾ ਚਾਹੁੰਦਾ ਸੀ। ਇਸ ਦਾ ਉਸ ਤੋਂ ਬਿਨਾ ਬਿਹਤਰ ਢੰਗ ਕੀ ਹੋ ਸਕਦਾ ਸੀ ਜੋ ਓਦੋਂ ਗੁਜਰਾਤ ਵਿਚ ਧੜਾਧੜ ਇਸਤੇਮਾਲ ਕੀਤਾ ਗਿਆ ਸੀ- ਗ਼ੈਰ ਕਾਨੂੰਨੀ ਫੋਟੈਪਿੰਗ।

ਅਹਿਮਦਾਬਾਦ ਦੇ ਆਰ ਟੀ ਆਈ ਕਾਰਕੁੰਨਾਂ ਵੱਲੋਂ ਹਾਸਲ ਕੀਤੇ ਡੇਟਾ ਵਿਚ ਦਸਿਆ ਗਿਆ ਸੀ ਕਿ ਸੂਬੇ ਦੇ 65000 ਤੋਂ ਉਪਰ ਫੋਨੰਬਰਾਂ ਉਪਰ ਗੈਨਜ਼ਰ ਰੱਖੀ ਜਾ ਰਹੀ ਸੀ- ਇਸ ਸੂਚੀ ਵਿਚ ਵਿਰੋਧੀ ਧਿਰ ਦੇ ਮੈਂਬਰ, ਸਥਾਪਤੀ ਤੋਂ ਬਾਗ਼ੀ ਹੋਣ ਦਾ ਯਤਨ ਕਰ ਰਹੇ ਆਪਣੇ ਹੀ ਪਾਰਟੀ ਦੇ ਬੰਦੇ, ਪੱਤਰਕਾਰ ਅਤੇ ਆਹਲਾ ਪੁਲਿਸ ਅਧਿਕਾਰੀ ਸ਼ਾਮਲ ਸਨ।

ਇਹ ਜੁਗਾੜ ਅਤੇ ਘਟੀਆ ਚਾਲਾਂ ਸਿੰਘਲ ਲਈ ਓਪਰੀਆਂ ਨਹੀਂ ਸਨ ਜਿਨ੍ਹਾਂ ਦਾ ਰਾਜ (ਭੇਤ) ਉਹ ਸਾਡੇ ਨਾਲ ਸਾਂਝਾ ਕਰ ਚੁੱਕਾ ਸੀ। ਅਤੇ ਇੰਝ ਮੰਤਰੀ ਅਤੇ ਉਸਦੀ ਫ਼ੋਨ ਗੱਲਬਾਤ ਨੂੰ ਟੈਪ ਕੀਤੇ ਜਾਣ ਦਾ ਕੰਮ ਸ਼ੁਰੂ ਹੋਇਆ। ਜੋ ਸਭ ਤੋਂ ਅਹਿਮ ਗੱਲਬਾਤ ਟੈਪ ਕੀਤੀ ਗਈ ਉਨ੍ਹਾਂ ਵਿਚੋਂ ਇਕ ਸੀ। ਅਮਿਤ ਸ਼ਾਹ ਵੱਲੋਂ ਸਿੰਘਲ ਨੂੰ ਗੁਜਰਾਤ ਦੀ ਇਕ ਮੁਟਿਆਰ ਆਰਕੀਟੈਕਟ ਮਾਨਸੀ ਦੀ ਨਕਲੋ ਹਰਕਤ ਉਪਰ ਨਜ਼ਰ ਰੱਖੇ ਜਾਣ ਦੇ ਹੁਕਮ ਜਿਸ ਨੂੰ ਭੁਜ ਵਿਚ ਆਏ ਤਬਾਹਕੁੰਨ ਭੂਚਾਲ ਤੋਂ ਬਾਅਦ ਮੁੜ ਵਸੇਬੇ ਦੇ ਪੜਾਅ ਵਿਚ ਇਕ ਆਈ ਏ ਐੱਸ ਅਧਿਕਾਰੀ ਪ੍ਰਦੀਪ ਸ਼ਰਮਾ ਵੱਲੋਂ ਸ਼ਾਹ ਨਾਲ ਮਿਲਾਇਆ ਗਿਆ ਸੀ।

ਮੈਂ ਪਤਾ ਲਾ ਲਿਆ ਸੀ ਕਿ ਮਾਨਸੀ ਉਸ ਮੌਕੇ ਬੰਗਲੌਰ ਵਿਚ ਰਹਿ ਰਹੀ ਸੀ। ਮੇਰੇ ਕੋਲ ਉਸ ਉਪਰ ਨਜ਼ਰ ਰੱਖੇ ਜਾਣ ਦੇ ਸਾਰੇ ਤੱਥ ਟੇਪਾਂ ਉਪਰ ਮੌਜੂਦ ਸਨ। ਪਰ ਮੈਂ ਜਾਣਦੀ ਸੀ ਕਿ ਟੇਪਾਂ ਛਾਪੇ ਜਾਣ ਦਾ ਮਤਲਬ ਹੋਵੇਗਾ ਮਾਨਸੀ ਦੀ ਬੰਗਲੌਰ ਵਿਚ ਨਿੱਜਤਾ ਅਤੇ ਸ਼ਾਂਤਮਈ ਜ਼ਿੰਦਗੀ ਖ਼ਤਮ ਹੋ ਜਾਵੇਗੀ।

ਵਕਤ ਹੱਥੋਂ ਨਿਕਲਦਾ ਜਾ ਰਿਹਾ ਸੀ। ਮੇਰੀ ਸੰਪਾਦਕ ਸ਼ੋਮਾ ਮੈਨੂੰ ਆਪਣੇ ਨਿੱਜੀ ਸਹਾਇਕ ਦੇ ਸੈੱਲ ਫ਼ੋਨ ਤੋਂ ਉਸ ਪੀ ਸੀ ਓ ਦੇ ਨੰਬਰ ਉਪਰ ਕਾਲ ਕਰਦੀ ਜੋ ਮੈਂ ਉਸਨੂੰ ਦਿੱਤਾ ਹੋਇਆ ਸੀ। ਕੀ ਲੱਭਿਆ ਹੈ? ਉਹ ਪੁੱਛਦੀ, ਉਥੇ ਕੀ ਚਲ ਰਿਹਾ ਹੈ। ਮੈਂ ਉਸਨੂੰ ਟੇਪਾਂ ਦੇ ਉਤਰੇ ਦੀ ਤਫ਼ਸੀਲ ਦੱਸ ਦਿੰਦੀ ਅਤੇ ਉਹ ਜੋਸ਼ ਚ ਆ ਕੇ ਹੁੰਗਾਰਾ ਭਰਦੀ। ਇਹ ਤਾਂ ਬਹੁਤ ਵੱਡਾ ਕੰਮ ਹੈ, ਰਾਣਾ। ਉਹ ਹੈਰਾਨੀ ਨਾਲ ਕਹਿੰਦੀ।

ਪਰ ਮੇਰੇ ਲਈ ਉਸ ਕਹਾਣੀ ਦੀਆਂ ਤੰਦਾਂ ਦੇ ਬਹੁਤ ਸਾਰੇ ਢਿੱਲੇ ਸਿਰਿਆਂ ਨੂੰ ਗੰਢਣ ਦਾ ਤਰਜ਼ੀਹੀ ਕੰਮ ਪਿਆ ਸੀ। ਮੇਰੇ ਲਈ ਉਨ੍ਹਾਂ ਕੁਝ ਨੌਕਰਸ਼ਾਹਾਂ- ਗ੍ਰਹਿ ਸਕੱਤਰਾਂ, ਪ੍ਰਮੁੱਖ ਸਲਾਹਕਾਰਾਂ- ਨਾਲ ਰਾਬਤਾ ਬਣਾਈ ਰੱਖਣਾ ਜ਼ਰੂਰੀ ਸੀ ਜੋ ਇਸ ਜੁਰਮ ਦੇ ਇਲਜ਼ਾਮਾਂ ਵਾਲੇ ਵੱਖੋ ਵੱਖਰੇ ਦਸਤਾਵੇਜ਼ਾਂ ਉਪਰ ਦਸਤਖ਼ਤ ਕਰਨ ਲਈ ਜ਼ਿੰਮੇਵਾਰ ਸਨ ਅਤੇ ਜਿਨ੍ਹਾਂ ਨੂੰ ਮੋਦੀ ਅਤੇ ਸ਼ਾਹ ਤੋਂ ਸਿੱਧੇ ਹੁਕਮ ਆਉਂਦੇ ਰਹੇ ਸਨ। ਉਨ੍ਹਾਂ ਵਿਚੋਂ ਜ਼ਿਆਦਾਤਰ ਦਾ ਨਾਨਾਵਤੀ ਕਮਿਸ਼ਨ ਨੇ ਸਵਾਲ ਕਰਕੇ ਨੱਕ ਚ ਦਮ ਕੀਤਾ ਹੋਇਆ ਸੀ ਜਿੱਥੇ ਹੁਣ ਉਨ੍ਹਾਂ ਨੇ ਸਾਨੂੰ ਚੇਤੇ ਨਹੀਂ ਦੇ ਬਹਾਨੇ ਬਣਾ ਲਏ ਸਨ। ਜ਼ਿਆਦਾਤਰ ਦੀ ਇਸ ਵਿਚ ਸਿੱਧੀ ਮਿਲੀਭੁਗਤ ਨਹੀਂ ਸੀ ਪਰ ਗ਼ਲਤ ਕੰਮਾਂ ਦੀ ਜਾਣਕਾਰੀ ਬਾਰੇ ਖ਼ਾਮੋਸ਼ ਰਹਿਣ ਨਾਲ ਉਹ ਗੁਜਰਾਤ ਦੇ ਹਿੰਸਾ ਪੀੜਤਾਂ ਲਈ ਨਿਆਂ ਹਾਸਲ ਕਰਨ ਦੇ ਅਮਲ ਵਿਚ ਅੜਿੱਕਾ ਬਣੇ ਹੋਏ ਸਨ। ਮੇਰੇ ਸਾਥੀ ਪੱਤਰਕਾਰ ਅਸ਼ੀਸ਼ (ਖੇਤਾਨ) ਲਈ ਸਥਾਨਕ ਗੁੰਡਿਆਂ ਕੋਲੋਂ ਗੁਜਰਾਤ ਹਿੰਸਾ ਦੌਰਾਨ ਮੁਸਲਿਮ ਔਰਤਾਂ ਨੂੰ ਮਾਰਨ ਦੀ ਬਹਾਦਰੀ ਦੇ ਕਿੱਸੇ ਉਗਲਾ ਲੈਣਾ ਬਹੁਤ ਸੌਖਾ ਸੀ। ਪਰ ਮੈਂ ਜ਼ਿੰਮੇਵਾਰ ਅਹਿਮ ਬੰਦਿਆਂ ਦੀ ਭਾਲ ਵਿਚ ਸੀ- ਗੁਜਰਾਤ ਦਾ ਗ੍ਰਹਿ ਸਕੱਤਰ, ਪੁਲਿਸ ਦਾ ਡੀ ਜੀ ਕਮਿਸ਼ਨਰ, ਅਤੇ ਹਿੰਸਾ ਦੌਰਾਨ ਆਈ ਬੀ ਦਾ ਮੁਖੀ। ਮੇਰਾ ਸਿਰ ਨਿੱਤ ਭੁਆਂਟਣੀਆਂ ਖਾ ਰਿਹਾ ਸੀ।

ਜਿਵੇਂ ਕਿ ਇਹ ਤਣਾਓ ਕਾਫ਼ੀ ਨਹੀਂ ਸੀ, ਮਾਣਿਕ ਭਾਈ ਨੇ ਇਕ ਅੰਦਰੂਨੀ ਸੰਮੇਲਨ ਲਈ ਸਾਨੂੰ ਆਪਣੇ ਕਮਰੇ ਖਾਲੀ ਕਰਨ ਲਈ ਕਿਹਾ ਕਿਉਂਕਿ ਡੈਲੀਗੇਟਾਂ ਨੂੰ ਫਾਉਂਡੇਸ਼ਨ ਦੇ ਸਾਰੇ ਕਮਰਿਆਂ ਵਿਚ ਠਹਿਰਾਇਆ ਜਾਵੇਗਾ। ਮੈਂ ਇਕ ਵਾਰ ਫਿਰ ਛੱਤ ਤੋਂ ਵਾਂਝੀ ਹੋ ਗਈ ਸੀ। (ਬਾਕੀ ਅਗਲੇ ਅੰਕ 'ਚ)



# ਦੂਹਰੀਆਂ ਚੁਣੌਤੀਆਂ: ਇੱਕ ਪਾਸੇ ਨੋਟਬੰਦੀ, ਦੂਜੇ ਪਾਸੇ ਟਰੰਪ

**ਕੇ.ਸੀ. ਸਿੰਘ**

**ਭਾਰਤ ਹੁਣ ਇੱਕ ਪਾਸੇ ਤਾਂ ਕਰੰਸੀ ਦੀ ਘਾਟ ਕਾਰਨ ਪੈਦਾ ਹੋਈਆਂ ਗੜਬੜੀਆਂ ਨਾਲ ਜੂਝ ਰਿਹਾ ਹੈ, ਦੂਜੇ ਪਾਸੇ ਉਹ ਟਰੰਪ ਕਾਰਨ ਵਿਸ਼ਵ ਵਿੱਚ ਹੋ ਰਹੀਆਂ ਤੇ ਹੋਣ ਵਾਲੀਆਂ ਕੁਝ ਤਬਦੀਲੀਆਂ ਉੱਤੇ ਵਿਚਾਰ ਕਰਨ ਵਿੱਚ ਰੁੱਝਿਆ ਹੋਇਆ ਹੈ। ਭਾਰਤ ਦੇ ਆਕਾਰ ਵਾਲੇ ਦੇਸ਼ ਨੂੰ ਕਿਸੇ ਵੱਡੀ ਨੀਤੀਗਤ ਤਬਦੀਲੀ ਲਈ ਟਕਰਾਅ ਅਤੇ ਟੈਕਸ-ਦਹਿਸ਼ਤਗਰਦੀ ਵਿਖਾਉਣ ਦੀ ਨਹੀਂ, ਸਗੋਂ ਸਬਰ ਅਤੇ ਆਮ-ਸਹਿਮਤੀ ਕਾਇਮ ਕਰਨ ਦੀ ਜ਼ਰੂਰਤ ਹੁੰਦੀ ਹੈ।**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੋਟਬੰਦੀ ਤੋਂ ਬਾਅਦ ਦੇਸ਼ ਵਿੱਚ ਹਾਲਾਤ ਠੀਕ ਕਰਨ ਲਈ ਜਿਹੜੀ 50 ਦਿਨਾਂ ਦੀ ਮੋਹਲਤ ਮੰਗੀ ਸੀ, ਉਹ ਹੁਣ ਖ਼ਤਮ ਹੋਣ ਨੇੜੇ ਹੈ ਪਰ ਸਰਕਾਰ ਦੇ ਇਸ ਕਦਮ ਕਾਰਨ ਆਮ ਲੋਕਾਂ ਨੂੰ ਪੈਦਾ ਹੋਈਆਂ ਪਰੇਸ਼ਾਨੀਆਂ ਜਿਉਂ ਦੀਆਂ ਤਿਉਂ ਬਰਕਰਾਰ ਹਨ। ਗ਼ਲਤ ਮਾਨਤਾਵਾਂ ਦੇ ਆਧਾਰ ਉੱਤੇ ਲਏ ਫ਼ੈਸਲੇ ਅਤੇ ਫਿਰ ਉਸ ਫ਼ੈਸਲੇ ਨੂੰ ਅਨਾੜੀਆਂ ਵਾਂਗ ਲਾਗੂ ਕਰਨ ਕਰਕੇ ਨਿਰੰਤਰ ਖਿਚਾਅ ਬਣਿਆ ਹੋਇਆ। ਉੱਪਰੋਂ 100 ਅਤੇ 500 ਦੇ ਨੋਟਾਂ ਦੀ ਕਮੀ ਨੇ ਆਰਥਿਕ ਦਬਾਅ ਬਣਾਇਆ ਹੋਇਆ ਹੈ, ਜਿਸ ਕਰ ਕੇ ਦੇਸ਼ ਦੀਆਂ ਚਿੰਤਾਵਾਂ ਵਧਦੀਆਂ ਜਾ ਰਹੀਆਂ ਹਨ।

ਦੂਜੇ ਪਾਸੇ ਵਿਦੇਸ਼ੀ ਮੁਹਾਜ਼ 'ਤੇ ਅਮਰੀਕਾ ਦੇ ਦੋਸਤ, ਭਾਈਵਾਲ ਤੇ ਵਿਰੋਧੀ ਹਾਲੇ ਤੱਕ ਇਹ ਮੁਲਾਂਕਣ ਕਰ ਰਹੇ ਹਨ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਕੌਮਾਂਤਰੀ ਵਿਵਸਥਾ ਉੱਤੇ ਕਿੰਨਾ ਕੁ ਮਾੜਾ ਅਸਰ ਪਵੇਗਾ। ਦੇਸ਼ ਵਿੱਚ ਨੋਟਬੰਦੀ ਰਾਹੀਂ ਕੁੱਲ 14.50 ਲੱਖ ਕਰੋੜ ਰੁਪਏ ਦੇ ਪੁਰਾਣੇ ਨੋਟਾਂ ਦਾ ਪ੍ਰਚਲਣ ਬੰਦ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 13.12 ਲੱਖ ਕਰੋੜ ਰੁਪਏ ਦੇ ਨੋਟ ਆਮ ਲੋਕਾਂ ਵੱਲੋਂ ਵਾਪਸ ਕੀਤੇ ਜਾ ਚੁੱਕੇ ਹਨ। ਪ੍ਰਾਪਤ ਰਿਪੋਰਟਾਂ ਅਨੁਸਾਰ ਸਰਕਾਰ ਦਾ ਅਨੁਮਾਨ ਹੈ ਕਿ 3 ਤੋਂ 4 ਲੱਖ ਕਰੋੜ ਰੁਪਏ ਦਾ ਕਾਲਾ ਧਨ ਵਾਪਸ ਨਹੀਂ ਆਵੇਗਾ। ਐਨ.ਆਈ.ਪੀ.ਐਫ਼.ਪੀ. ਵੱਲੋਂ 1985 ਵਿਚ ਸਰਕਾਰ ਵੱਲੋਂ ਕੀਤੇ ਗਏ ਇੱਕ ਅਧਿਕਾਰਤ ਅਧਿਐਨ ਦੇ ਅਨੁਮਾਨ ਅਨੁਸਾਰ ਉਦੋਂ ਦੇਸ਼ ਵਿੱਚ ਕੁੱਲ ਘਰੇਲੂ ਉਤਪਾਦਨ ਦਾ 21 ਫ਼ੀਸਦੀ ਕਾਲਾ ਧਨ ਦੇਸ਼ ਵਿੱਚ ਮੌਜੂਦ ਸੀ। ਜੇ ਅੱਜ ਦੇ ਕੁੱਲ ਘਰੇਲੂ ਉਤਪਾਦਨ ਦੇ ਹਿਸਾਬ ਨਾਲ ਇਸ ਮੁੱਦੇ 'ਤੇ ਵਿਚਾਰ ਕੀਤਾ ਜਾਵੇ ਤਾਂ ਇਹ ਰਕਮ 20 ਲੱਖ ਕਰੋੜ ਰੁਪਏ ਬਣੇਗੀ। ਸਾਲ 2014 ਵਿਚ ਦੇਸ਼ ਵਿੱਚ ਟੈਕਸਾਂ ਰਾਹੀਂ ਇਕੱਠੀ ਹੋਣ ਵਾਲੀ ਰਕਮ 13.64 ਲੱਖ ਕਰੋੜ ਰੁਪਏ ਸੀ। ਕੋਈ ਵੀ ਸਰਕਾਰ ਇਹ ਅਨੁਮਾਨ ਲਾ ਸਕਦੀ ਹੈ ਕਿ ਟੈਕਸਾਂ ਰਾਹੀਂ ਇਕੱਠੀ ਹੋਣ ਵਾਲੀ ਇਹ ਰਕਮ ਯਕੀਨੀ ਤੌਰ ਉੱਤੇ ਬੈਂਕਾਂ, ਖ਼ਾਸ ਕਰ ਕੇ ਐਨ.ਪੀ.ਏਜ਼ (ਡੁੱਬੇ ਕਰਜ਼ਿਆਂ) ਦੇ ਝੰਬੇ ਬੈਂਕਾਂ ਲਈ ਬਹੁਤ ਵੱਡਾ ਆਰਥਿਕ ਲਾਭ ਸਿੱਧ ਹੋਵੇਗੀ।

ਸਰਕਾਰ ਨੂੰ ਹੁਣ ਜਿਹੜੇ ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਹੈ, ਉਹ ਇਹ ਹੈ ਕਿ ਗੁੰਮ ਹੋਇਆ ਕਾਲਾ ਧਨ ਆਖ਼ਰ ਕਿੱਥੇ ਹੈ? ਇਹ ਅਨੁਮਾਨ ਹੈ ਕਿ ਇਸ ਦਾ 46 ਫ਼ੀਸਦੀ ਹਿੱਸਾ ਤਾਂ ਜ਼ਮੀਨਾਂ ਤੇ ਇਮਾਰਤਾਂ ਉੱਤੇ ਲੱਗਿਆ ਹੋਇਆ ਹੈ, ਜਦ ਕਿ 26 ਫ਼ੀਸਦੀ ਸੋਨੇ ਤੇ ਗਹਿਣਿਆਂ ਦੀ ਸ਼ਕਲ ਵਿੱਚ ਹੈ, 24 ਫ਼ੀਸਦੀ ਵਿਦੇਸ਼ਾਂ 'ਚ ਲੱਗਾ ਹੋਇਆ ਹੈ ਅਤੇ ਉਸ ਵਿੱਚੋਂ ਕੇਵਲ 4 ਫ਼ੀਸਦੀ ਹੀ ਨਕਦ ਹੈ। ਹੁਣ ਛੋਟੇ ਕਾਰੋਬਾਰਾਂ, ਦਿਹਾਤੀ ਅਰਥ ਵਿਵਸਥਾ ਤੇ ਪਤਨੀਆਂ ਦੀਆਂ ਛੋਟੀਆਂ ਪਰਿਵਾਰਕ ਬੱਚਤਾਂ ਨੂੰ ਨਕਦੀ ਬਿਲਕੁਲ ਉਵੇਂ ਹੀ ਚਾਹੀਦੀ ਹੁੰਦੀ ਹੈ, ਜਿਵੇਂ ਸਰੀਰ ਨੂੰ ਖ਼ੂਨ। ਉਹ ਸਾਰਾ ਧਨ ਹੁਣ ਆਮ ਲੋਕਾਂ ਨੇ ਲਗਭਗ ਜਮ੍ਹਾ ਕਰਵਾ ਦਿੱਤਾ ਹੈ। ਇੰਜ ਜਾਪਦਾ ਹੈ ਕਿ ਅਸਲ ਕਾਲਾ ਧਨ ਤਾਂ ਖੋਜੀ ਚਾਰਟਰਡ ਅਕਾਊਂਟੈਂਟਾਂ ਨੇ ਅਣਵਰਤੇ ਬੈਂਕ ਖਾਤਿਆਂ ਤੇ ਭਾੜੇ ਦੇ ਦਿਹਾੜੀਦਾਰਾਂ ਦੇ ਖਾਤਿਆਂ ਵਿੱਚ ਪਾ ਦਿੱਤਾ ਹੈ। ਯਕੀਨੀ ਤੌਰ ਉੱਤੇ ਅਜਿਹੇ ਕੰਮਾਂ ਵਿੱਚ ਲਾਲਚੀ ਬੈਂਕਰਾਂ ਅਤੇ ਡਾਕਘਰਾਂ ਦੇ ਅਧਿਕਾਰੀਆਂ ਨੇ ਵੀ ਪੂਰਾ ਸਾਥ ਦਿੱਤਾ ਹੈ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਨੋਟਬੰਦੀ ਦਾ ਸਪੱਸ਼ਟ ਤੌਰ 'ਤੇ ਇਸੇ ਕਰ ਕੇ ਵਿਰੋਧ ਕੀਤਾ ਸੀ ਕਿ ਭਾਰਤੀਆਂ 'ਚ ਹਰ ਤਰ੍ਹਾਂ ਦੇ ਹਾਲਾਤ ਵਿੱਚ ਢਲ਼ ਜਾਣ ਦੀ ਖ਼ੂਬੀ ਮੌਜੂਦ ਹੈ।

ਦੂਜੇ ਪਾਸੇ ਸਰਕਾਰ ਨੇ ਦੇਸ਼ ਦੀ ਅਰਥ ਵਿਵਸਥਾ ਅਤੇ ਉਪਜੀਵਕਾਵਾਂ ਵਿੱਚ ਪੈਦਾ ਹੋਈਆਂ ਗੜਬੜੀਆਂ ਘਟਾਉਣ ਲਈ ਨੋਟਾਂ ਦਾ ਪਾਸਾਰ ਕਰਨ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਵਿੱਚ ਗੰਭੀਰ ਗ਼ਲਤੀਆਂ ਕਰ ਲਈਆਂ। ਭਾਰਤ ਵਿੱਚ 45 ਕਰੋੜ ਕਾਮੇ ਹਨ, ਜਿਨ੍ਹਾਂ ਵਿੱਚੋਂ ਕੇਵਲ 7 ਫ਼ੀਸਦੀ ਹੀ ਜਥੇਬੰਦਕ ਖੇਤਰ ਨਾਲ ਸਬੰਧਤ ਹਨ। ਬਾਕੀ ਦੇ 41 ਕਰੋੜ 50 ਲੱਖ ਕਾਮੇ ਗ਼ੈਰ-ਜਥੇਬੰਦਕ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਇਨ੍ਹਾਂ ਵਿੱਚੋਂ ਅੱਧੇ ਤਾਂ ਖੇਤੀਬਾੜੀ ਖੇਤਰ ਵਿੱਚ ਹਨ ਤੇ ਬਾਕੀ ਦੇ ਨਿਰਮਾਣ, ਪਰਚੂਨ ਤੇ ਛੋਟੇ ਪੱਧਰ ਦੇ ਨਿਰਮਾਣ-ਕਾਰਜਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਵਿੱਚੋਂ ਬਹੁਤੇ ਦਿਹਾੜੀਦਾਰ ਹਨ ਤੇ ਨਕਦੀ ਦੀ ਘਾਟ ਕਾਰਨ ਸਭ ਤੋਂ ਭੈੜਾ ਹਾਲ ਉਨ੍ਹਾਂ ਦਾ ਹੋ ਗਿਆ ਹੈ। ਦੇਸ਼ ਵਿੱਚ ਆਰਥਿਕ ਹਾਲਾਤ ਸੁਖਾਵੇਂ ਹੋਣ ਜਿੰਨੀ ਦੇਰੀ ਹੁੰਦੀ ਜਾਵੇਗੀ, ਉਨ੍ਹਾਂ ਦੀਆਂ ਪਰੇਸ਼ਾਨੀਆਂ ਹੋਰ ਵਧਦੀਆਂ ਜਾਣਗੀਆਂ, ਨੌਕਰੀਆਂ ਚਲੀਆਂ ਜਾਣਗੀਆਂ ਤੇ ਸਪਲਾਈ-ਲੜੀਆਂ ਠੱਪ ਹੋ ਕੇ ਰਹਿ ਜਾਣਗੀਆਂ। ਰਾਸ਼ਟਰਵਾਦ ਦੇ ਨਾਂਅ ਉੱਤੇ ਦੇਸ਼ ਨੂੰ ਕਾਲੇ ਧਨ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਲਈ ਆਮ ਲੋਕਾਂ ਨੂੰ ਕੁਝ ਚਿਰ ਲਈ ਸਬਰ ਕਰਨ ਦੀ ਸਲਾਹ ਦਿੱਤੀ ਗਈ ਸੀ ਪਰ ਉੱਧਰ ਵਿਰੋਧੀ ਧਿਰ ਨੇ ਸੰਸਦ ਦਾ ਕੰਮਕਾਜ ਠੱਪ ਕਰ ਕੇ ਰੱਖ ਦਿੱਤਾ ਤੇ ਇਸੇ ਗੱਲ ਉੱਤੇ ਜ਼ੋਰ ਦਿੱਤਾ ਕਿ ਪ੍ਰਧਾਨ ਮੰਤਰੀ ਮੋਦੀ ਖ਼ੁਦ ਸਦਨ ਵਿੱਚ ਮੌਜੂਦ ਰਹਿ ਕੇ ਆਪਣੇ ਨੋਟਬੰਦੀ ਦੇ ਫ਼ੈਸਲੇ ਬਾਰੇ ਸਪਸ਼ਟੀਕਰਨ ਦੇਣ। ਭਾਰਤ ਵਿੱਚ ਪਹਿਲਾਂ ਅਤੇ ਇੰਗਲੈਂਡ ਤੇ ਕੈਨੇਡਾ ਦੇ ਪ੍ਰਧਾਨ ਮੰਤਰੀਆਂ ਲਈ ਵੈਸਟਮਿਨਸਟਰ ਪ੍ਰਣਾਲੀ ਲਾਗੂ ਰਹੀ ਹੈ, ਜਿੱਥੇ ਉਹ ਅਹਿਮ ਨੀਤੀਗਤ ਤਬਦੀਲੀਆਂ ਨਾਲ ਸਬੰਧਤ ਪ੍ਰਸ਼ਨਾਂ ਦੇ ਜਵਾਬ ਦਿੰਦੇ ਹਨ। ਮੰਦੇਭਾਗੀਂ, 1950ਵਿਆਂ ਦੌਰਾਨ ਜਿਹੜੀ ਸੰਸਦ ਦਾ ਸੈਸ਼ਨ ਇੱਕ ਸਾਲ 'ਚ 140 ਦਿਨ ਚੱਲਦਾ ਸੀ, ਇਹ ਗਿਣਤੀ ਸਾਲ 2000 ਤੋਂ ਔਸਤਨ ਕੇਵਲ 60 ਦਿਨ ਰਹਿ ਗਈ ਹੈ।

ਸੂਬਿਆਂ ਵਿੱਚ ਤਾਂ ਹਾਲਾਤ ਇਸ ਤੋਂ ਵੀ ਵੱਧ ਭੈੜੇ ਹਨ।

ਕਿਸੇ ਇੱਕ ਵਿਅਕਤੀ ਦੀ ਨਿਰੰਕੁਸ਼ਤਾ ਅਤੇ ਰਾਸ਼ਟਰਵਾਦੀ ਆਗੂਆਂ ਦੇ ਉਭਾਰ ਦਾ ਰੁਝਾਨ ਹੁਣ ਵਿਸ਼ਵ ਪੱਧਰ ਦੀ ਮਹਾਂਮਾਰੀ ਬਣ ਚੁੱਕਾ ਹੈ। ਜੇ ਵਿਦੇਸ਼ੀਆਂ ਨੂੰ ਨਫ਼ਰਤ ਕਰਨ ਵਾਲੀ ਨੈਸ਼ਨਲ ਪਾਰਟੀ ਦੇ ਮੇਰੀਨ ਲੀ ਪੈੱਨ ਫ਼ਰਾਂਸ ਦੇ ਰਾਸ਼ਟਰਪਤੀ ਦੀ ਚੋਣ ਜਿੱਤ ਜਾਂਦੇ ਹਨ, ਤਾਂ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੀ ਅਗਵਾਈ ਉਨ੍ਹਾਂ ਦੇ ਨਾਲ-ਨਾਲ ਡੋਨਲਡ ਟਰੰਪ, ਵਲਾਦੀਮੀਰ ਪੂਤਿਨ, ਸ਼ੀ ਜਿਨਪਿੰਗ ਤੇ ਟੈਰੇਜ਼ਾ ਮੇਅ ਕੋਲ ਰਹੇਗੀ। ਇੰਗਲੈਂਡ ਦੇ ਪ੍ਰਧਾਨ ਮੰਤਰੀ ਮੇਅ ਹੁਣ ਕੁਝ ਅਜਿਹੀ ਸਾਖ਼ ਵਿਕਸਿਤ ਕਰਦੇ ਜਾ ਰਹੇ ਹਨ ਕਿ ਉਹ ਆਉਣ ਵਾਲੇ ਸਮਿਆਂ ਦੇ ਮਹਾਰਾਣੀ ਐਲਿਜ਼ਾਬੈਥ ਪ੍ਰਥਮ ਬਣ ਜਾਣਗੇ (ਮੌਜੂਦਾ ਮਹਾਰਾਣੀ ਐਲਿਜ਼ਬੈਥ ਦਾਇਮ ਹੈ), ਜਿਨ੍ਹਾਂ ਨੂੰ 'ਦਿ ਇਕੌਨੋਮਿਸਟ' ਨੇ 'ਸਖ਼ਤ ਤੇ ਹੁੱਜਤੀ' ਕਰਾਰ ਦਿੱਤਾ ਹੈ। ਇਸ ਲਈ ਜਿਸ ਤਰ੍ਹਾਂ ਦੇ ਹਾਕਮ ਵੱਖ ਵੱਖ ਦੇਸ਼ਾਂ ਨੂੰ ਮਿਲ ਰਹੇ ਹਨ, ਉਸ ਦੇ ਮੱਦੇਨਜ਼ਰ ਤਾਂ ਕੇਵਲ ਸਿੱਕਾ ਉਛਾਲ਼ ਕੇ ਹੀ ਇਹ ਨਿਰਧਾਰਤ ਕੀਤਾ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਸਭ ਤੋਂ ਵੱਧ ਤਾਨਾਸ਼ਾਹਾਨਾ ਕੌਣ ਹੈ।

ਭਾਰਤ ਲਈ ਬਾਹਰੀ ਮਾਹੌਲ ਵੀ ਵਧੇਰੇ ਅਨਿਸ਼ਚਿਤ ਹੈ ਕਿਉਂਕਿ ਚੀਨ ਵਿਰੁੱਧ ਪ੍ਰਸ਼ਾਂਤ ਮਹਾਂਸਾਗਰ ਦੇ ਦੇਸ਼ਾਂ ਅਤੇ ਪੱਛਮੀ ਏਸ਼ੀਆ ਵਿੱਚ ਇਰਾਨ ਪ੍ਰਤੀ ਬਰਾਕ ਓਬਾਮਾ ਨੇ ਜਿਹੜਾ ਮੁੜ-ਸੰਤੁਲਨ ਕਾਇਮ ਕੀਤਾ ਸੀ, ਉਸ ਦੀ ਥਾਂ ਹੁਣ ਟਰੰਪ ਦੀ ਨਵੀਂ ਤੇ ਕੁਝ ਅਨਿਸ਼ਚਿਤ ਕਿਸਮ ਦੀ ਪਹੁੰਚ ਨੇ ਲੈ ਲੈਣੀ ਹੈ। ਅਨਿਸ਼ਚਿਤ ਇਸ ਲਈ ਕਿਉਂਕਿ ਉਹ ਆਪਣੇ ਚੋਣ ਪ੍ਰਚਾਰ ਸਮੇਂ ਕੁਝ ਆਪਾ-ਵਿਰੋਧੀ ਜਿਹੇ ਸਟੈਂਡ ਲੈਂਦੇ ਰਹੇ ਹਨ। ਉਦਾਹਰਣ ਵਜੋਂ, ਦੁਨੀਆ ਦੀ ਪ੍ਰਮੁੱਖ ਤੇਲ ਕੰਪਨੀ ਐਕਸੌਨ-ਮੋਬਿਲ ਦੇ ਸਾਬਕਾ ਮੁਖੀ ਰੈਕਸ ਟਿੱਲਰਸਨ ਨੂੰ ਵਿਦੇਸ਼ ਮੰਤਰੀ ਬਣਾਉਣ ਦੀ ਯੋਜਨਾ ਟਰੰਪ ਵੱਲੋਂ ਆਪਣੇ ਭਾਸ਼ਣਾਂ ਦੌਰਾਨ ਪੂਤਿਨ ਪ੍ਰਤੀ ਵਿਖਾਈ ਦੋਸਤੀ ਦਾ ਹੀ ਹਿੱਸਾ ਹੈ।

***ਭਾਰਤ ਲਈ ਬਾਹਰੀ ਮਾਹੌਲ ਵੀ ਵਧੇਰੇ ਅਨਿਸ਼ਚਿਤ ਹੈ ਕਿਉਂਕਿ ਚੀਨ ਵਿਰੁੱਧ ਪ੍ਰਸ਼ਾਂਤ ਮਹਾਂਸਾਗਰ ਦੇ ਦੇਸ਼ਾਂ ਅਤੇ ਪੱਛਮੀ ਏਸ਼ੀਆ ਵਿੱਚ ਇਰਾਨ ਪ੍ਰਤੀ ਬਰਾਕ ਓਬਾਮਾ ਨੇ ਜਿਹੜਾ ਮੁੜ-ਸੰਤੁਲਨ ਕਾਇਮ ਕੀਤਾ ਸੀ, ਉਸ ਦੀ ਥਾਂ ਹੁਣ ਟਰੰਪ ਦੀ ਨਵੀਂ ਤੇ ਕੁਝ ਅਨਿਸ਼ਚਿਤ ਕਿਸਮ ਦੀ ਪਹੁੰਚ ਨੇ ਲੈ ਲੈਣੀ ਹੈ। ਅਨਿਸ਼ਚਿਤ ਇਸ ਲਈ ਕਿਉਂਕਿ ਉਹ ਆਪਣੇ ਚੋਣ ਪ੍ਰਚਾਰ ਸਮੇਂ ਕੁਝ ਆਪਾ-ਵਿਰੋਧੀ ਜਿਹੇ ਸਟੈਂਡ ਲੈਂਦੇ ਰਹੇ ਹਨ। ਉਦਾਹਰਣ ਵਜੋਂ, ਦੁਨੀਆ ਦੀ ਪ੍ਰਮੁੱਖ ਤੇਲ ਕੰਪਨੀ ਐਕਸੌਨ-ਮੋਬਿਲ ਦੇ ਸਾਬਕਾ ਮੁਖੀ ਰੈਕਸ ਟਿੱਲਰਸਨ ਨੂੰ ਵਿਦੇਸ਼ ਮੰਤਰੀ ਬਣਾਉਣ ਦੀ ਯੋਜਨਾ ਟਰੰਪ ਵੱਲੋਂ ਆਪਣੇ ਭਾਸ਼ਣਾਂ ਦੌਰਾਨ ਪੂਤਿਨ ਪ੍ਰਤੀ ਵਿਖਾਈ ਦੋਸਤੀ ਦਾ ਹੀ ਹਿੱਸਾ ਹੈ।***

ਸੀਰੀਆ ਦੀ ਗੜਬੜੀ ਦਾ ਭਾਵੇਂ ਰੂਸ ਦੇ ਸਹਿਯੋਗ ਤੋਂ ਬਿਨਾਂ ਕੋਈ ਹੱਲ ਸੰਭਵ ਨਹੀਂ ਜਾਪਦਾ ਪਰ ਰੂਸ ਦਾ ਇਰਾਨ ਨਾਲ ਗੱਠਜੋੜ ਹੈ ਅਤੇ ਉਹ ਅਸਦ ਹਕੂਮਤ ਦੀ ਹਮਾਇਤ ਕਰ ਰਹੇ ਹਨ। ਟਰੰਪ ਦੇ ਮਨੋਨੀਤ ਰੱਖਿਆ ਮੰਤਰੀ ਜਨਰਲ ਜਿਮ ਮੈਟਿਸ ਉਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੇ ਇਰਾਨ ਨਾਲ ਅਮਰੀਕਾ ਦੇ ਪ੍ਰਮਾਣੂ ਸੌਦੇ ਦਾ ਵਿਰੋਧ ਕੀਤਾ ਸੀ ਅਤੇ ਰਾਸ਼ਟਰਪਤੀ ਓਬਾਮਾ ਨੇ ਕੇਂਦਰੀ ਫ਼ੌਜੀ ਕਮਾਂਡ ਦੇ ਮੁਖੀ ਹੋਣ ਦੇ ਨਾਤੇ ਉਨ੍ਹਾਂ ਨੂੰ ਫ਼ੌਜੀ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ; ਟਰੰਪ ਨੇ ਜਿਸ ਦੀ ਕਾਫ਼ੀ ਨਿੰਦਾ ਕੀਤਾ ਸੀ।

ਇਸੇ ਤਰ੍ਹਾਂ, ਅਫ਼ਗ਼ਾਨਿਸਤਾਨ ਅਤੇ ਭਾਰਤ ਦੇ ਗੁਆਂਢ ਬਾਰੇ ਟਰੰਪ ਦੀ ਪਹੁੰਚ ਹਾਲੇ ਅਸਪੱਸ਼ਟ ਹੈ, ਭਾਵੇਂ ਮਨੋਨੀਤ ਰਾਸ਼ਟਰੀ ਰੱਖਿਆ ਸਲਾਹਕਾਰ ਜਨਰਲ ਮਾਈਕ ਫ਼ਲਿੱਨ ਨੇ ਸੰਕੇਤ ਦਿੱਤੇ ਹਨ ਕਿ ਦਹਿਸ਼ਤਗਰਦੀ ਦਾ ਸਖ਼ਤੀ ਤੇ ਸ਼ਕਤੀ ਨਾਲ ਮੁਕਾਬਲਾ ਕੀਤਾ ਜਾਵੇਗਾ। ਨਵਾਜ਼ ਸ਼ਰੀਫ਼ ਨੂੰ ਕੱਲ ਕਰਦੇ ਸਮੇਂ ਟਰੰਪ ਨੇ ਪਾਕਿਸਤਾਨ ਨੂੰ 'ਸ਼ਾਨਦਾਰ ਲੋਕਾਂ ਦਾ ਇੱਕ ਅਦਭੁੱਤ ਦੇਸ਼' ਕਰਾਰ ਦਿੱਤਾ ਸੀ ਅਤੇ ਇਸ ਮੁੱਦੇ ਉੱਤੇ ਸੁਭਾਵਕ ਰੂਪ ਵਿੱਚ ਭਾਰਤ ਨੂੰ ਚਿੰਤਤ ਹੋਣਾ ਹੀ ਚਾਹੀਦਾ ਹੈ। ਸਾਡੇ ਗੁਆਂਢੀ ਲਈ ਅਗਿਆਨਤਾ ਹੀ ਖ਼ੁਸ਼ੀ ਦਾ ਵਸੀਲਾ ਬਣੀ ਹੋਈ ਹੈ ਕਿਉਂਕਿ ਇਤਿਹਾਸ-ਮੁਕਤ ਸੋਚ ਵਾਲੇ ਕਿਸੇ ਵਿਅਕਤੀ ਨਾਲ ਉਸ ਦੇਸ਼ ਦੇ ਹਾਕਮ ਵਧੀਆ ਢੰਗ ਨਾਲ ਕੰਮ ਕਰ ਸਕਦੇ ਹਨ।

ਟਰੰਪ ਦੀ ਵਿਚਾਰਧਾਰਾ ਦੇ ਹਮਾਇਤੀਆਂ ਦਾ ਮੰਨਣਾ ਹੈ ਕਿ ਹੋਰ ਦੇਸ਼ ਆਲਮੀ ਸੰਧੀਆਂ ਦੀ ਵਰਤੋਂ ਕਰ ਕੇ ਕੁਝ ਤੀਖਣ ਕਿਸਮ ਦੇ ਵਪਾਰਕ ਅਭਿਆਸਾਂ ਰਾਹੀਂ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦੇ ਰਹੇ ਹਨ ਅਤੇ ਨਾਟੋ ਤੇ ਗ਼ੈਰ-ਨਾਟੋ ਭਾਈਵਾਲ ਦੇਸ਼ਾਂ ਵੱਲੋਂ ਅਮਰੀਕਾ ਦਾ ਕੋਈ ਭਾਰ ਨਹੀਂ ਵੰਡਾਇਆ ਜਾ ਰਿਹਾ, ਜਦ ਕਿ ਉਹ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾ ਰਿਹਾ ਹੈ। ਨਾਟੋ ਦੇ ਬਹੁਤੇ ਮੈਂਬਰ ਦੇਸ਼ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਦੋ ਫ਼ੀਸਦੀ ਆਪਣੇ ਰੱਖਿਆ ਖੇਤਰ ਨੂੰ ਨਹੀਂ ਦੇ ਰਹੇ, ਜਦ ਕਿ ਇੰਜ ਕਰਨ ਦੀ ਉਨ੍ਹਾਂ ਤੋਂ ਆਸ ਰੱਖੀ ਜਾਂਦੀ ਰਹੀ ਹੈ। ਯੂਰੋਪ ਦੀ ਸਭ ਤੋਂ ਵੱਡੀ ਅਰਥ ਵਿਵਸਥਾ - ਜਰਮਨੀ 1.2 ਫ਼ੀਸਦੀ ਨਾਲ ਪਿੱਛੇ ਹੈ। ਚੀਨ ਅਤੇ ਅਮਰੀਕਾ ਦੇ ਸਬੰਧ ਪਹਿਲਾਂ ਹੀ ਤੂਫ਼ਾਨ ਵਿੱਚ ਫਸੀ ਕਿਸ਼ਤੀ ਵਾਂਗ ਹਨ। ਟਰੰਪ ਖੁੱਲ੍ਹ ਕੇ 'ਇੱਕ-ਚੀਨ' ਨੀਤੀ ਉੱਤੇ ਕਿੰਤੂ-ਪ੍ਰੰਤੂ ਕਰ ਰਹੇ ਹਨ ਅਤੇ ਤਾਇਵਾਨ ਦੇ ਰਾਸ਼ਟਰਪਤੀ ਨੂੰ ਫ਼ੋਨ ਕੱਲ ਕਰ ਰਹੇ ਹਨ; ਜਿਸ ਕਰ ਕੇ ਚੀਨ ਦੀ ਲੀਡਰਸ਼ਿਪ ਭੰਬਲ਼ਭੂਸੇ ਵਿੱਚ ਪੈ ਗਈ ਹੈ। ਚੀਨ ਹੁਣ ਅਗਲੇ ਵਰ੍ਹੇ ਆਪਣੀ ਪੋਲਿਟਬਿਊਰੋ ਵਿੱਚ ਵੱਡੀਆਂ ਤਬਦੀਲੀਆਂ ਕਰਨ ਜਾ ਰਿਹਾ ਹੈ। ਕੌਮਾਂਤਰੀ ਪਾਣੀਆਂ ਵਿੱਚ ਚੀਨ ਨੇ ਅਮਰੀਕਾ ਦਾ ਸਮੁੰਦਰੀ ਡਰੋਨ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ, ਜੋ ਸ਼ਾਇਦ ਚੀਨ ਦਾ ਆਪਣਾ ਗੁੱਸਾ ਵਿਖਾਉਣ ਦਾ ਹੀ ਇੱਕ ਤਰੀਕਾ ਹੈ। ਟਰੰਪ ਨੇ ਤਾਂ ਪ੍ਰਸ਼ਾਂਤ ਮਹਾਂਸਾਗਰ ਤੋਂ ਪਾਰ ਦੀ ਭਾਈਵਾਲੀ ਨੂੰ ਖ਼ਤਮ ਕਰ ਦੇਣ ਦੀ ਗੱਲ ਕੀਤੀ ਹੈ, ਜਦ ਕਿ ਇਹ ਭਾਈਵਾਲੀ ਚੀਨ ਨੂੰ ਰੋਕਣ ਲਈ ਚੀਨ-ਮੁਕਤ ਵਿਆਪਕ ਵਪਾਰਕ ਖੇਤਰ ਸਿਰਜਣ ਵਾਸਤੇ ਕੀਤੀ ਗਈ ਸੀ। ਇਸ ਤੋਂ ਇਲਾਵਾ ਟਰੰਪ ਦੇ ਹੋਰ ਬਿਆਨ ਇਹ ਦਰਸਾਉਂਦੇ ਹਨ ਕਿ ਉਹ ਚੀਨ ਉੱਤੇ ਕਾਰੋਬਾਰ ਤੇ ਹੋਰ ਛੋਟਾਂ ਲੈਣ ਦਾ ਦਬਾਅ ਪਾਉਣਗੇ। ਇਸ ਗੱਲ ਨਾਲ ਪ੍ਰਸ਼ਾਂਤ ਮਹਾਂਸਾਗਰ ਦੇ ਭਾਈਵਾਲ ਦੇਸ਼ ਘਬਰਾ ਗਏ ਹਨ ਕਿਉਂਕਿ ਜੇ ਚੀਨ ਨੇ ਟਰੰਪ ਨੂੰ ਉਨ੍ਹਾਂ ਮੁੱਦਿਆਂ ਉੱਤੇ ਸੰਤੁਸ਼ਟ ਕਰ ਦਿੱਤਾ, ਜਿਨ੍ਹਾਂ ਨੂੰ ਉਹ ਬੁਨਿਆਦੀ ਸਮਝਦੇ ਹਨ, ਤਾਂ ਅਜਿਹੇ ਛੋਟੇ ਦੇਸ਼ ਤਾਂ ਬਿਲਕੁਲ ਹੀ ਲਾਂਭੇ ਹੋ ਕੇ ਰਹਿ ਜਾਣਗੇ। ਦੱਖਣੀ ਅਤੇ ਪੂਰਬੀ ਚੀਨ ਸਾਗਰਾਂ ਵਿੱਚ ਸਮੁੰਦਰੀ ਫੇਰੀਆਂ ਦੀ ਆਜ਼ਾਦੀ, ਟਰੰਪ ਲਈ ਕੋਈ 'ਮੁੱਖ ਮੁੱਦਾ' ਨਹੀਂ ਹੋ ਸਕਦਾ।

ਇਸ ਤਰ੍ਹਾਂ ਭਾਰਤ ਹੁਣ ਇੱਕ ਪਾਸੇ ਤਾਂ ਕਰੰਸੀ ਦੀ ਘਾਟ ਕਾਰਨ ਪੈਦਾ ਹੋਈਆਂ ਗੜਬੜੀਆਂ ਨਾਲ ਜੂਝ ਰਿਹਾ ਹੈ, ਦੂਜੇ ਪਾਸੇ ਉਹ ਟਰੰਪ ਕਾਰਨ ਵਿਸ਼ਵ ਵਿੱਚ ਹੋ ਰਹੀਆਂ ਤੇ ਹੋਣ ਵਾਲੀਆਂ ਕੁਝ ਤਬਦੀਲੀਆਂ ਉੱਤੇ ਵਿਚਾਰ ਕਰਨ ਵਿੱਚ ਰੁੱਝਿਆ ਹੋਇਆ ਹੈ। ਭਾਰਤ ਦੇ ਆਕਾਰ ਵਾਲੇ ਦੇਸ਼ ਨੂੰ ਕਿਸੇ ਵੱਡੀ ਨੀਤੀਗਤ ਤਬਦੀਲੀ ਲਈ ਟਕਰਾਅ ਅਤੇ ਟੈਕਸ-ਦਹਿਸ਼ਤਗਰਦੀ ਵਿਖਾਉਣ ਦੀ ਨਹੀਂ, ਸਗੋਂ ਸਬਰ ਅਤੇ ਆਮ-ਸਹਿਮਤੀ ਕਾਇਮ ਕਰਨ ਦੀ ਜ਼ਰੂਰਤ ਹੁੰਦੀ ਹੈ। 'ਫ਼ੇਸਜ਼ ਆੱਫ਼ ਮੌਡਰੇਸ਼ਨ: ਦਿ ਆਰਟ ਆੱਫ਼ ਬੈਲੈਂਸ ਇਨ ਐਨ ਏਜ ਆੱਫ਼ ਐਕਸਟ੍ਰੀਮ' ਵਿੱਚ ਔਰੇਲੀਅਨ ਕ੍ਰਾਇਟੂ ਦਲੀਲ ਦਿੰਦੇ ਹਨ ਕਿ ਲੋਕ-ਪ੍ਰਤੀਨਿਧਤਾ ਵਾਲੀ ਜਮਹੂਰੀਅਤ ਨੇ ਜੇ ਸਫ਼ਲ ਹੋਣਾ ਹੈ ਤਾਂ ਉਸ ਦੀਆਂ ਸੰਸਥਾਵਾਂ ਨੂੰ ਸੂਝ-ਬੂਝ ਨਾਲ ਭਰਪੂਰ, ਸਨਿਮਰ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਪ੍ਰਤੀਯੋਗੀ ਸਿਧਾਂਤਾਂ ਦਾ ਸੰਤੁਲਨ ਬਣਾਉਣ ਦੀ ਇੱਛਾ ਦੀ ਲੋੜ ਹੁੰਦੀ ਹੈ। ਉਹ ਸੁਪਨਸਾਜ਼ ਵਾਲੇ ਦ੍ਰਿਸ਼ਟੀਕੋਣਾਂ ਅਤੇ ਸਰਲ ਹੱਲ ਲੱਭਣ ਦੀ ਬਿਰਤੀ ਵਿੱਚ ਵਿਸ਼ਵਾਸ ਨਹੀਂ ਰੱਖਦੇ। ਨੋਟਬੰਦੀ ਕ੍ਰਾਇਟੂ ਦੇ ਮਿਆਰਾਂ ਤੇ ਸੋਚਾਂ ਦੇ ਪੈਮਾਨੇ ਤੋਂ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਸਭ ਤੋਂ ਵਧ ਕੇ ਇਸ ਨੇ ਸਰ ਵਿਲੀਅਮ ਹਰਕੋਰਟ ਦੀ ਉਸ ਸਲਾਹ ਨੂੰ ਵੀ ਅੱਖੋਂ ਪਰੋਖੇ ਕੀਤਾ ਹੈ ਕਿ ਸੰਸਦੀ ਪ੍ਰਣਾਲੀ ਉਸੇ ਹਾਲਤ ਵਿੱਚ ਕਾਇਮ ਰਹਿ ਸਕਦੀ ਹੈ ਜੇ ਸੱਤਾਧਾਰੀ ਪਾਰਟੀ 'ਵਿਰੋਧੀ ਧਿਰ ਨਾਲ ਮਿਲ ਕੇ ਰੋਜ਼ ਰਾਤ ਦਾ ਖਾਣਾ ਖਾਵੇ।' ਸਾਡੇ ਮਾਮਲੇ ਵਿੱਚ ਜੇ ਸੰਸਦ ਦੀ ਕੰਟੀਨ ਵਿੱਚ ਇੱਕ ਥਾਲੀ ਹੀ ਸਾਂਝੀ ਕਰ ਲਈ ਜਾਵੇ, ਤਾਂ ਵੀ ਕੰਮ ਚੱਲ ਜਾਵੇਗਾ।

**-ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।**

# ਬਠਿੰਡਾ ’ਚ ਅਰਥੀ ਫੂਕ ਮੁਜ਼ਾਹਰੇ ਦੌਰਾਨ ਅਧਿਆਪਕ ਵਲੋਂ ਆਤਮਦਾਹ ਦੀ ਕੋਸ਼ਿਸ਼, ਹਾਲਤ ਗੰਭੀਰ

**ਬਠਿੰਡਾ/ਬਿਊਰੋ ਨਿਊਜ਼ :**
ਬੁੱਧਵਾਰ ਪ੍ਰਦਰਸ਼ਨ ਦੌਰਾਨ ਈ.ਜੀ.ਐਸ. ਟੀਚਰ ਨੇ ਖ਼ੁਦ ਨੂੰ ਅੱਗ ਲਾ ਲਈ। ਸਾਹ ਦੀ ਨਾਲੀ ਸੁੰਗੜਨ ਕਾਰਨ ਉਸ ਦੀ ਹਾਲਤ ਗੰਭੀਰ ਹੈ। ਡਾਕਟਰਾਂ ਅਨੁਸਾਰ ਸਮਰਦੀਪ 50 ਫ਼ੀਸਦੀ ਝੁਲਸ ਚੁੱਕਾ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਵੀ ਇਸੇ ਚੌਕ ’ਤੇ ਇਕ ਈ.ਜੀ.ਐਸ. ਟੀਚਰ ਨਿਸ਼ਾਂਤ ਨੇ ਤੇਲ ਸੁੱਟ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੂੰ ਰੋਕ ਲਿਆ ਗਿਆ ਸੀ। ਘਟਨਾ ਉਸ ਸਮੇਂ ਵਾਪਰੀ ਜਦੋਂ ਈ.ਜੀ.ਐਸ. ਟੀਚਰ ਫ਼ੌਜੀ ਚੌਕ ’ਤੇ ਪੁਤਲਾ ਸਾੜਨ ਪਹੁੰਚੇ ਸਨ। ਮਾਨਸਾ ਦੇ ਸਿਮਰਜੀਤ ਨੇ ਪਹਿਲੇ ਖ਼ੁਦ ’ਤੇ ਪੈਟਰੋਲ ਛਿੜਕਿਆ ਰੱਖਿਆ ਸੀ ਅਤੇ ਜਿਵੇਂ ਹੀ ਪੁਤਲੇ ਨੂੰ ਅੱਗ ਲਾਈ ਗਈ, ਉਹ ਵੀ ਉਸ ਵਿਚ ਕੁੱਦ ਗਿਆ। ਉਸ ਦੇ ਦੋਵੇਂ ਹੱਥ, ਛਾਤੀ ਤੇ ਮੂੰਹ ਤੋਂ ਇਲਾਵਾ ਸਿਰ ਦੇ ਵਾਲ ਵੀ ਝੁਲਸ ਗਏ। ਇਹ ਸਭ ਭਾਰੀ ਪੁਲੀਸ ਬਲ ਦੀ ਮੌਜੂਦਗੀ ਵਿਚ ਹੋਇਆ। ਸੂਬਾਈ ਨੇਤਾ ਸਵਰਨਾ ਰਾਣੀ ਨੇ ਦੱਸਿਆ ਕਿ ਡੇਢ ਮਹੀਨਾ ਪਹਿਲਾਂ ਪਾਣੀ ਦੀ ਟੈਂਕੀ ’ਤੇ ਚੜ੍ਹ ਕੇ ਪ੍ਰਦਰਸ਼ਨ ਕਰ ਰਹੇ ਸਿਮਰਜੀਤ, ਕਰਮਜੀਤ ਕੌਰ ਤੇ ਨਿਸ਼ਾਂਤ ਨੇ ਪੱਕੀ ਨੌਕਰੀ ਨਾ ਮਿਲਣ ’ਤੇ ਆਤਮਦਾਹ ਦੀ ਧਮਕੀ ਦੇ ਰੱਖੀ ਸੀ। ਇਸ ਦੇ ਬਾਵਜੂਦ ਪ੍ਰਸ਼ਾਸਨ ਨੇ ਧਿਆਨ ਨਹੀਂ ਦਿੱਤਾ।



ਈ.ਜੀ.ਐਸ., ਏ.ਆਈ.ਈ., ਐਸ.ਟੀ.ਆਰ. ਟੀਚਰਜ਼ ਯੂਨੀਅਨ ਵਲੋਂ ਬਠਿੰਡਾ ਦੇ ਗੋਲਡਿੱਗੀ ਨਜ਼ਦੀਕ ਟੈਂਕੀ ’ਤੇ ਚੜ੍ਹ ਕੇ ਚਲਾਏ ਜਾ ਰਹੇ ਸੰਘਰਸ਼ ਨੂੰ ਕਰੀਹ ਡੇਢ ਮਹੀਨਾ ਹੋ ਗਿਆ ਹੈ। ਸੰਘਰਸ਼ ਨੂੰ ਬੂਰ ਨਾ ਪੈਣ ਕਾਰਨ ਰੋਸ ਵਜੋਂ ਜਥੇਬੰਦੀ ਦੇ ਸੈਂਕੜੇ ਨੁਮਾਇੰਦਿਆਂ ਵੱਲੋਂ ਪਹਿਲਾਂ ਗੋਲਡਿੱਗੀ ਨਜ਼ਦੀਕ ਸੜਕ ’ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਉਪਰੰਤ ਕਾਫਲੇ ਦੇ ਰੂਪ ਵਿਚ ਮਾਲ ਰੋਡ ਤੋਂ ਸਰਕਾਰ ਖਿਲਾਫ਼ ਰੋਸ ਰੈਲੀ ਕੱਢੀ ਗਈ, ਜਿਨ੍ਹਾਂ ਨੇ ਸਥਾਨਕ ਜਮਾਂਦਾਰ ਸ਼ਹੀਦ ਨੰਦ ਸਿੰਘ ਚੌਕ ’ਤੇ ਬੈਠ ਕੇ ਸੜਕ ’ਤੇ ਦੋਵੇਂ ਪਾਸੇ ਜਾਮ ਲਾ ਦਿੱਤਾ ਅਤੇ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਮੌਕੇ ਉਹ ਮੰਗ ਕਰ ਰਹੇ ਸਨ ਕਿ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਜੋ ਵਿਸ਼ੇਸ਼ ਸਦਨ ਲਈ ਬੁਲਾਇਆ ਗਿਆ, ਜਿਸ ਵਿਚ ਉਨ੍ਹਾਂ ਦੀ ਰੈਗੂਲਰ ਕਰਨ ਦੀ ਮੰਗ ਨੂੰ ਕਿਉਂ ਨਹੀਂ ਵਿਚਾਰਿਆ ਗਿਆ। ਇਸ ਮੌਕੇ ਸਰਕਾਰ ਨੂੰ ਚਿਤਾਵਨੀ ਦਿੱਤੀ ਅਗਰ ਚੋਣ ਜ਼ਾਬਤੇ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਮੰਗ ਨੂੰ ਤੁਰੰਤ ਨਾ ਮੰਨਿਆ ਗਿਆ ਤਾਂ ਇਸ ਦੇ ਗੰਭੀਰ ਨਤੀਜੇ ਸਰਕਾਰ ਨੂੰ ਚੋਣਾਂ ਦੌਰਾਨ ਭੁਗਤਣੇ ਪੈਣਗੇ। ਇਸ ਮੌਕੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਜਥੇਬੰਦਕ ਆਗੂਆਂ ਨੇ ਐਲਾਨ ਕੀਤਾ ਕਿ ਉਹ ਕਰੋ ਜਾਂ ਮਰੋ ਦੀ ਨੀਤੀ ਬਣਾ ਚੁੱਕੇ ਹਨ, ਜੋ ਕਿਸੇ ਵੀ ਹਾਲਤ ਵਿਚ ਆਪਣੀਆਂ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ।

### 5 ਹਜ਼ਾਰ ਤਨਖ਼ਾਹ, ਉਹ ਵੀ 6 ਮਹੀਨੇ ਤੋਂ ਮਿਲੀ ਨਹੀਂ :

32 ਸਾਲ ਦੇ ਸਿਮਰਜੀਤ ’ਤੇ ਘਰ ਦੀ ਪੂਰੀ ਜ਼ਿੰਮੇਵਾਰੀ ਹੈ। ਉਹ 40 ਦਿਨ ਤੋਂ ਪਾਣੀ ਦੀ ਟੈਂਕੀ ’ਤੇ ਚੜ੍ਹਿਆ ਰਿਹਾ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਪਰਿਵਾਰ ਵਿਚ ਸਭ ਤੋਂ ਵੱਡਾ ਹੈ, ਵਿਆਹ ਵੀ ਨਹੀਂ ਹੋਇਆ ਹੈ। ਇਕ ਛੋਟੀ ਭੈਣ ਤੇ ਭਰਾ ਹੈ। ਘਰੇਲੂ ਖ਼ਰਚ ਵੱਧ ਹੈ ਪਰ ਸਰਕਾਰ ਵਲੋਂ ਸਿਰਫ਼ 5 ਹਜ਼ਾਰ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ, ਜੋ 6 ਮਹੀਨੇ ਤੋਂ ਮਿਲੀ ਨਹੀਂ।

## ਪ੍ਰਦਰਸ਼ਨ ਦੌਰਾਨ ਇੱਕ ਹੋਰ ਅਧਿਆਪਕ ਵੱਲੋਂ ਆਤਮਦਾਹ ਦੀ ਕੋਸ਼ਿਸ਼

### *ਸਾਥੀ ਅਧਿਆਪਕਾਂ ਨੇ ਅੱਗ ਲੱਗਣ ਤੋਂ ਪਹਿਲਾਂ ਹੀ ਬਚਾ ਲਿਆ*

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਵਿੱਚ ਇੱਕ ਹੋਰ ਈ.ਜੀ.ਐਸ. ਅਧਿਆਪਕ ਨੇ ਆਪਣੇ ਉਪਰ ਪੈਟਰੋਲ ਛਿੜਕ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਸਾਥੀ ਅਧਿਆਪਕਾਂ ਨੇ ਉਸ ਨੂੰ ਅੱਗ ਲਾਉਣ ਤੋਂ ਪਹਿਲਾਂ ਹੀ ਫੜ ਲਿਆ। ਦੱਸਣਯੋਗ ਹੈ ਕਿ ਦੋ ਦਿਨ ਪਹਿਲਾਂ ਸਰਕਾਰ ਤੋਂ ਅੱਕੇ ਇੱਕ ਈ.ਜੀ.ਐਸ. ਅਧਿਆਪਕ ਨੇ ਆਪਣੇ-ਆਪ ਨੂੰ ਅੱਗ ਲਾ ਲਈ ਸੀ। ਇਸ ਘਟਨਾ ਮਗਰੋਂ ਸੰਘਰਸ਼ੀ ਅਧਿਆਪਕ ਤਲਖੀ ਵਿੱਚ ਆ ਗਏ ਹਨ ਅਤੇ ਅੱਜ ਉਨ੍ਹਾਂ ਨੇ ਦੁਪਹਿਰ ਮਗਰੋਂ ਬਠਿੰਡਾ ਦੇ ਬੱਸ ਅੱਡੇ ਨੇੜੇ ਸੜਕ ’ਤੇ ਅਣਮਿਥੇ ਸਮੇਂ ਲਈ ਧਰਨਾ ਲਾ ਦਿੱਤਾ ਹੈ, ਜਿਸ ਨਾਲ ਆਵਾਜਾਈ ਪ੍ਰਭਾਵਤ ਹੋ ਗਈ ਹੈ। ਮੁੱਖ ਸੜਕ ’ਤੇ ਪੁਲੀਸ ਨੇ ਬੈਰੀਕੇਡ ਲਗਾ ਕੇ ਸਾਰਾ ਰਸਤਾ ਬੰਦ ਕਰ ਦਿੱਤਾ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹੀਦ ਕਿਰਨਜੀਤ ਕੌਰ ਈਜੀਐਸ/ ਏਆਈਈ/ ਐਸਟੀਆਰ ਯੂਨੀਅਨ ਦੀ ਅਗਵਾਈ ਵਿੱਚ ਹਜ਼ਾਰਾਂ ਅਧਿਆਪਕਾਂ ਨੇ ਪਹਿਲਾਂ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਅਤੇ ਮਗਰੋਂ ਬੱਸ ਅੱਡੇ ਕੋਲ ਜਾਮ ਲਾ ਦਿੱਤਾ। ਇਸ ਮੌਕੇ ਈ.ਜੀ.ਐਸ. ਅਧਿਆਪਕ ਰਾਜਪਾਲ ਸਿੰਘ ਉਰਫ਼ ਸ਼ੇਰ ਸਿੰਘ (ਵਾਸੀ ਗੁਰੂਹਰਸਹਾਏ) ਬੱਸ ਅੱਡੇ ਕੋਲ ਲੱਗੇ ਇੱਕ ਹੋਰਡਿੰਗ ’ਤੇ ਚੜ੍ਹ ਗਿਆ ਅਤੇ ਆਪਣੇ ਉਪਰ ਪੈਟਰੋਲ ਛਿੜਕ ਲਿਆ। ਜਦੋਂ ਸਾਥੀ ਅਧਿਆਪਕਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਫੁਰਤੀ ਵਰਤ ਕੇ ਉਸ ਨੂੰ ਉਤਾਰ ਲਿਆ। ਡਿਊਟੀ ਮੈਜਿਸਟਰੇਟ ਤਹਿਸੀਲਦਾਰ ਲਖਵਿੰਦਰ ਸਿੰਘ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਨੇ ਮੌਕੇ ’ਤੇ ਅਧਿਆਪਕਾਂ ਨੂੰ ਉਤਾਰ ਲਿਆ ਸੀ। ਇਸ ਘਟਨਾ ਮਗਰੋਂ ‘ਆਪ’ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸੰਘਰਸ਼ੀ ਅਧਿਆਪਕਾਂ ਦੇ ਆਗੂਆਂ ਨਾਲ ਫੋਨ ’ਤੇ ਗੱਲਬਾਤ ਕਰਕੇ ਅੱਗ ਵਿਚ ਝੁਲਸੇ ਸਮਰਜੀਤ ਸਿੰਘ ਦਾ ਦਿੱਲੀ ’ਚ ਮੁਫ਼ਤ ਇਲਾਜ ਕਰਾਉਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਇਨ੍ਹਾਂ ਅਧਿਆਪਕਾਂ ਨਾਲ ‘ਆਪ’ ਦੀ ਸਰਕਾਰ ਬਣਨ ’ਤੇ ਨੌਕਰੀ ਦਾ ਪ੍ਰਬੰਧ ਕਰਨ ਦਾ ਵਾਅਦਾ ਵੀ ਕੀਤਾ। ਇਸੇ ਦੌਰਾਨ ਸੰਸਦ ਮੈਂਬਰ ਭਗਵੰਤ ਮਾਨ ਨੇ ਬਠਿੰਡਾ ਪੁੱਜ ਕੇ ਇਨ੍ਹਾਂ ਅਧਿਆਪਕਾਂ ਦੀ ਹਮਾਇਤ ਦਿੱਤੀ ਜਦੋਂਕਿ ਮਨਪ੍ਰੀਤ ਬਾਦਲ ਨੇ ਵੀ ਇਨ੍ਹਾਂ ਅਧਿਆਪਕਾਂ ਕੋਲ ਪੁੱਜ ਕੇ ਹਾਅ ਦਾ ਨਾਅਰਾ ਮਾਰਿਆ ਸੀ। ਠੇਕਾ ਮੁਲਾਜ਼ਮ ਸੰਘਰਸ਼ ਯੂਨੀਅਨ, ਈ.ਟੀ.ਟੀ. ਅਧਿਆਪਕ ਯੂਨੀਅਨ, ਕਿਸਾਨ ਤੇ ਮਜ਼ਦੂਰ ਧਿਰਾਂ ਨੇ ਵੀ ਇਨ੍ਹਾਂ ਅਧਿਆਪਕਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ।

ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਇਨ੍ਹਾਂ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦੀ ਗੱਲ ਆਖੀ। ਯੂਨੀਅਨ ਆਗੂ ਕੁਲਵੰਤ ਕੁਮਾਰੀ ਨੇ ਸਮਰਜੀਤ ਦੇ ਪਰਿਵਾਰ ਦੇ ਇੱਕ ਜੀਅ ਨੂੰ ਨੌਕਰੀ ਦਿੱਤੇ ਜਾਣ ਦੀ ਮੰਗ ਕੀਤੀ।

# ਦੋ ਨਾਬਾਲਗ ਧੀਆਂ ਤੇ ਪੁੱਤ ਸਮੇਤ ਕਿਸਾਨ ਵਲੋਂ ਨਹਿਰ ’ਚ ਛਾਲ ਮਾਰ ਕੇ ਖ਼ੁਦਕੁਸ਼ੀ

**ਫ਼ਰੀਦਕੋਟ/ਬਿਊਰੋ ਨਿਊਜ਼ :**
ਇਥੇ ਪਿੰਡ ਮਚਾਕੀ ਮੱਲ ਕੋਲੋਂ ਲੰਘਦੀ ਨਹਿਰ ਵਿੱਚ ਪਿੰਡ ਦੇ ਕਿਸਾਨ ਨੇ ਆਪਣੀਆਂ ਦੋ ਨਾਬਾਲਗ ਧੀਆਂ ਅਤੇ ਇੱਕ ਪੁੱਤਰ ਸਮੇਤ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਦੀ ਪਛਾਣ ਜਗਜੀਤ ਸਿੰਘ (42) ਵਜੋਂ ਹੋਈ ਹੈ। ਕਿਸਾਨ ਨੇ ਆਪਣੇ ਨਾਲ ਆਪਣੀਆਂ ਦੋ ਧੀਆਂ ਹਰਮਨਵੀਰ ਕੌਰ (10), ਜਸ਼ਨਦੀਪ ਕੌਰ (8) ਅਤੇ ਪੁੱਤ ਜਗਸੀਰ ਸਿੰਘ (7) ਨੂੰ ਵੀ ਨਹਿਰ ਵਿੱਚ ਧੱਕਾ ਦੇ ਦਿੱਤਾ। ਕਿਸਾਨ ਜਗਜੀਤ ਸਿੰਘ ਅੱਠ ਲੱਖ ਰੁਪਏ ਦਾ ਕਰਜ਼ਈ ਸੀ ਅਤੇ ਕਰੀਬ ਚਾਰ ਸਾਲ ਪਹਿਲਾਂ ਉਸ ਦੀ ਪਤਨੀ ਸੁਖਜੀਤ ਕੌਰ ਉਸ ਨੂੰ ਛੱਡ ਕੇ ਚਲੀ ਗਈ ਸੀ। ਕਿਸਾਨ ਜਗਜੀਤ ਸਿੰਘ ਦੀ ਮਾਂ ਗੁਰਮੇਲ ਕੌਰ ਨੇ ਦੱਸਿਆ ਕਿ ਉਸ ਦਾ ਲੜਕਾ ਪਿਛਲੇ ਕੁਝ ਦਿਨਾਂ ਤੋਂ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਸੀ। ਉਸ ਨੇ ਬੁੱਧਵਾਰ ਨੂੰ ਆਪਣੇ ਬੱਚਿਆਂ ਨੂੰ ਸਕੂਲ ਜਾਣ ਤੋਂ ਰੋਕਿਆ, ਪਰ ਬੱਚੇ ਜ਼ਿੱਦ ਕਰਕੇ ਸਕੂਲ ਚਲੇ ਗਏ। ਫੇਰ ਅਗਲੇ ਦਿਨ ਉਸ ਨੇ ਬੱਚਿਆਂ ਨੂੰ ਸਕੂਲ ਨਹੀਂ ਜਾਣ ਦਿੱਤਾ ਅਤੇ ਉਨ੍ਹਾਂ ਨੂੰ ਆਪਣੇ ਨਾਲ ਮੋਟਰਸਾਈਕਲ ’ਤੇ ਲੈ ਗਿਆ। ਮਗਰੋਂ ਮੋਟਰਸਾਈਕਲ ਪਿੰਡ ਕੋਲੋਂ ਲੰਘਦੀ ਨਹਿਰ ਨੇੜਿਓਂ ਮਿਲਿਆ। ਖ਼ੁਦਕੁਸ਼ੀ ਕਰਨ ਵਾਲਾ ਕਿਸਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦੀ ਮੌਤ ਤੋਂ ਬਾਅਦ ਪਿੱਛੇ ਪਰਿਵਾਰ ਵਿੱਚ ਉਸ ਦੀ 70 ਸਾਲਾ ਬਿਰਧ ਮਾਤਾ ਤੋਂ ਬਿਨਾਂ ਹੋਰ ਕੋਈ ਨਹੀਂ ਰਿਹਾ। ਮੌਕੇ ਉੱਤੇ ਪੁੱਜੇ ਜ਼ਿਲ੍ਹਾ ਪੁਲੀਸ ਮੁਖੀ ਦਰਸ਼ਨ ਸਿੰਘ ਮਾਨ ਨੇ ਕਿਹਾ ਕਿ ਮੁੱਢਲੀ ਪੜਤਾਲ ਤੋਂ ਇਹ ਮਾਮਲਾ ਖ਼ੁਦਕੁਸ਼ੀ ਦਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਨਹਿਰ ਵਿਚੋਂ ਲਾਸ਼ਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਸਮੁੱਚੇ ਮਾਮਲੇ ਦੀ ਪੜਤਾਲ ਜਾਰੀ ਹੈ।






ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੀ ਬਿਰਧ ਮਾਂ ਘਟਨਾ ਬਾਰੇ ਦੱਸਦੀ ਹੋਈ ਅਤੇ ਮਾਰੇ ਗਏ ਬੱਚਿਆਂ ਦੀ ਇਕ ਫਾਇਲ ਫੋਟੋ।

### ਪਿੰਡ ਬੁਜਾੜ ਦੇ ਕਿਸਾਨ ਨੇ ਵੀ ਕੀਤੀ ਖ਼ੁਦਕੁਸ਼ੀ

**ਫਿਲੌਰ :** ਇਥੋਂ ਨੇੜਲੇ ਪਿੰਡ ਬੁਜਾੜ ਦੇ ਕਿਸਾਨ ਨੇ ਕਰਜ਼ੇ ਦੀ ਵਧਦੀ ਪੰਡ ਤੋਂ ਤੰਗ ਆ ਕੇ ਖ਼ੁਦਕਸ਼ੀ ਕਰ ਲਈ। ਪੀੜਤ ਕਿਸਾਨ ਦੀ ਪਛਾਣ ਚਤਿੰਦਰ ਸਿੰਘ ਵਜੋਂ ਹੋਈ ਹੈ। ਉਹ ਪਿੰਡ ਬੁਜਾੜ ਤੇ ਪਿੰਡ ਝੰਗੀਆ ਮਹਾ ਸਿੰਘ ਦੀ ਸਾਂਝੀ ਪੰਚਾਇਤ ਦਾ ਸਰਪੰਚ ਸੀ। ਮ੍ਰਿਤਕ ਦੇ ਪੁੱਤਰ ਨੇ ਦੱਸਿਆ ਕਿ ਕਰਜ਼ੇ ਕਾਰਨ ਉਨ੍ਹਾਂ ਦਾ ਪਿਤਾ ਮਾਨਸਿਕ ਪ੍ਰੇਸ਼ਾਨੀ ਵਿੱਚ ਸੀ ਤੇ ਪਸ਼ੂਆਂ ਵਾਲੀ ਸ਼ੈੱਡ ਦੇ ਗਾਡਰ ਨਾਲ ਫਾਹਾ ਲੈ ਲਿਆ। ਪੀੜਤ ਕਿਸਾਨ ਸਿਰ 13 ਲੱਖ ਰੁਪਏ ਦਾ ਕਰਜ਼ਾ ਸੀ।

# ਟੈਂਕੀ ’ਤੇ ਚੜ੍ਹੇ ਈ.ਟੀ.ਟੀ. ਅਧਿਆਪਕ ਦੀਪਕ ਨੂੰ ਆਖ਼ਰ ਨਿਯੁਕਤੀ ਪੱਤਰ ਮਿਲਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਇੱਥੇ ਪੰਜਾਬ ਭਵਨ ਵਿਚਲੇ 100 ਫ਼ੁੱਟ ਉਚੇ ਟਾਵਰ ’ਤੇ ਚੜ੍ਹਿਆ ਬੇਰੁਜ਼ਗਾਰ ਦੀਪਕ ਕੁਮਾਰ ਫਾਜ਼ਿਲਕਾ ਸਰਕਾਰ ਕੋਲੋਂ ਨਿਯੁਕਤੀ ਪੱਤਰ ਹਾਸਲ ਕਰਨ ਮਗਰੋਂ 51 ਦਿਨਾਂ ਬਾਅਦ ਟਾਵਰ ਤੋਂ ਹੇਠਾਂ ਉਤਰ ਗਿਆ ਹੈ। ਪੰਜਾਬ ਸਰਕਾਰ ਪਿਛਲੇ ਕਈ ਦਿਨਾਂ ਤੋਂ ਦੀਪਕ ਨੂੰ ਨੌਕਰੀ ਦੇਣ ਦਾ ਭਰੋਸਾ ਦਿਵਾ ਕੇ ਹੇਠਾਂ ਉਤਾਰਨ ਲਈ ਯਤਨਸ਼ੀਲ ਸੀ ਪਰ ਉਸ ਨੇ ਦ੍ਰਿੜ੍ਹ ਨਿਸ਼ਚਾ ਕੀਤਾ ਸੀ ਕਿ ਉਹ ਨੌਕਰੀ ਹਾਸਲ ਕੀਤੇ ਬਿਨਾਂ ਹੇਠਾਂ ਨਹੀਂ ਉਤਰੇਗਾ। ਜਦੋਂ ਪੰਜਾਬ ਸਰਕਾਰ ਨੇ ਉਸ ਨੂੰ ਨਿਯੁਕਤੀ ਪੱਤਰ ਦੇਣ ਦਾ ਪੂਰਾ ਪ੍ਰਬੰਧ ਕੀਤਾ ਤਾਂ ਉਹ ਹੇਠਾਂ ਆਉਣ ਲਈ ਤਿਆਰ ਹੋ ਗਿਆ। ਈਟੀਟੀ ਟੈਟ ਪਾਸ ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਜਲਾਲਾਬਾਦ ਹਲਕੇ ਦੇ ਪਿੰਡਾਂ ਵਿਚਲੀਆਂ ਪਾਣੀ ਦੀਆਂ 15 ਟੈਂਕੀਆਂ ਅਤੇ ਇੱਥੇ ਪੰਜਾਬ ਭਵਨ ਦੇ ਟਾਵਰ ਉਪਰ ਚੜ੍ਹਾਏ 42 ਬੇਰੁਜ਼ਗਾਰ ਲੜਕੇ ਤੇ ਲੜਕੀਆਂ ਦੇ ਬਲਬੂਤੇ ਲੜੇ ਸੰਘਰਸ਼ ਵਿੱਚ ਹਾਈ ਕਰੋਟ ਵੱਲੋਂ ਦਿੱਤੇ ਗਏ ਦਖ਼ਲ ਸਦਕਾ ਸਿੱਖਿਆ ਵਿਭਾਗ ਨੂੰ ਨਿਯੁਕਤੀ ਪੱਤਰ ਦੇਣ ਲਈ ਮਜਬੂਰ ਹੋਣਾ ਪਿਆ ਹੈ। ਦੱਸਣਯੋਗ ਹੈ ਕਿ ਦੀਪਕ ਫਾਜ਼ਿਲਕਾ ਅਤੇ ਰਾਕੇਸ਼ ਗੁਰਦਾਸਪੁਰ 3 ਨਵੰਬਰ ਨੂੰ ਹਾਈ ਸੁਰੱਖਿਆ ਵਾਲੇ ਪੰਜਾਬ ਭਵਨ ਦੇ ਟਾਵਰ ਉਪਰ ਚੜ੍ਹ ਕੇ ਨੌਕਰੀਆਂ ਦੇਣ ਦਾ ਹੋਕਾ ਦਿੰਦੇ ਆ ਰਹੇ ਸਨ ਅਤੇ ਇਸ ਦੌਰਾਨ ਸ੍ਰੀ ਬਾਦਲ ਨਾਲ ਹੋਈਆਂ ਮੀਟਿੰਗਾਂ ਮੌਕੇ ਸਬੰਧਤ ਅਧਿਕਾਰੀ ਮੰਗਾਂ ਮੰਨਣ ਤੋਂ ਇਨਕਾਰੀ ਸਨ। ਇਸ ਤੋਂ ਬਾਅਦ ਜਦੋਂ ਪੰਜਾਬ-ਹਰਿਆਣਾ ਦੇ ਕੁਝ ਜੱਜਾਂ ਨੇ ਖੁਦ ਨੋਟਿਸ ਲੈ ਕੇ ਇਹ ਮਾਮਲਾ ਹਾਈ ਕੋਰਟ ਵਿਚ ਲਿਆਂਦਾ ਤਾਂ ਸਰਕਾਰ ਨੂੰ ਤੁਰੰਤ ਨੌਕਰੀਆਂ ਦੇਣ ਲਈ ਮਜਬੂਰ ਹੋਣਾ ਪਿਆ ਹੈ। ਇਸ ਤੋਂ ਪਹਿਲਾਂ ਟਾਵਰ ’ਤੇ ਚੜ੍ਹੇ ਰਾਕੇਸ਼ ਨੂੰ ਨਿਯੁਕਤੀ ਪੱਤਰ ਮਿਲਣ ’ਤੇ ਹੀ ਉਹ ਹੇਠਾਂ ਆਇਆ ਸੀ। ਈਟੀਟੀ ਟੈਟ ਪਾਸ ਕੁੱਲ 5360 ਦੇ ਕਰੀਬ ਉਮੀਦਵਾਰਾਂ ਵਿੱਚੋਂ ਸਰਕਾਰ ਵੱਲੋਂ ਹੁਣ ਤੱਕ ਪੰਜ ਹਜ਼ਾਰ ਬੇਰੁਜ਼ਗਾਰਾਂ ਨੂੰ ਨਿਯੁਕਤੀ ਪੱਤਰ ਦੇ ਦਿੱਤੇ ਗਏ ਹਨ ਜਦਕਿ ਹੁਣ ਕੇਵਲ 350 ਬੇਰੁਜ਼ਗਾਰ ਹੀ ਬਚੇ ਹਨ। ਹਾਈ ਕੋਰਟ ਵੱਲੋਂ ਸਮੂਹ 6505 ਖਾਲੀ ਅਸਾਮੀਆਂ ਭਰਨ ਦੇ ਆਦੇਸ਼ ਦਿੱਤੇ ਗਏ ਹਨ, ਜਿਸ ਕਾਰਨ ਇਨ੍ਹਾਂ 350 ਬੇਰੁਜ਼ਗਾਰਾਂ ਨੂੰ ਵੀ ਨੌਕਰੀ ਮਿਲਣ ਦੇ ਪੂਰੇ ਆਸਾਰ ਹਨ। ਅੱਜ ਈਟੀਟੀ ਟੈਟ ਪਾਸ ਬੇਰੁਜ਼ਗਾਰ ਯੂਨੀਅਨ ਦੇ ਸੂਬਾਈ ਪ੍ਰਧਾਨ ਅਮਰਜੀਤ ਸਿੰਘ ਕੰਬੋਜ ਅਤੇ ਮੁੱਖ ਆਗੂ ਕਮਲ ਠਾਕੁਰ ਨੂੰ ਵੀ ਸਿੱਖਿਆ ਵਿਭਾਗ ਨੇ ਨਿਯੁਕਤੀ ਪੱਤਰ ਦੇ ਦਿੱਤੇ ਹਨ। ਸ੍ਰੀ ਕੰਬੋਜ ਨੇ ਦੱਸਿਆ ਕਿ ਜਲਾਲਾਬਾਦ ਹਲਕੇ ਦੀਆਂ 12 ਟੈਂਕੀਆਂ ਤੋਂ ਵੀ ਬੇਰੁਜ਼ਗਾਰ ਨਿਯੁਕਤੀ ਪੱਤਰ ਮਿਲਣ ਤੋਂ ਬਾਅਦ ਹੇਠਾਂ ਉਤਰ ਆਏ ਹਨ ਪਰ ਜਿਹੜੇ ਛੇ ਬੇਰੁਜ਼ਗਾਰਾਂ (ਦੋ ਲੜਕੀਆਂ ਤੇ ਚਾਰ ਲੜਕਿਆਂ) ਨੂੰ ਹਾਲੇ ਨੌਕਰੀਆਂ ਨਹੀਂ ਮਿਲੀਆਂ, ਉਹ ਤਿੰਨ ਟੈਂਕੀਆਂ ਉਪਰ ਡਟੇ ਹੋਏ ਹਨ। ਇਸੇ ਤਰ੍ਹਾਂ ਪਿੰਡ ਬਾਦਲ ਨੇੜੇ ਬੇਰੁਜ਼ਗਾਰਾਂ ਦਾ ਚੱਲ ਰਿਹਾ ਧਰਨਾ ਵੀ ਸਮੂਹ ਬੇਰੁਜ਼ਗਾਰਾਂ ਨੂੰ ਨੌਕਰੀਆਂ ਦਿਵਾਉਣ ਤੱਕ ਜਾਰੀ ਰਹੇਗਾ।



ਮੋਬਾਈਲ ਟਾਵਰ ਤੋਂ ਪੁਲੀਸ ਵੱਲੋਂ ਉਤਾਰੇ ਗਏ ਈਟੀਟੀ ਅਧਿਆਪਕ ਦੀਪਕ ਆਪਣੇ ਸਾਥੀਆਂ ਨਾਲ

## ਕੈਨੇਡਾ ਵਿੱਚ ਗੁਰਦੁਆਰੇ ਉੱਤੇ ਬਣਾਇਆ ਸਵਾਸਤਿਕ ਦਾ ਨਿਸ਼ਾਨ ਅਤੇ ਕੀਤੀਆਂ ਘਟੀਆ ਟਿੱਪਣੀਆਂ

**ਟੋਰਾਂਟੋ/ਬਿਊਰੋ ਨਿਊਜ਼ :**
ਕੈਨੇਡਾ ਵਿੱਚ ਇਕ ਗੁਰਦੁਆਰੇ ਉਤੇ ਅਣਪਛਾਤੇ ਵਿਅਕਤੀਆਂ ਨੇ ਨਸਲੀ ਕੰਧ ਚਿੱਤਰ ਬਣਾ ਦਿੱਤਾ। ਇਹ ਕੰਧ ਚਿੱਤਰ ਅਲਬਰਟਾ ਸੂਬੇ ਦੇ ਕੈਲਗਰੀ ਸ਼ਹਿਰ ਦੀ 81ਵੀਂ ਸਟਰੀਟ ਵਿੱਚ ਸਥਿਤ ਗੁਰਦੁਆਰੇ ਦੀ ਇਮਾਰਤ ਦੇ ਅੰਦਰ ਤੇ ਬਾਹਰ ਛੇ ਥਾਵਾਂ ’ਤੇ ਨਜ਼ਰ ਆਉਂਦਾ ਹੈ।
‘ਕੈਲਗਰੀ ਹੈਰਲਡ’ ਦੀ ਰਿਪੋਰਟ ਅਨੁਸਾਰ ਪੁਲੀਸ ਨੇ ਇਸ ਬੁਰਛਾਗਰਦੀ ਦੀ ਜਾਂਚ ਲਈ ਕੰਧ ਚਿੱਤਰ ਮਾਹਰ ਅਤੇ ਨਸਲੀ ਅਪਰਾਧਾਂ ਨਾਲ ਨਜਿੱਠਣ ਵਾਲੇ ਮਾਹਰਾਂ ਨੂੰ ਸੱਦਿਆ ਹੈ। ਇਸ ਦੌਰਾਨ ਕੈਨੇਡਾ ਦੀ ਵਿਸ਼ਵ ਸਿੱਖ ਆਰਗੇਨਾਈਜੇਸ਼ਨ ਨੇ ਇਸ ‘ਨਸਲੀ ਬੁਰਛਾਗਰਦੀ’ ਦੀ ਘਟਨਾ ਦੀ ਨਿਖੇਧੀ ਕੀਤੀ ਹੈ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਚੌਕਸ ਰਹਿਣ ਤੇ ਗੁਰਦੁਆਰਿਆਂ ਦੁਆਲੇ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਦੀ ਤੁਰੰਤ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਲਈ ਕਿਹਾ ਹੈ। ਆਰਗੇਨਾਈਜੇਸ਼ਨ ਨੇ ਕਿਹਾ ਕਿ ਇਸ ਕੰਧ ਚਿੱਤਰ ਵਿੱਚ ਸਵਾਸਤਿਕ ਦਾ ਨਿਸ਼ਾਨ ਅਤੇ ਘਟੀਆ ਟਿੱਪਣੀਆਂ ਕੀਤੀਆਂ ਗਈਆਂ ਹਨ। ਜਥੇਬੰਦੀ ਦੇ ਅਲਬਰਟਾ ਸੂਬੇ ਦੇ ਮੀਤ ਪ੍ਰਧਾਨ ਤੇ ਕੈਲਗਰੀ ਵਾਸੀ ਤੇਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ, ਜਦੋਂ ਕੈਨੇਡਾ ਭਰ ਵਿੱਚ ਇਸਲਾਮੋਫੋਬੀਆ ਅਤੇ ਯਹੂਦੀ ਵਿਰੋਧੀ ਘਟਨਾਵਾਂ ਵੱਡੇ ਪੱਧਰ ’ਤੇ ਵਾਪਰ ਰਹੀਆਂ ਹਨ।

# ਪੰਜ ਪਿਆਰਿਆਂ ਵੱਲੋਂ ਅਕਾਲ ਤਖ਼ਤ ਤੱਕ ਫਤਹਿ ਮਾਰਚ




**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਪੰਜ ਪਿਆਰਿਆਂ ਵੱਲੋਂ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਸੰਗਤ ਦੇ ਸਹਿਯੋਗ ਨਾਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਫਤਹਿ ਮਾਰਚ ਕੱਢਿਆ ਗਿਆ, ਜੋ ਗੁਰਦੁਆਰਾ ਸ਼ਹੀਦਾਂ ਨੇੜੇ ਗੁਰਦੁਆਰਾ ਬਾਬਾ ਗਰਜਾ ਸਿੰਘ ਅਤੇ ਬਾਬਾ ਬੋਤਾ ਸਿੰਘ ਤੋਂ ਸ਼ੁਰੂ ਹੋਇਆ ਅਤੇ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਕੇ ਸਮਾਪਤ ਹੋਇਆ। ਇਸ ਦੌਰਾਨ ਪੰਜ ਪਿਆਰਿਆਂ ਦੀ ਆਮਦ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਚੌਕਸ ਦਿਖਾਈ ਦਿੱਤੇ।
ਪੰਜ ਪਿਆਰਿਆਂ ਸਤਨਾਮ ਸਿੰਘ ਖੰਡਾ, ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ, ਭਾਈ ਤਰਲੋਕ ਸਿੰਘ ਤੇ ਭਾਈ ਸਤਨਾਮ ਸਿੰਘ ਦੀ ਅਗਵਾਈ ਹੇਠ ਇਕੱਠੀਆਂ ਹੋਈਆਂ ਸਿੱਖ ਜਥੇਬੰਦੀਆਂ ਵਿੱਚ ਦਲ ਖਾਲਸਾ, ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ ਸੰਗਰਾਵਾਂ, ਸਿੱਖ ਯੂਥ ਆਫ ਪੰਜਾਬ ਫੈਡਰੇਸ਼ਨ ਪੀਰ ਮੁਹੰਮਦ, ਏਕ ਨੂਰ ਖਾਲਸਾ, ਅਕਾਲ ਖਾਲਸਾ ਦਲ, ਗੁਰੂ ਮਾਨਿਓ ਗ੍ਰੰਥ ਜਥਾ, ਖਾਲਸਾ ਪੰਚਾਇਤ ਤੇ ਭਾਈ ਧਰਮ ਸਿੰਘ ਖਾਲਸਾ ਟਰੱਸਟ ਸ਼ਾਮਲ ਸਨ। ਇਸ ਮੌਕੇ ਕੇਸਰੀ ਨਿਸ਼ਾਨ ਸਾਹਿਬ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਬੈਨਰ ਅਤੇ ਤਖ਼ਤੀਆਂ ਲੈ ਕੇ ਸਿੱਖ ਕਾਰਕੁਨ ਦਾ ਫਤਹਿ ਮਾਰਚ ਗੁਰਦੁਆਰਾ ਗਰਜਾ ਸਿੰਘ ਅਤੇ ਬਾਬਾ ਬੋਤਾ ਸਿੰਘ ਤੋਂ ਸ਼ੁਰੂ ਹੋਇਆ, ਜੋ ਵੱਖ ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਅਕਾਲ ਤਖ਼ਤ ਸਾਹਿਬ ਪੁੱਜਿਆ। ਇਸ ਮੌਕੇ ਪੰਜ ਪਿਆਰਿਆਂ ਨੇ ਸਿੱਖ ਜਥੇਬੰਦੀਆਂ ਨੂੰ ਨਸ਼ਿਆਂ ਵਿਰੁੱਧ ਡਟਣ ਦੀ ਅਪੀਲ ਕੀਤੀ। ਇਸ ਦੌਰਾਨ ਪੰਜ ਪਿਆਰੇ ਅਤੇ ਹੋਰ ਸਿੱਖ ਆਗੂ ਜਿਵੇਂ ਹੀ ਅਕਾਲ ਤਖ਼ਤ ’ਤੇ ਪੁੱਜੇ, ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਧੇਰੇ ਚੌਕਸ ਹੋ ਗਈ। ਟਾਸਕ ਫੋਰਸ ਦੇ ਕਰਮਚਾਰੀਆਂ ਨੇ ਅਕਾਲ ਤਖ਼ਤ ਦੇ ਸਾਹਮਣੇ ਵਾਰਾਂ ਗਾ ਰਹੇ ਕਵੀਸ਼ਰਾਂ ਕੋਲੋਂ ਮਾਈਕ ਲੈ ਲਿਆ। ਇਸ ਮੌਕੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਕੰਵਰਪਾਲ ਸਿੰਘ ਨੇ ਆਖਿਆ ਕਿ ਦਸਵੇਂ ਗੁਰੂ ਨੇ ਪੰਥ ਖ਼ਾਤਰ ਆਪਣਾ ਪਰਿਵਾਰ ਵਾਰ ਦਿੱਤਾ ਸੀ ਪਰ ਅੱਜ ਦੇ ਸਿੱਖ ਆਗੂ ਆਪਣੇ ਪਰਿਵਾਰਾਂ ਦੀ ਖ਼ਾਤਰ ਪੰਥ ਦਾ ਨੁਕਸਾਨ ਕਰ ਰਹੇ ਹਨ। ਇਸ ਫਤਹਿ ਮਾਰਚ ਵਿੱਚ ਸਾਬਕਾ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਕਰਨੈਲ ਸਿੰਘ ਪੀਰ ਮੁਹੰਮਦ ਤੇ ਬਾਬਾ ਰਾਮ ਸਿੰਘ ਵੀ ਸ਼ਾਮਲ ਸਨ।

# ਸਾਕਾ ਨੀਲਾ ਤਾਰਾ ਸਮੇਂ ਨੁਕਸਾਨੇ ਗਏ ਤੇਜਾ ਸਿੰਘ ਸਮੁੰਦਰੀ ਹਾਲ ਨੂੰ ਦਿੱਤਾ ਜਾ ਰਿਹੈ ਨਵਾਂ ਰੰਗ-ਰੂਪ

### ਫ਼ੌਜੀ ਹਮਲੇ ਸਮੇਂ ਇਮਾਰਤ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਯਾਦਗਾਰ ਵਜੋਂ ਸੰਭਾਲ ਕੇ ਰੱਖੇ ਜਾਣਗੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਸਮੇਂ ਨੁਕਸਾਨੇ ਗਏ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਨੂੰ 32 ਸਾਲ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਰੰਗ ਰੋਗਨ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਲਗਭਗ ਇੱਕ ਮਹੀਨੇ ਵਿੱਚ ਇਸ ਦਾ ਨਵਾਂ ਰੂਪ ਦਿਖਾਈ ਦੇਵੇਗਾ। ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਫ਼ੌਜੀ ਹਮਲੇ ਸਮੇਂ ਇਮਾਰਤ ਨੂੰ ਲੱਗੀਆਂ ਗੋਲੀਆਂ ਦੇ ਨਿਸ਼ਾਨ ਯਾਦਗਾਰ ਵਜੋਂ ਸੰਭਾਲ ਕੇ ਰੱਖੇ ਜਾਣਗੇ। ਤੇਜਾ ਸਿੰਘ ਸਮੁੰਦਰੀ ਹਾਲ, ਸ਼੍ਰੋਮਣੀ ਕਮੇਟੀ ਦਾ ਹੈੱਡਕੁਆਰਟਰ ਹੈ, ਜਿਸ ਵਿੱਚ ਸੰਸਦ ਲਈ ਚੁਣੇ ਨੁਮਾਇੰਦਿਆਂ ਦਾ ਇਕੱਤਰਤਾ ਹਾਲ ਅਤੇ ਵੱਖ-ਵੱਖ ਅਧਿਕਾਰੀਆਂ ਦੇ ਦਫ਼ਤਰ ਵੀ ਹਨ। ਅੰਤ੍ਰਿੰਗ ਕਮੇਟੀ ਵੱਲੋਂ ਲਏ ਫ਼ੈਸਲੇ ਦੇ ਮੱਦੇਨਜ਼ਰ ਇਸ ਇਮਾਰਤ ਨੂੰ ਲਗਭਗ 32 ਸਾਲਾਂ ਮਗਰੋਂ ਰੰਗ ਰੋਗਨ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਰੰਗ ਰੋਗਨ ਦਾ ਕੰਮ ਕਾਰ ਸੇਵਾ ਵਾਲੇ ਬਾਬਿਆਂ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਵੱਲੋਂ ਇਮਾਰਤ ਦੇ ਬਾਹਰੀ ਹਿੱਸੇ ਉੱਤੇ ਰੰਗ ਰੋਗਨ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਮੁਤਾਬਕ ਲਗਭਗ ਇੱਕ ਮਹੀਨੇ ਵਿੱਚ ਰੰਗ ਰੋਗਨ ਦਾ ਕੰਮ ਮੁਕੰਮਲ ਹੋ ਜਾਵੇਗਾ। ਸਾਕਾ ਨੀਲਾ ਤਾਰਾ ਮਗਰੋਂ ਇਸ ਇਕੱਲੀ ਇਮਾਰਤ ਨੂੰ ਹੋਏ ਨੁਕਸਾਨ ਦੀ ਮਿਸਾਲ ਵਜੋਂ ਸੰਭਾਲ ਕੇ ਰੱਖਿਆ ਹੋਇਆ ਸੀ। ਫ਼ੌਜੀ ਹਮਲੇ ਸਮੇਂ ਇਸ ਇਮਾਰਤ ਨੂੰ ਅੱਗ ਲੱਗ ਗਈ ਸੀ ਤੇ ਰਿਕਾਰਡ ਤਬਾਹ ਹੋ ਗਿਆ ਸੀ। ਇਮਾਰਤ ਨੂੰ ਗੋਲੀਬਾਰੀ ਦਾ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਕਾਰਨ ਇੱਥੇ ਗੋਲੀਬਾਰੀ ਦੇ ਵੱਡੀ ਗਿਣਤੀ ਵਿੱਚ ਨਿਸ਼ਾਨ ਹਨ। ਇਸ ਦੌਰਾਨ ਹੋਰ ਵੀ ਕਈ ਇਮਾਰਤਾਂ ਨੂੰ ਨੁਕਸਾਨ ਪੁੱਜਾ ਸੀ। ਇਸ ਪਿੱਛੋਂ ਕਈ ਇਮਾਰਤਾਂ ਦੀ ਮੁਰੰਮਤ ਹੋ ਚੁੱਕੀ ਹੈ ਪਰ ਤੇਜਾ ਸਿੰਘ ਸਮੁੰਦਰੀ ਹਾਲ ਜਿਵੇਂ ਦਾ ਤਿਵੇਂ ਰੱਖਿਆ ਹੋਇਆ ਸੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਇਮਾਰਤ ਨੂੰ ਹੋਏ ਨੁਕਸਾਨ ਤੇ ਗੋਲੀਬਾਰੀ ਦੇ ਨਿਸ਼ਾਨਾਂ ਦੀ ਫੋਟੋਗ੍ਰਾਫੀ ਅਤੇ ਵੀਡਿਓਗ੍ਰਾਫੀ ਕੀਤੀ ਗਈ ਹੈ। ਇਮਾਰਤ ਨੂੰ ਇਸ ਵੇਲੇ ਮੁਰੰਮਤ ਅਤੇ ਰੰਗ ਰੋਗਨ ਦੀ ਜ਼ਰੂਰਤ ਸੀ। ਇਸੇ ਲਈ ਅੰਤ੍ਰਿੰਗ ਕਮੇਟੀ ਵਿੱਚ ਮਾਮਲਾ ਵਿਚਾਰਨ ਮਗਰੋਂ ਰੰਗ ਰੋਗਨ ਦੀ ਪ੍ਰਵਾਨਗੀ ਦਿੱਤੀ ਗਈ। ਰੰਗ ਰੋਗਨ ਮਗਰੋਂ ਗੋਲੀਬਾਰੀ ਦੇ ਨਿਸ਼ਾਨਾਂ ਨੂੰ ਵਧੇਰੇ ਬੇਹਤਰੀ ਨਾਲ ਦਰਸਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਤੇਜਾ ਸਿੰਘ ਸਮੁੰਦਰੀ ਹਾਲ ਦਾ ਨਾਂ ਤੇਜਾ ਸਿੰਘ ਸਮੁੰਦਰੀ ਦੇ ਨਾਂ ਉੱਤੇ ਰੱਖਿਆ ਗਿਆ ਸੀ, ਜੋ ਨਾਮਵਰ ਸਿੱਖ ਵਿਦਵਾਨ ਸਨ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਅਹਿਮ ਰੋਲ ਨਿਭਾਇਆ ਸੀ। ਉਨ੍ਹਾਂ ਦਾ ਜਨਮ ਵੀਹ ਫਰਵਰੀ 1882 ਨੂੰ ਤਰਨ ਤਾਰਨ ਦੇ ਪਿੰਡ ਰਾਏਕਾ ਬੁਰਜ ਵਿੱਚ ਅਤੇ ਦੇਹਾਂਤ 17 ਜੁਲਾਈ 1926 ਨੂੰ ਹੋਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਿੱਖ ਵਿਦਵਾਨ ਦੀ ਯਾਦ ਨੂੰ ਸਦੀਵੀਂ ਬਣਾਈ ਰੱਖਣ ਲਈ ਸੰਸਥਾ ਦੇ ਹੈੱਡਕੁਆਰਟਰ ਦੀ ਮੁੱਖ ਇਮਾਰਤ ਨੂੰ ਇਹ ਨਾਂ ਦਿੱਤਾ ਗਿਆ ਸੀ। ਇਹ ਇਮਾਰਤ 1973 ਵਿੱਚ ਬਣਾਈ ਗਈ ਸੀ।



## ਸ਼੍ਰੋਮਣੀ ਕਮੇਟੀ ਨੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦਾ ਮਾਮਲਾ ਮੁੜ ਠੰਢੇ ਬਸਤੇ ਵਿੱਚ ਪਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਗੁਰਦੁਆਰਾ ਐਕਟ ਦੀ ਥਾਂ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਦਾ ਮਾਮਲਾ ਮੁੜ ਠੰਢੇ ਬਸਤੇ ਵਿੱਚ ਪਾ ਦਿੱਤਾ ਹੈ। ਇਸ ਦੌਰਾਨ ਸਿੱਖ ਸੰਸਥਾ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਹੋਈ ਜ਼ਮਾਨਤ ਨੂੰ ਰੱਦ ਕਰਾਉਣ ਲਈ ਕਾਨੂੰਨੀ ਚਾਰਾਜੋਈ ਕਰਨ ਦਾ ਵੀ ਮਨ ਬਣਾਇਆ ਹੈ। ਇਹ ਖ਼ੁਲਾਸਾ ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੀਤਾ ਹੈ। ਉਹ ਇੱਥੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਅਰਦਾਸ ਦਿਵਸ ਵਿੱਚ ਸ਼ਾਮਲ ਹੋਣ ਲਈ ਪੁੱਜੇ ਸਨ। ਪੱਤਰਕਾਰ ਸੰਮੇਲਨ ਦੌਰਾਨ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਪ੍ਰੋ. ਬਡੂੰਗਰ ਨੇ ਆਖਿਆ ਕਿ ਹੁਣ ਤੱਕ ਇਸ ਸਬੰਧ ਵਿੱਚ ਕਿਸੇ ਵੀ ਸਿੱਖ ਜਥੇਬੰਦੀ ਨੇ ਅਜਿਹੀ ਅਪੀਲ ਨਹੀਂ ਕੀਤੀ ਹੈ। ਜੇਕਰ ਕੋਈ ਅਜਿਹੀ ਅਪੀਲ ਆਈ ਤਾਂ ਸ਼੍ਰੋਮਣੀ ਕਮੇਟੀ ਇਸ ਮੁੱਦੇ ’ਤੇ ਵਿਚਾਰ ਕਰੇਗੀ। ਉਨ੍ਹਾਂ ਦੱਸਿਆ ਕਿ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਣਾਉਣ ਲਈ ਉਨ੍ਹਾਂ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਯਤਨ ਕੀਤਾ ਸੀ। ਉਸ ਵੇਲੇ ਇਸ ਐਕਟ ਦੀ ਲੋੜ ਵੀ ਮਹਿਸੂਸ ਕੀਤੀ ਗਈ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਤਿੰਨ ਜੱਜਾਂ ’ਤੇ ਆਧਾਰਤ ਇੱਕ ਕਮੇਟੀ ਬਣਾਈ ਗਈ ਸੀ, ਜਿਸ ਨੇ ਐਕਟ ਦਾ ਖਰੜਾ ਵੀ ਤਿਆਰ ਕੀਤਾ ਸੀ। ਇਸ ਦੌਰਾਨ ਉਨ੍ਹਾਂ ਦਾ ਕਾਰਜਕਾਲ ਖ਼ਤਮ ਹੋ ਗਿਆ ਅਤੇ ਕਿਸੇ ਨੇ ਇਸ ਸਬੰਧੀ ਅਗਾਂਹ ਕੋਈ ਕੰਮ ਨਾ ਕੀਤਾ, ਜਿਸ ਕਾਰਨ ਇਹ ਮਾਮਲਾ ਵਿਚਾਲੇ ਹੀ ਰੁਕ ਗਿਆ ਸੀ। ਇਸ ਮਾਮਲੇ ਨੂੰ ਮੁੜ ਉਭਾਰਨ ਬਾਰੇ ਸਵਾਲ ਦਾ ਉਤਰ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਥ ਦੀਆਂ ਭਾਵਨਾਵਾਂ ਮੁਤਾਬਕ ਹੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਇਸ ਸਬੰਧ ਵਿੱਚ ਕਿਸੇ ਵੀ ਸਿੱਖ ਜਥੇਬੰਦੀ ਨੇ ਅਜਿਹੀ ਕੋਈ ਅਪੀਲ ਨਹੀਂ ਕੀਤੀ ਹੈ। ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਮਿਲੀ ਜ਼ਮਾਨਤ ’ਤੇ ਪ੍ਰੋ. ਬਡੂੰਗਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਕੇਸ ਸਬੰਧੀ ਦਸਤਾਵੇਜ਼ ਮੰਗਵਾਏਗੀ ਅਤੇ ਕਾਨੂੰਨੀ ਰਾਇ ਲੈ ਕੇ ਉਸ ਦੀ ਜ਼ਮਾਨਤ ਰੱਦ ਕਰਾਉਣ ਲਈ ਕਾਨੂੰਨੀ ਚਾਰਾਜੋਈ ਕਰੇਗੀ।



# ਦਰਬਾਰ ਸਾਹਿਬ ਵਿੱਚ ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਨੂੰ ਆਡੀਓ-ਵਿਜ਼ੂਆਲ ਰਾਹੀਂ ਦਿੱਤੀ ਜਾਵੇਗੀ ਸਿੱਖ ਇਤਿਹਾਸ ਦੀ ਜਾਣਕਾਰੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ ਨੂੰ ਹੁਣ ਨਵਾਂ ਅਹਿਸਾਸ ਹੋਵੇਗਾ ਜਦੋਂ ਉਨ੍ਹਾਂ ਨੂੰ ਗੁਰੂ ਘਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਆਡੀਓ-ਵਿਜ਼ੂਅਲ ਰਾਹੀਂ ਸਿੱਖ ਗੁਰੂਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਜਾਣਕਾਰੀ ਮਿਲ ਜਾਵੇਗੀ।
ਸ੍ਰੀ ਹਰਿਮੰਦਰ ਸਾਹਿਬ ਪ੍ਰਵੇਸ਼ ਦੁਆਰ ਪਲਾਜ਼ਾ ਦੇ ਦੂਜੇ ਪੜਾਅ ਹੇਠ ਜ਼ਮੀਨ-ਦੋਜ਼ ਹਿੱਸੇ ਵਿੱਚ ਵਿਆਖਿਆ ਕੇਂਦਰ ਦੀ ਸ਼ੁਰੂਆਤ ਹੋ ਗਈ ਹੈ। ਪਹਿਲੇ ਦਿਨ ਲਗਭਗ 5 ਹਜ਼ਾਰ ਯਾਤਰੂਆਂ ਨੇ ਇਸ ਵਿਆਖਿਆ ਕੇਂਦਰ ਦੀਆਂ ਚਾਰ ਗੈਲਰੀਆਂ ਵਿੱਚ ਗੁਰੂਆਂ ਦੇ ਇਤਿਹਾਸ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸ਼ਰਧਾਲੂਆਂ ਨੇ ਸੈਰ-ਸਪਾਟਾ ਵਿਭਾਗ ਦੇ ਇਸ ਨਿਵੇਕਲੇ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਨੂੰ ਜਾਣਨ ਬਾਰੇ ਕਦੇ ਅਜਿਹਾ ਮੌਕਾ ਨਹੀਂ ਮਿਲਿਆ ਸੀ। ਪਲਾਜ਼ਾ ਦੇ ਜ਼ਮੀਨ-ਦੋਜ਼ ਹਿੱਸੇ ਵਿੱਚ ਸੈਰ-ਸਪਾਟਾ ਵਿਭਾਗ ਵੱਲੋਂ ਲਗਭਗ 35 ਕਰੋੜ ਰੁਪਏ ਦੀ ਲਾਗਤ ਨਾਲ ਇਹ ਵਿਆਖਿਆ ਕੇਂਦਰ (ਇੰਟਰਪ੍ਰੇਟੇਸ਼ਨ ਸੈਂਟਰ) ਸਥਾਪਿਤ ਕੀਤਾ ਗਿਆ ਹੈ, ਜਿਸ ਦੀਆਂ ਚਾਰ ਗੈਲਰੀਆਂ ਹਨ। ਇਨ੍ਹਾਂ ਗੈਲਰੀਆਂ ਨੂੰ ‘ਜੋਤ ਮੇਂ ਜੋਤ’, ‘ਹਿਸਟਰੀ ਆਫ਼ ਦਰਬਾਰ ਸਾਹਿਬ’, ‘ਦਰਬਾਰ ਸਾਹਿਬ ਵਿੱਚ ਇਕ ਦਿਨ’ ਅਤੇ ‘ਬਾਣੀ ਗੁਰੂ ਗੁਰੂ ਹੈ ਬਾਣੀ’ ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਗੈਲਰੀਆਂ ਵਿੱਚੋਂ ਇੱਕ ਗੈਲਰੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਵਿਸ਼ਾਲ ਮਾਡਲ ਵੀ ਸਥਾਪਤ ਹੈ, ਜਿਸ ਵਿੱਚ ਹਰ ਇੱਕ ਚੀਜ਼ ਜ਼ਿੰਦਾ ਰੂਪ ਵਿੱਚ ਦਿਖਾਈ ਦਿੰਦੀ ਹੈ।



ਵਿਭਾਗ ਦੇ ਐਕਸੀਅਨ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਹ ਵਿਆਖਿਆ ਕੇਂਦਰ ਰੋਜ਼ 9 ਤੋਂ 5 ਵਜੇ ਤੱਕ ਇੱਥੇ ਆਉਣ ਵਾਲੇ ਯਾਤਰੂਆਂ ਨੂੰ ਗੁਰ-ਇਤਿਹਾਸ ਬਾਰੇ ਜਾਣੂ ਕਰਵਾਇਆ ਜਾਵੇਗਾ। ਵਿਆਖਿਆ ਕੇਂਦਰ ਦੇ ਸਮੁੱਚੇ ਕੰਮਕਾਜ ਲਈ ਲਗਭਗ 100 ਕਰਮਚਾਰੀ ਤਾਇਨਾਤ ਕੀਤੇ ਗਏ ਹਨ, ਜੋ ਇਸ ਦੀ ਸੁਰੱਖਿਆ, ਸਾਂਭ-ਸੰਭਾਲ ਅਤੇ ਯਾਤਰੂਆਂ ਨੂੰ ਜਾਣਕਾਰੀ ਦੇਣ ਲਈ ਸਹੂਲਤ ਮੁਹੱਈਆ ਕਰਨਗੇ। ਉਨ੍ਹਾਂ ਆਖਿਆ ਕਿ ਯਾਤਰੂਆਂ ਨੂੰ ਗੁਰੂ ਘਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਇਸ ਦੇ ਇਤਿਹਾਸ ਅਤੇ ਮਹਾਨਤਾ ਬਾਰੇ ਜਾਣਕਾਰੀ ਮਿਲ ਜਾਵੇਗੀ। ਪਹਿਲੇ ਦਿਨ ਸੈਰ-ਸਪਾਟਾ ਵਿਭਾਗ ਦੇ ਡਾਇਰੈਕਟਰ ਨਵਜੋਤਪਾਲ ਸਿੰਘ ਰੰਧਾਵਾ ਤੇ ਹੋਰ ਅਮਲਾ ਵੀ ਹਾਜ਼ਰ ਸੀ। ਵਿਆਖਿਆ ਕੇਂਦਰ ਦਾ ਇਹ ਡਿਜ਼ਾਈਨ ਪ੍ਰਮੁੱਖ ਡਿਜ਼ਾਈਨਰ ਅਮਰ ਬਹਿਲ ਵੱਲੋਂ ਤਿਆਰ ਕੀਤਾ ਗਿਆ ਹੈ।
ਪਹਿਲੀ ਗੈਲਰੀ ‘ਜੋਤ ਮੇਂ ਜੋਤ’ ਵਿੱਚ ਇੱਕ ਪਿਰਾਮਿਡ ਬਣਾਇਆ ਗਿਆ ਹੈ, ਜਿਸ ਉਪਰ ਪ੍ਰਾਜੈਕਟਰ ਰਾਹੀਂ ਗੁਰ-ਇਤਿਹਾਸ ਦਰਸਾਇਆ ਗਿਆ ਹੈ। ਦੂਜੀ ਗੈਲਰੀ ਵਿੱਚ 3-ਡੀ ਰਾਹੀਂ 270 ਡਿਗਰੀ ’ਤੇ 3 ਕੰਧਾਂ ਉਪਰ ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਦਿਖਾਇਆ ਗਿਆ ਹੈ। ਇਹ ਇਤਿਹਾਸ ਇਥੋਂ ਦੀ ਪੁਰਾਤਨ ਬੇਰੀ ਦਸਦੀ ਹੈ, ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੋਂ ਲੈਕੇ ਹੁਣ ਤੱਕ ਦੇ ਸਮੇਂ ਦੀ ਗਵਾਹ ਹੈ। ਤੀਜੀ ਗੈਲਰੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਦਿਨ ਦੀ ਗਤੀਵਿਧੀ ਨੂੰ ਦਿਖਾਇਆ ਗਿਆ ਹੈ। ਇਥੇ ਹੀ ਸ੍ਰੀ ਹਰਿਮੰਦਰ ਸਾਹਿਬ ਦਾ ਵਿਸ਼ਾਲ ਮਾਡਲ ਵੀ ਰੱਖਿਆ ਗਿਆ ਹੈ।
ਦੱਸਣਯੋਗ ਹੈ ਕਿ ਇਸ ਦੂਜੇ ਪੜਾਅ ਦਾ ਉਦਘਾਟਨ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ ਅਕਤੂਬਰ ਵਿੱਚ ਕੀਤਾ ਸੀ, ਪਰ ਇਹ ਪੂਰੀ ਤਰ੍ਹਾਂ ਸ਼ੁਰੂ ਨਹੀਂ ਹੋ ਸਕਿਆ ਸੀ।

# ਯੂ.ਐਨ. ਤਾਂ ਮਹਿਜ਼ ਗੱਪਾਂ ਮਾਰਨ ਵਾਲਾ ਕਲੱਬ ਬਣ ਗਿਐ : ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਨੂੰ ਕਰੜੇ ਹੱਥੀਂ ਲੈਂਦਿਆਂ ਇਸ ਆਲਮੀ ਸੰਸਥਾ ਨੂੰ 'ਲੋਕਾਂ ਲਈ ਗੱਲਾਂ ਮਾਰਨ ਅਤੇ ਚੰਗਾ ਸਮਾਂ ਬਿਤਾਉਣ ਵਾਲਾ ਕਲੱਬ ਦੱਸਿਆ ਹੈ'। ਟਰੰਪ ਨੇ ਟਵੀਟ ਕੀਤਾ, 'ਯੂਐਨ ਬੇਹੱਦ ਸੰਭਾਵਨਾ ਭਰਪੂਰ ਸੰਸਥਾ ਹੈ ਪਰ ਮੌਜੂਦਾ ਸਮੇਂ ਇਹ ਮਹਿਜ਼ ਲੋਕਾਂ ਲਈ ਮਿਲਣ-ਗਿਲਣ, ਗੱਲਾਂ ਮਾਰਨ ਅਤੇ ਸੋਹਣਾ ਸਮਾਂ ਬਿਤਾਉਣ ਵਾਲਾ ਕਲੱਬ ਬਣ ਕੇ ਰਹਿ ਗਈ ਹੈ। ਇਹ ਬੇਹੱਦ ਨਿਰਾਸ਼ਾਜਨਕ ਹੈ।' ਟਰੰਪ ਦੀਆਂ ਇਹ ਟਿੱਪਣੀਆਂ ਰਾਸ਼ਟਰਪਤੀ ਬਰਾਕ ਓਬਾਮਾ ਦੇ ਪੱਛਮੀ ਕਿਨਾਰੇ ਅਤੇ ਯੇਰੂਸ਼ਲਮ ਦੇ ਕੁੱਝ ਹਿੱਸਿਆਂ ਵਿੱਚ ਇਸਰਾਈਲ ਦੀਆਂ ਨਾਜਾਇਜ਼ ਬਸਤੀਆਂ ਖ਼ਿਲਾਫ਼ ਯੂਐਨ ਸੁਰੱਖਿਆ ਕੌਂਸਲ ਵਿਚ ਨਿੰਦਾ ਪ੍ਰਸਤਾਵ ਉਤੇ ਮਤਦਾਨ ਵਿੱਚ ਸ਼ਾਮਲ ਨਾ ਹੋਣ ਦੇ ਫ਼ੈਸਲੇ ਬਾਅਦ ਆਈਆਂ ਹਨ। ਅਮਰੀਕਾ ਦਾ ਮਤਦਾਨ ਵਿੱਚ ਸ਼ਾਮਲ ਨਾ ਹੋਣਾ ਨੀਤੀ ਵਿੱਚ ਉਸ ਇਤਿਹਾਸਕ ਬਦਲਾਅ ਦਾ ਸੰਕੇਤ ਹੈ ਜਿਸ ਤਹਿਤ ਪ੍ਰਸਤਾਵ ਪਾਸ ਹੋਣ ਨੂੰ ਮਨਜ਼ੂਰੀ ਮਿਲ ਜਾਂਦੀ ਹੈ। ਮਤਦਾਨ ਤੋਂ ਪਹਿਲਾਂ ਟਰੰਪ ਨੇ ਜਨਤਕ ਤੌਰ 'ਤੇ ਅਮਰੀਕਾ ਨੂੰ ਕਿਹਾ ਸੀ ਕਿ ਉਹ ਪ੍ਰਸਤਾਵ ਨੂੰ ਵੀਟੋ ਕਰੇ। 'ਵਾਸ਼ਿੰਗਟਨ ਪੋਸਟ' ਮੁਤਾਬਕ ਟਰੰਪ ਦਾ ਟਵੀਟ ਇਸ ਗੱਲ ਦਾ ਸੰਕੇਤ ਹੈ ਕਿ ਉਹ ਕਾਰਜਭਾਰ ਸੰਭਾਲਣ ਬਾਅਦ ਪੱਛਮੀ ਏਸ਼ੀਆ ਪ੍ਰਤੀ 71 ਸਾਲਾਂ ਤੋਂ ਵੀ ਵੱਧ ਪੁਰਾਣੇ ਇਸ ਸੰਸਥਾਨ ਦੇ ਰੁਖ਼ ਨੂੰ ਚੁਣੌਤੀ ਦੇਵੇਗਾ। ਟਰੰਪ ਪਹਿਲਾਂ ਹੀ ਕਹਿ ਚੁੱਕਾ ਹੈ ਕਿ 20 ਜਨਵਰੀ ਬਾਅਦ ਯੂਐਨ ਵਿੱਚ ਬਹੁਤ ਸਾਰੀਆਂ ਚੀਜ਼ਾਂ ਬਦਲਣ ਵਾਲੀਆਂ ਹਨ। ਜ਼ਿਕਰਯੋਗ ਹੈ ਕਿ ਟਰੰਪ ਨੇ ਦੱਖਣੀ ਕੈਰੋਲਾਈਨਾ ਦੀ ਗਵਰਨਰ ਨਿੱਕੀ ਹੇਲੀ ਨੂੰ ਯੂਐਨ ਵਿੱਚ ਅਮਰੀਕਾ ਦੀ ਰਾਜਦੂਤ ਨਿਯੁਕਤ ਕੀਤਾ ਹੈ।



### "ਮੈਨੂੰ ਤਾਂ ਓਬਾਮਾ ਵੀ ਨਹੀਂ ਸੀ ਹਰਾ ਸਕਦਾ"

ਟਰੰਪ ਦਾ ਕਹਿਣਾ ਹੈ ਕਿ ਇਸ ਵਾਰ ਰਾਸ਼ਟਰਪਤੀ ਦੀ ਚੋਣ ਵਿੱਚ ਉਸ ਨੂੰ ਬਰਾਕ ਓਬਾਮਾ ਵੀ ਨਹੀਂ ਹਰਾ ਸਕਦਾ ਸੀ। ਟਰੰਪ ਨੇ ਟਵੀਟ ਕੀਤਾ, 'ਰਾਸ਼ਟਰਪਤੀ ਓਬਾਮਾ ਨੇ ਕਿਹਾ ਹੈ ਕਿ ਉਹ ਸੋਚਦਾ ਹੈ ਕਿ ਉਹ ਮੇਰੇ ਖ਼ਿਲਾਫ਼ ਜਿੱਤ ਜਾਂਦਾ। ਉਹ ਇਹ ਕਹਿ ਸਕਦਾ ਹੈ ਪਰ ਮੈਂ ਕਹਿੰਦਾ ਹਾਂ ਬਿਲਕੁਲ ਵੀ ਨਹੀਂ!'

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਹੋਏ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਅਤੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਅੰਦਰ 10 ਲੱਖ ਦੀ ਮੁਗ਼ਲ ਫੌਜ ਦੇ ਨਾਲ ਲੋਹਾ ਲੈਂਦੇ ਜੋ ਸਿੰਘ ਸ਼ਹੀਦ ਹੋ ਗਏ ਸਨ, ਉਨ੍ਹਾਂ ਸਮੂਹ ਸ਼ਹੀਦਾਂ ਦੀ ਯਾਦ ਵਿਚ ਵਿਸ਼ੇਸ਼ ਦੀਵਾਨ ਸਜਾਏ ਗਏ। ਸ਼ੁਕਰਵਾਰ 23 ਦਸੰਬਰ ਤੋਂ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ 25 ਦਸੰਬਰ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਭਾਈ ਰਜਿੰਦਰ ਸਿੰਘ ਜਲੰਧਰ ਵਾਲੇ ਅਤੇ ਭਾਈ ਜੋਗਿੰਦਰ ਸਿੰਘ ਇੰਦੌਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਰਾਹੀਂ ਹਾਜ਼ਰੀ ਲਗਵਾਈ ਗਈ। ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਕਥਾ ਰਾਹੀਂ ਸ੍ਰੀ ਆਨੰਦਪੁਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੇ ਪਾਉਣ ਤੋਂ ਲੈ ਕੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਸਿੰਘਾਂ ਵਲੋਂ ਸ਼ਹੀਦੀਆਂ ਪਾਏ ਜਾਣ ਤੱਕ ਅਤੇ ਗੁਰੂ ਸਾਹਿਬ ਜੀ ਦਾ ਉਥੋਂ ਤਾੜੀ ਮਾਰ ਕੇ ਨਿਕਲ ਜਾਣ ਤੱਕ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ।

# ਬਸਪਾ ਦੇ ਖਾਤੇ 'ਚ 104 ਕਰੋੜ ਤੇ ਮਾਇਆਵਤੀ ਦੇ ਭਰਾ ਦੇ ਖਾਤੇ 'ਚ ਜਮ੍ਹਾ ਹੋਏ 1.43 ਕਰੋੜ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਦਿੱਲੀ ਸਥਿਤ ਯੂਨੀਅਨ ਬੈਂਕ ਆਫ਼ ਇੰਡੀਆ ਦੇ ਕਰੋਲਬਾਗ ਬ੍ਰਾਂਚ 'ਤੇ ਛਾਪਾ ਮਾਰਿਆ। ਸੂਤਰਾਂ ਅਨੁਸਾਰ ਛਾਪੇ ਦੌਰਾਨ ਈ.ਡੀ. ਨੇ ਬਸਪਾ ਦੇ ਇਕ ਖਾਤੇ ਵਿਚ 104 ਕਰੋੜ ਰੁਪਏ ਤੇ ਮਾਇਆਵਤੀ ਦੇ ਭਰਾ ਆਨੰਦ ਕੁਮਾਰ ਦੇ ਖਾਤੇ ਵਿਚੋਂ 1.43 ਕਰੋੜ ਦਾ ਡਿਪਾਜ਼ਿਟ ਫੜਿਆ ਹੈ। ਰਾਸ਼ੀ 8 ਨਵੰਬਰ ਨੂੰ ਨੋਟਬੰਦੀ ਬਾਅਦ ਖਾਤਿਆਂ ਵਿਚ ਜਮ੍ਹਾਂ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਈ.ਡੀ. ਦੀ ਟੀਮ ਨੋਟਬੰਦੀ ਦੇ ਬਾਅਦ ਖਾਤਿਆਂ ਵਿਚ ਜਮ੍ਹਾ ਹੋਈ ਰਕਮ ਦੀ ਰੋਜ਼ਾਨਾ ਜਾਂਚ ਨਾਲ ਵੱਡੀ ਰਕਮ ਦੇ ਜਮ੍ਹਾ ਹੋਣ ਦਾ ਖੁਲਾਸਾ ਹੋਇਆ।

ਸਫ਼ਾ ਇਕ ਦੀ ਬਾਕੀ

## ਅਰਦਾਸ ਦਾ 'ਭਗਵਾਂਕਰਨ', ਸਿੱਖ ਹਲਕਿਆਂ 'ਚ ਰੋਹ

'ਪ੍ਰਥਮ ਭਗੌਤੀ ਸਿਮਰੀਏ' ਦੀ ਥਾਂ 'ਸ੍ਰੀ ਦੁਰਗਾ ਭਗਵਤੀ ਸਿਮਰੀਏ ਘਰ ਨਾਉ ਨਿਧੁ ਆਵੇ ਧਾਏ' ਕਿਹਾ ਗਿਆ। 'ਧਿਆਨ ਧਰ ਬੋਲਣਾ ਜੀ ਵਾਹਿਗੁਰੂ' ਦੀ ਥਾਂ 'ਸ੍ਰੀ ਰਾਮ ਸ੍ਰੀ ਰਾਮ ਸ੍ਰੀ ਰਾਮ' ਆਖਿਆ ਜਾਂਦਾ ਹੈ। ਸਿੱਖ ਸ਼ਹੀਦਾਂ ਦੀ ਥਾਂ 'ਜਿਨ੍ਹਾਂ ਧਰਮ ਵੀਰਾਂ ਨੇ ਸਨਾਤਨ ਧਰਮ ਦੀ ਰੱਖਿਆ ਲਈ ਸੀਸ ਕਟਵਾਏ, ਤਨ ਆਰਿਆਂ ਨਾਲ ਚੀਰਾਏ, ਚਰਖੜੀਆਂ 'ਤੇ ਚੜ੍ਹਾਏ ਗਏ, ਬੋਲੋ ਜੀ ਜੈ ਸ੍ਰੀ ਰਾਮ' ਸ਼ਾਮਲ ਹੈ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਆਦੇਸ਼ ਦਿੱਤਾ ਹੈ ਕਿ ਇਸ ਕਲਿਪ ਦੀ ਪੂਰੀ ਵੀਡਿਓ ਮੰਗਵਾ ਕੇ ਪੜਤਾਲ ਕਰਨ। ਇਹ ਵੀ ਦੇਖਣ ਕਿ ਇਸ ਵਿਚ ਕੌਣ-ਕੌਣ ਸ਼ਾਮਲ ਹੈ ਤੇ ਰਿਪੋਰਟ ਸ੍ਰੀ ਅਕਾਲ ਤਖ਼ਤ ਨੂੰ ਭੇਜੀ ਜਾਵੇ। ਉਨ੍ਹਾਂ ਆਖਿਆ ਕਿ ਮਾਮਲਾ ਪੰਜ ਸਿੰਘ ਸਾਹਿਬਾਨ ਨਾਲ ਵਿਚਾਰ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਖਿਆ, "ਸਿੱਖਾਂ ਦੀ ਨਿੱਤ ਦੀ ਅਰਦਾਸ ਨੂੰ ਵਿਗਾੜ ਕੇ ਸਿੱਖ ਧਰਮ ਵਿਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।" ਉਨ੍ਹਾਂ ਸਖ਼ਤ ਤਾੜਨਾ ਕੀਤੀ ਹੈ ਕਿ ਇਸ ਤਰ੍ਹਾਂ ਦੀਆਂ ਆਪਹੁਦਰੀਆਂ ਕਾਰਵਾਈਆਂ ਤੋਂ ਗੁਰੇਜ਼ ਕੀਤੀ ਜਾਵੇ, ਜੋ 'ਦੋਵਾਂ ਧਰਮਾਂ' ਵਿਚ' ਖਟਾਸ ਪੈਦਾ ਕਰਨਗੀਆਂ ਅਤੇ ਸਿੱਟੇ ਭਿਆਨਕ ਨਿਕਲਣਗੇ। ਉਨ੍ਹਾਂ ਆਖਿਆ, "ਅਕਾਲੀ ਆਗੂ ਨੇ ਗੁਰਮਤਿ ਨੂੰ ਛੱਡ ਕੇ ਆਪਣੀ ਸ਼ੁਹਰਤ ਲਈ ਮਨਮਤੀ ਕਾਰਵਾਈ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪੁਚਾਈ ਹੈ।" ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਇਹ ਸਿੱਖ ਧਰਮ ਦੀ ਅਰਦਾਸ ਦੀ ਨਕਲ ਹੈ ਅਤੇ ਅਜਿਹਾ ਕਰਕੇ ਅਰਦਾਸ ਦਾ ਮਜ਼ਾਕ ਬਣਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਸਮਾਗਮ ਵਿਚ ਸ਼ਾਮਲ ਸਿੱਖ ਆਗੂਆਂ ਖ਼ਿਲਾਫ਼ ਵੀ ਕਾਰਵਾਈ ਹੋਣੀ ਚਾਹੀਦੀ ਹੈ, ਜਿਨ੍ਹਾਂ ਨੇ ਵਿਰੋਧ ਨਹੀਂ ਕੀਤਾ ਤੇ ਸਰਕਾਰ ਨੂੰ ਵੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਵਿੱਚ ਇਕ ਧਰਮ ਦਾ ਮਜ਼ਾਕ ਉਡਾਇਆ ਗਿਆ ਹੈ, ਜੋ ਗੰਭੀਰ ਅਪਰਾਧ ਹੈ। ਉਨ੍ਹਾਂ ਕਾਰਵਾਈ ਵਾਸਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਮੁੱਖ ਸਕੱਤਰ ਨੂੰ ਵੀਡੀਓ ਭੇਜੀ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਕਿਸੇ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕਿਸੇ ਹੋਰ ਗ੍ਰੰਥ ਦਾ ਅਖੰਡ ਪਾਠ ਕਰਨ ਦੀ ਗੁਰਮਤਿ ਮੁਤਾਬਕ ਆਗਿਆ ਨਹੀਂ ਹੈ। ਇਸੇ ਤਰ੍ਹਾਂ ਇਹ ਸਿੱਖ ਧਰਮ ਦੀ ਅਰਦਾਸ ਦੀ 'ਪੈਰੋਡੀ' ਹੈ, ਜੋ ਕਿ ਸਖ਼ਤ ਇਤਰਾਜ਼ਯੋਗ ਹੈ। ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਇਹ ਮੰਦਭਾਗਾ ਹੈ ਕਿ ਅਕਾਲੀਆਂ ਵਲੋਂ ਹੀ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਆਦਮਪੁਰ ਹਵਾਈ ਅੱਡੇ 'ਤੇ ਵੀ ਅਕਾਲੀ ਦਲ ਦੇ ਪ੍ਰਧਾਨ ਨੇ ਭੂਮੀ ਪੂਜਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਆਖਿਆ ਕਿ ਸਿੱਖਾਂ ਨੂੰ ਭੁਲੇਖਾ ਪਾਉਣ ਲਈ ਅਜਿਹੀ ਅਰਦਾਸ ਤਿਆਰ ਕੀਤੀ ਗਈ ਹੈ।

**ਪਟਿਆਲਾ :** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਾਜ਼ਰੀ ਵਿਚ ਸਿੱਖ ਅਰਦਾਸ ਨੂੰ ਹੋਰ ਰੂਪ ਵਿਚ ਪੇਸ਼ ਕੀਤੇ ਜਾਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਨੇ ਸਮੁੱਚੇ ਸਿੱਖ ਜਗਤ ਨੂੰ ਸ਼ਰਮਸਾਰ ਕਰ ਦਿੱਤਾ ਹੈ।

### ਮਲੂਕਾ ਦੀ ਸਫ਼ਾਈ- ਮੈਨੂੰ ਕੋਈ ਜਾਣਕਾਰੀ ਨਹੀਂ



ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਆਖਿਆ ਕਿ ਰਮਾਇਣ ਦਾ ਪਾਠ ਸ਼ਹਿਰ ਵਾਸੀਆਂ ਵਲੋਂ ਆਪਣੇ ਤੌਰ 'ਤੇ ਕਰਾਇਆ ਗਿਆ, ਜਿਸ ਵਿਚ ਇਹ ਅਰਦਾਸ ਕੀਤੀ ਗਈ। ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਅਰਦਾਸ ਦਸ ਸਾਲਾਂ ਤੋਂ ਕੀਤੀ ਜਾ ਰਹੀ ਹੈ, ਜੋ ਲਿਖਤੀ ਰੂਪ ਵਿਚ ਵੀ ਪ੍ਰਕਾਸ਼ਤ ਹੈ।

# ਕੀ ਹਿੰਦੂਆਂ ਨੇ ਬਦਲ ਲਿਐ 'ਗਾਇਤਰੀ ਮੰਤਰ'

ਸਿੱਖ ਧਰਮ ਵਿਰੋਧੀ ਇਸ ਇਤਰਾਜ਼ਯੋਗ ਕਾਰਵਾਈ ਨਾਲ ਭਾਰਤ ਦੀ ਦਿਨੋਂ ਦਿਨ ਨਿੱਘਰ ਰਹੀ ਰਾਜਨੀਤੀ ਵਿੱਚ ਪਾਰਟੀ ਬਦਲਣੀ ਤਾਂ ਛੱਡੋ, ਇਸ ਨਾਲ ਤਾਂ ਧਾਰਮਿਕ ਪ੍ਰਾਰਥਨਾ (Prayer) ਬਦਲਣ ਦੀ ਮਿਸਾਲ ਉਘੜ ਕੇ ਸਾਹਮਣੇ ਆਈ ਹੈ। ਸਵਾਲ ਉੱਠਦਾ ਹੈ ਕਿ ਕੀ ਹਿੰਦੂਆਂ ਨੇ ਆਪਣੀ ਆਰਤੀ (ਗਾਇਤਰੀ ਮੰਤਰ) ਬਦਲ ਲਈ ਹੈ। ਜੇ ਨਹੀ ਤਾਂ ਰਾਮਪੁਰਾ ਫੂਲ ਵਿੱਚ ਜੋ ਪਾਖੰਡ ਅਤੇ ਸਿੱਖ ਧਰਮ ਵਿਰੋਧੀ ਹਰਕਤ ਹਿੰਦੂਆਂ ਵਲੋਂ ਕੀਤੀ ਗਈ ਹੈ ਇਹ ਕੀ ਹੈ ਅਤੇ ਕਿਉਂ ਕੀਤੀ ਗਈ ਹੈ। ਇਸ ਤੋਂ ਅਗਾਂਹ ਵਿਚਾਰਣ ਵਾਲੀ ਗੱਲ ਇਹ ਹੈ ਕਿ ਸਿੱਖ ਧਾਰਮਿਕ ਆਗੂਆਂ, ਬੁੱਧੀਜੀਵੀਆਂ ਅਤੇ ਆਮ ਸਿੱਖਾਂ ਵਲੋਂ ਤਾਂ ਇਤਰਾਜ਼ ਕੀਤਾ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਹਿੰਦੂਆਂ ਦੇ ਸਿਆਸੀ ਅਤੇ ਧਾਰਮਿਕ ਆਗੂ ਢੀਠਾਂ ਵਾਂਗ ਚੁੱਪ ਹਨ। ਜੇ ਉਨ੍ਹਾਂ ਨੂੰ ਆਪਣੇ ਧਾਰਮਿਕ ਗਾਇਤਰੀ ਮੰਤਰ ਦੀ ਮਹੱਤਤਾ ਅਤੇ ਪਵਿੱਤਰਤਾ ਦਾ ਅਹਿਸਾਸ ਹੋਵੇ ਤਾਂ ਉਨ੍ਹਾਂ ਨੂੰ ਅਜਿਹੀ ਭੱਦੀ ਹਰਕਤ ਕਰਨ ਵਾਲਿਆਂ ਵਿਰੁੱਧ ਬਿਨਾਂ ਦੇਰੀ ਦੇ ਕਾਰਵਾਈ ਕਰਨੀ ਬਣਦੀ ਹੈ। ਵੈਸੇ ਇਹ ਪਹਿਲਾ ਮੌਕਾ ਨਹੀਂ। ਵਰ੍ਹਿਆਂ ਤੋਂ ਸਿੱਖਾਂ ਨੂੰ ਹਿੰਦੂ ਧਰਮ ਦਾ ਹੀ ਹਿੱਸਾ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਆ ਰਹੇ ਹਿੰਦੂਆਂ ਖ਼ਾਸ ਕਰ ਆਰ.ਐੱਸ.ਐੱਸ. ਵਲੋਂ ਅਜਿਹੀਆਂ ਬੇਹੂਦਾ ਹਰਕਤਾਂ ਨੂੰ ਅਸਲ ਵਿੱਚ ਸ਼ਹਿ ਦਿੱਤੀ ਜਾਂਦੀ ਹੈ। ਸਿੱਖਾਂ ਵਿਚਲੀਆਂ ਕਾਲੀਆਂ ਭੇਡਾਂ ਬਹੁਤ ਸਾਰੇ ਅਖੌਤੀ ਵਿਦਵਾਨ (ਜਿਨ੍ਹਾਂ ਵਿੱਚ ਦੇਸ ਵਿਦੇਸ਼ ਵਿਚਲੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕ ਸ਼ਾਮਲ ਹਨ), ਹਿੰਦੂਆਂ ਦੀ ਝੋਲੀ ਚੁੱਕਣ ਅਤੇ ਆਰਥਿਕ ਲਾਹ ਲੈਣ ਲਈ ਅਜਿਹਾ ਕੁਝ ਅਪਣੀਆਂ ਲਿਖਤਾਂ ਰਾਹੀਂ ਕਰਦੇ ਆ ਰਹੇ ਜੋ ਭੁਤਰੇ ਅਕਾਲੀ ਆਗੂ ਸਿਕੰਦਰ ਮਲੂਕਾ ਨੇ ਕੀਤਾ ਹੈ। ਪੰਜਾਬ ਦੇ ਸੱਤਾਧਾਰੀ ਬਾਦਲ ਪਰਿਵਾਰ ਦੇ ਚਹੇਤੇ ਅਤੇ ਚੰਭਲਾਏ ਸਿਕੰਦਰ ਮਲੂਕੇ ਦੀ ਇਹ ਘਿਣਾਉਣੀ ਚਾਲ ਸਿੱਖ ਸੰਸਥਾਵਾਂ ਅਤੇ ਪੰਥ ਹਿਤੈਸ਼ੀਆਂ ਲਈ ਪਹਿਲਾਂ ਨਾਲੋਂ ਵੱਧ ਸੁਚੇਤ ਹੋ ਕੇ ਅਜਿਹੀਆਂ ਕਾਰਵਾਈਆਂ ਵਿਰੁਧ ਲਾਮਬੰਦ ਤੇ ਸਰਗਰਮ ਹੋਣ ਦੀ ਵੱਡੀ ਚੁਣੌਤੀ ਅਤੇ ਜ਼ਿੰਮੇਵਾਰੀ ਵਜੋਂ ਉਭਰ ਕੇ ਸਾਹਮਣੇ ਆਈ ਹੈ।







## ਐਲਕ ਗਰੋਵ ਦੇ ਮੇਅਰ ਸਟੀਵ ਲੀ ਨੇ ਸਹੁੰ ਚੁੱਕੀ

**ਐਲਕ ਗਰੋਵ/ਬਿਊਰੋ ਨਿਊਜ਼ :** ਐਲਕ ਗਰੋਵ ਤੋਂ ਨਵੇਂ ਚੁਣੇ ਗਏ ਮੇਅਰ ਸਟੀਵ ਲੀ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਪਿਛਲੇ ਦਿਨੀਂ ਇਥੇ ਹੋਏ ਸਮਾਗਮ ਦੌਰਾਨ ਸਟੀਵ ਲੀ ਨੇ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਚੁੱਕੀ। ਇਸ ਮੌਕੇ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸਟੀਵ ਲੀ ਅਮਰੀਕਾ ਵਿਚ ਖੁਦ ਵੀ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਤ ਹਨ। ਛੋਟੀ ਉਮਰ ਵਿਚ ਉਹ ਭਾਰਤ ਦੇ ਗੁਆਂਢੀ ਮੁਲਕ ਲਾਊਸ ਤੋਂ ਅਮਰੀਕਾ ਆਪਣੇ ਪਿਤਾ ਨਾਲ ਆਏ ਸਨ। ਇਥੇ ਆ ਕੇ ਉਨ੍ਹਾਂ ਨੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ। ਜਿਸ ਕਾਰਨ ਉਹ ਘੱਟ ਗਿਣਤੀ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਕਰਕੇ ਉਹ ਪਿਛਲੇ ਲੰਮੇ ਸਮੇਂ ਤੋਂ ਸਿੱਖਾਂ ਦੇ ਖਾਸ ਦੋਸਤ ਵਜੋਂ ਜਾਣੇ ਜਾਂਦੇ ਹਨ। ਸਟੀਵ ਲੀ ਹੁਣ ਮੇਅਰ ਦੀ ਚੋਣ ਜਿੱਤਣ ਤੋਂ ਬਾਅਦ 7 ਜਨਵਰੀ ਨੂੰ ਡੈਮੋਕਰੇਟ ਡੈਲੀਗੇਟ ਦੇ ਉਮੀਦਵਾਰ ਵਜੋਂ ਅਤੇ ਆਪਣੇ ਸਾਥੀ ਉਮੀਦਵਾਰ ਗੁਰਜਤਿੰਦਰ ਸਿੰਘ ਰੰਧਾਵਾ ਨਾਲ ਰਲ ਕੇ ਇਹ ਚੋਣ ਲੜ ਰਹੇ ਹਨ। ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ।



## ਪ੍ਰਦੀਪ ਗੁਪਤਾ ਸਾਊਥ ਸਾਨ ਫਰਾਂਸਿਸਕੋ ਸ਼ਹਿਰ ਦੇ ਮੇਅਰ ਬਣੇ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਅਮਰੀਕੀ ਇੰਜਨੀਅਰ ਪ੍ਰਦੀਪ ਗੁਪਤਾ ਸਾਊਥ ਸਾਨ ਫਰਾਂਸਿਸਕੋ ਸ਼ਹਿਰ ਦੇ ਮੇਅਰ ਚੁਣੇ ਗਏ ਹਨ। ਉਹ ਚੇਨਈ ਵਿਚ ਆਈ.ਟੀ. ਕਾਲਜ ਵਿਚ ਪੜ੍ਹ ਚੁੱਕੇ ਹਨ। ਗੁਪਤਾ ਅਜਿਹੇ ਦੂਜੇ ਭਾਰਤੀ-ਅਮਰੀਕੀ ਮੇਅਰ ਹਨ, ਜਿਨ੍ਹਾਂ ਨੂੰ ਕੈਲੀਫੋਰਨੀਆ ਸ਼ਹਿਰ ਦਾ ਮੇਅਰ ਚੁਣਿਆ ਗਿਆ ਹੈ। ਗੁਪਤਾ ਨੇ ਕਿਹਾ, "ਇਹ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਜੋ ਕੰਮ ਸਾਬਕਾ ਮੇਅਰ ਮਾਰਕ ਐਡਿਗੋ ਨੇ ਸ਼ੁਰੂ ਕੀਤਾ ਸੀ, ਉਸ ਨੂੰ ਅੱਗੇ ਵਧਾਇਆ ਜਾਵੇਗਾ। ਸਾਡੇ ਕੌਂਸਲ ਵਿਚ ਕਈ ਲੋਕਾਂ ਦਾ ਸ਼ਾਨਦਾਰ ਸਮੂਹ ਹੈ। ਇਸ ਵਿਚੋਂ ਕਈ ਤਾਂ ਕਈ ਸਾਲਾਂ ਤੋਂ ਸ਼ਹਿਰ ਦੀ ਸੇਵਾ ਕਰ ਰਹੇ ਹਨ। ਮੈਂ ਆਪਣੇ ਦੇਸ਼ ਦੀ ਸੇਵਾ ਕਰਨ ਲਈ ਬਹੁਤ ਉਤਸੁਕ ਹਾਂ।"



ਗੁਪਤਾ ਨੂੰ 31 ਦਸੰਬਰ 2012 ਵਿਚ ਇਕ ਸਾਲ ਦੇ ਕਾਰਜਕਾਲ ਲਈ ਸਾਊਥ ਸਾਨ ਫਰਾਂਸਿਸਕੋ ਸਿਟੀ ਕੌਂਸਲ ਲਈ ਨਿਯੁਕਤ ਕੀਤਾ ਗਿਆ ਸੀ ਅਤੇ ਨਵੰਬਰ 2013 ਵਿਚ ਉਨ੍ਹਾਂ ਨੂੰ 4 ਸਾਲ ਦੇ ਪੂਰੇ ਕਾਰਜਕਾਲ ਲਈ ਚੁਣਿਆ ਗਿਆ।

## 'ਮੱਸਿਆ ਦੀ ਰਾਤ' ਲਈ ਡਾ. ਸਵਰਾਜਬੀਰ ਨੂੰ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਹਿਤ ਅਕਾਦਮੀ ਦੇ ਸਾਲ 2016 ਦੇ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ। ਪੰਜਾਬੀ ਭਾਸ਼ਾ ਲਈ ਨਾਟਕਕਾਰ ਡਾ. ਸਵਰਾਜਬੀਰ ਨੂੰ ਨਾਟਕ 'ਮੱਸਿਆ ਦੀ ਰਾਤ' ਲਈ ਇਹ ਸਨਮਾਨ ਦਿੱਤਾ ਜਾਵੇਗਾ। ਇਹ ਪੁਰਸਕਾਰ ਅਗਲੇ ਸਾਲ ਫਰਵਰੀ ਵਿੱਚ ਭੇਟ ਕੀਤਾ ਜਾਵੇਗਾ। ਪੁਰਸਕਾਰ ਦਾ ਫੈਸਲਾ ਕਰਨ ਵਾਲੀ ਜਿਊਰੀ ਵਿੱਚ ਗੁਰਬਚਨ ਸਿੰਘ ਭੁੱਲਰ, ਦਰਸ਼ਨ ਬੁੱਟਰ ਤੇ ਪ੍ਰੇਮ ਪ੍ਰਕਾਸ਼ ਸ਼ਾਮਲ ਸਨ। ਕੁੱਲ 24 ਭਾਸ਼ਾਵਾਂ ਲਈ ਸਨਮਾਨਾਂ ਦਾ ਐਲਾਨ ਕੀਤਾ ਗਿਆ, ਜਿਨ੍ਹਾਂ ਵਿੱਚ ਹਿੰਦੀ ਦੇ ਨਾਵਲਕਾਰ ਨਾਸਿਰਾ ਸ਼ਰਮਾ ਨੂੰ ਨਾਵਲ 'ਪਰੀਜਾਤ' ਲਈ, ਅੰਗਰੇਜ਼ੀ ਵਿੱਚ ਜੈਰੀ ਪਿੰਟੋ ਨੂੰ ਨਾਵਲ 'ਐੱਮ ਐਂਡ ਦਾ ਬਿੱਗ ਹੂਮ' ਲਈ, ਉਰਦੂ ਆਲੋਚਨਾ ਲਈ ਨਿਜ਼ਾਮ ਸਦੀਕੀ ਨੂੰ, ਕਸ਼ਮੀਰੀ ਭਾਸ਼ਾ ਵਿੱਚ ਆਲੋਚਨਾ ਲਈ ਅਜ਼ੀਜ਼ ਹਿਜਾਨੀ, ਸੰਸਕ੍ਰਿਤ ਵਿੱਚ ਸੀਤਾਨਾਥ ਅਚਾਰੀਆ ਅਤੇ ਹੋਰਾਂ ਨੂੰ ਇਸ ਵੱਕਾਰੀ ਸਨਮਾਨ ਲਈ ਚੁਣਿਆ ਗਿਆ।



# ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਨੇ ਦਿੱਤਾ ਅਸਤੀਫ਼ਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਆਪਣਾ ਅਸਤੀਫ਼ਾ ਕੇਂਦਰ ਸਰਕਾਰ ਨੂੰ ਭੇਜ ਦਿੱਤਾ ਹੈ। ਇਸ ਤੋਂ ਬਾਅਦ ਨਜੀਬ ਜੰਗ ਨੇ ਅਸਤੀਫ਼ੇ ਨੂੰ ਲੈ ਕੇ ਬਿਆਨ ਵੀ ਜਾਰੀ ਕਰ ਦਿੱਤਾ ਹੈ। ਜੰਗ ਨੇ ਆਪਣਾ ਅਸਤੀਫਾ ਦੇਣ ਤੋਂ ਬਾਅਦ ਸਭ ਤੋਂ ਪਹਿਲਾਂ ਦਿੱਲੀ ਦੀ ਜਨਤਾ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਵੀ ਸਹਿਯੋਗ ਲਈ ਧੰਨਵਾਦ ਕੀਤਾ। ਦਰਅਸਲ ਨਜੀਬ ਜੰਗ ਨੇ ਜੁਲਾਈ 2013 ਨੂੰ ਦਿੱਲੀ ਦੇ ਉਪ ਰਾਜਪਾਲ ਦਾ ਅਹੁਦਾ ਸੰਭਾਲਿਆ ਸੀ ਅਤੇ ਅਜੇ ਉਨ੍ਹਾਂ ਦੇ ਕਾਰਜਕਾਲ ਦਾ ਡੇਢ ਸਾਲ ਬਾਕੀ ਰਹਿੰਦਾ ਸੀ। ਜਾਣਕਾਰੀ ਅਨੁਸਾਰ ਨਜੀਬ ਜੰਗ ਫਿਰ ਸਿੱਖਿਆ ਦੇ ਖੇਤਰ ਵਿਚ ਜਾ ਸਕਦੇ ਹਨ। ਜ਼ਿਕਰਯੋਗ ਹੈ ਕਿ ਜੰਗ ਇਸ ਤੋਂ ਪਹਿਲਾਂ ਜਾਮੀ ਮਿਲਿਆ ਇਸਲਾਮੀਆ ਦੇ ਚਾਂਸਲਰ ਵੀ ਰਹਿ ਚੁੱਕੇ ਹਨ। ਨਜੀਬ ਜੰਗ ਦੇ ਅਸਤੀਫ਼ਾ ਦਿੰਦਿਆਂ ਕਈ ਤਰ੍ਹਾਂ ਰਾਜਨੀਤਕ ਬਿਆਨਬਾਜ਼ੀਆਂ ਦਾ ਦੌਰ ਵੀ ਸ਼ੁਰੂ ਹੋ ਗਿਆ। ਇਸ ਦੌਰਾਨ ਕਾਂਗਰਸ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਕੋਈ ਤਾਂ ਕਾਰਨ ਹੋਵੇਗਾ ਜਿਸ ਦੀ ਵਜ੍ਹਾ ਨਾਲ ਜੰਗ ਨੂੰ ਅਸਤੀਫਾ ਦੇਣਾ ਪਿਆ। ਉਧਰ ਆਮ ਆਦਮੀ ਪਾਰਟੀ ਦੇ ਵਿਧਾਇਕ ਕਪਿਲ ਮਿਸ਼ਰਾ ਨੇ ਨਜੀਬ ਜੰਗ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਨਾਲ ਹੀ ਕਿਹਾ ਕਿ ਜੰਗ ਤੋਂ ਬਾਅਦ ਵੀ ਜੰਗ ਜਾਰੀ ਰਹੇਗੀ।



### *ਕੇਜਰੀਵਾਲ ਨੇ ਕਿਹਾ-ਅਸਤੀਫ਼ੇ ਤੋਂ ਹੈਰਾਨੀ ਹੋਈ*

*ਉਪ ਰਾਜਪਾਲ ਨਜੀਬ ਜੰਗ ਦੇ ਅਸਤੀਫ਼ੇ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਹੈਰਾਨ ਕਰ ਦਿੱਤਾ ਹੈ। ਕੇਜਰੀਵਾਲ ਨੇ ਟਵੀਟ ਵਿਚ ਲਿਖਿਆ ਕਿ ਉਹ ਜੰਗ ਦੇ ਅਸਤੀਫ਼ੇ ਤੋਂ ਹੈਰਾਨ ਹਨ। ਉਨ੍ਹਾਂ ਲਿਖਿਆ ਕਿ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ। ਇਸ ਦੇ ਨਾਲ ਹੀ 'ਆਪ' ਨੇ ਵਿਅੰਗ ਕੱਸਦਿਆਂ ਕਿਹਾ ਕਿ ਉਪ ਰਾਜਪਾਲ ਨੇ ਨਰਿੰਦਰ ਮੋਦੀ ਵਿਵਸਥਾ ਦੇ ਪ੍ਰਭਾਵ ਹੇਠ ਕੰਮ ਕੀਤਾ। ਕੇਜਰੀਵਾਲ ਅਤੇ ਸਿਸੋਦੀਆ ਨੇ ਜੰਗ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਪ-ਮੁੱਖ ਮੰਤਰੀ ਨੇ ਕਿਹਾ ਕਿ ਜੰਗ ਨੇ ਗੱਲਬਾਤ ਦੌਰਾਨ ਕਿਹਾ ਕਿ ਉਹ ਥਕਾਵਟ ਮਹਿਸੂਸ ਕਰ ਰਹੇ ਹਨ ਅਤੇ ਸਿੱਖਿਆ ਲਈ ਕੰਮ ਕਰਨਾ ਚਾਹੁੰਦੇ ਹਨ। ਸਿਸੋਦੀਆ ਨੇ ਕਿਹਾ ਕਿ ਉਪ-ਰਾਜਪਾਲ ਅਤੇ ਅਸੀਂ ਸਿਹਤ, ਸਿੱਖਿਆ ਅਤੇ ਬਿਜਲੀ ਦੇ ਖੇਤਰ ਵਿਚ ਇਕੱਠਿਆਂ ਕੰਮ ਕੀਤਾ। ਸਿਸੋਦੀਆ ਨੇ ਕਿਹਾ ਕਿ ਖੱਟੇ-ਮਿੱਠੇ ਤਜਰਬਿਆਂ ਦੇ ਬਾਵਜੂਦ ਉਹ ਆਖ ਸਕਦੇ ਹਨ ਕਿ ਨਜੀਬ ਜੰਗ ਨਾਲ ਅਸੀਂ ਦਿੱਲੀ ਲਈ ਵਧੀਆ ਕੰਮ ਕੀਤਾ।*



**ਕਾਂਗਰਸ ਵਲੋਂ ਜੰਗ ਦਾ ਅਸਤੀਫ਼ਾ ਅਸਨਮਾਨਜਨਕ ਵਿਦਾਈ ਕਰਾਰ :** ਦਿੱਲੀ ਕਾਂਗਰਸ ਨੇ ਉਪ ਰਾਜਪਾਲ ਨਜੀਬ ਜੰਗ ਦੇ ਅਸਤੀਫ਼ੇ ਨੂੰ ਅਸਨਮਾਨਜਨਕ ਵਿਦਾਈ ਦੱਸਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਜਨਤਕ ਕਰਨਾ ਚਾਹੀਦਾ ਹੈ ਕਿ ਇਸ ਤਿਆਗ ਪੱਤਰ ਪਿੱਛੇ ਉਨ੍ਹਾਂ ਦੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਕੀ ਡੀਲ ਹੋਈ ਹੈ। ਜੰਗ ਦੇ ਅਸਤੀਫ਼ੇ ਦੇ ਬਾਅਦ ਕਾਹਲੀ ਵਿਚ ਬੁਲਾਏ ਗਏ ਪੱਤਰਕਾਰ ਸੰਮੇਲਨ ਵਿਚ ਦਿੱਲੀ ਕਾਂਗਰਸ ਪ੍ਰਧਾਨ ਅਜੈ ਮਾਕਨ ਨੇ ਕੇਂਦਰ ਸਰਕਾਰ ਨੂੰ ਆਗਾਹ ਕੀਤਾ ਕਿ ਜੇਕਰ ਉਹ ਉਪ ਰਾਜਪਾਲ ਦੇ ਅਹੁਦੇ 'ਤੇ ਆਪਣੀ ਕਿਸੇ ਕਠਪੁਤਲੀ ਜਾਂ ਆਰ. ਐਸ. ਐਸ. ਦੇ ਵਿਅਕਤੀ ਨੂੰ ਲਾਉਣਾ ਚਾਹੇਗੀ ਤਾਂ ਉਸ ਦਾ ਜ਼ਬਰਦਸਤ ਵਿਰੋਧ ਕੀਤਾ ਜਾਵੇਗਾ।

# ਪੈਨਸ਼ਨ ਫੰਡ ਘੁਟਾਲਾ ਮਾਮਲੇ ਵਿਚ ਨਵਨੂਰ ਸਿੰਘ ਕੰਗ ਗ੍ਰਿਫ਼ਤਾਰ

**ਨਿਊਯਾਰਕ/ਬਿਊਰੋ ਨਿਊਜ਼ :** ਨਿਊ ਯਾਰਕ ਦੇ ਪਬਲਿਕ ਇੰਪਲਾਈ ਪੈਨਸ਼ਨ ਫੰਡ ਦੇ ਭਾਰਤੀ ਮੂਲ ਦੇ ਸਾਬਕਾ ਮੈਨੇਜਰ ਨਵਨੂਰ ਸਿੰਘ ਕੰਗ (38) ਨੂੰ ਤਿੰਨ ਸਾਥੀਆਂ ਸਮੇਤ ਰਿਸ਼ਵਤ ਘੁਟਾਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਸ਼ਵਤ ਦਲਾਲੀ ਮਾਮਲੇ ਵਿਚ ਕੈਲੀ (58) ਤੇ ਸਕਾਨਹੋਰਨ (45) ਵੀ ਸ਼ਾਮਲ ਹਨ। ਕੈਲੀ ਦਲਾਲ ਅਤੇ ਸਟਰਨ ਐਗੀ ਵਿਖੇ ਸਾਬਕਾ ਮੈਨੇਜਿੰਗ ਡਾਇਰੈਕਟਰ ਹੈ, ਜਿਸ ਨੇ ਸਾਨ ਫਰਾਂਸਿਸਕੋ ਵਿਖੇ ਸਰੰਡਰ ਕੀਤਾ। ਸਕਾਨਹੋਰਨ ਐਫ.ਟੀ.ਐਨ. ਵਿਖੇ ਸਾਬਕਾ ਮੀਤ ਪ੍ਰਧਾਨ ਹੈ। ਕੰਗ 'ਤੇ ਦੋ ਫਰਮਾਂ ਨੂੰ ਲਾਭ ਪਹੁੰਚਾਉਣ ਦੇ ਮਾਮਲੇ ਵਿਚ 180,000 ਡਾਲਰ ਦੇ ਰਿਸ਼ਵਤ ਲੈਣ ਦੇ ਨਾਲ ਨਾਲ ਡਰੱਗਜ਼, ਵੇਸ਼ਵਾਗਿਰੀ ਤੇ ਮਹਿੰਗੇ ਟੂਰ ਕਰਨ ਦਾ ਦੋਸ਼ ਲੱਗਾ ਹੈ। ਐਫ਼.ਬੀ.ਆਈ. ਏਜੰਟ ਨੇ ਕੰਗ ਨੂੰ ਉਸ ਦੇ ਸਾਊਥ ਵੈਸਟ ਪੋਰਟਲੈਂਡ ਸਥਿਤ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ। ਉਸ ਨੇ ਬੁੱਧਵਾਰ ਦੁਪਹਿਰਨੂੰ ਮਾਰਕ ਓ. ਹਾਟਫੀਲਡ ਦੀ ਅਦਾਲਤ ਵਿਚ ਪਹਿਲੀ ਪੇਸ਼ੀ ਭੁਗਤੀ। ਉਹ ਚਾਰ ਜਨਵਰੀ ਨੂੰ ਨਿਊ ਯਾਰਕ ਦੀ ਜ਼ਿਲ੍ਹਾ ਅਦਾਲਤ ਵਿਚ ਰਿਪੋਰਟ ਕਰੇਗਾ। ਉਸ ਨੇ ਐਫ.ਬੀ.ਆਈ. ਕੋਲ ਆਪਣਾ ਪਾਸਪੋਰਟ ਸਰੰਡਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਕੰਗ ਨੇ 2014 ਵਿਚ ਨਿਊ ਯਾਰਕ ਸਟੇਟ ਕਾਮਨ ਰਿਟਾਇਰਮੈਂਟ ਫੰਡ ਲਈ ਫਿਕਸਡ ਇੰਕਮ ਦੇ ਡਾਇਰੈਕਟਰ ਵਜੋਂ ਵੀ ਕੰਮ ਕੀਤਾ ਹੈ। ਇਹ ਅਮਰੀਕਾ ਦਾ ਤੀਜਾ ਵੱਡਾ ਜਨਤਕ ਪੈਨਸ਼ਨ ਫੰਡ ਹੈ। ਉਸ ਨੂੰ ਕਰੀਬ 50 ਅਰਬ ਡਾਲਰ ਦੇ ਨਿਵੇਸ਼ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਸ ਨੇ ਦੋ ਫਰਮਾਂ ਨੂੰ ਲਾਭ ਪਹੁੰਚਾਉਣ ਲਈ ਰਿਸ਼ਵਤ ਲਈ ਸੀ। ਇਨ੍ਹਾਂ ਫਰਮਾਂ ਨੇ ਉਸ ਨੂੰ ਨਾ ਸਿਰਫ਼ ਰਿਸ਼ਵਤ ਬਲਕਿ ਮਹਿੰਗੇ ਤੋਹਫ਼ੇ ਤੇ ਲਗਜ਼ਰੀ ਸੈਰਾਂ ਕਰਵਾਈਆਂ ਸਨ। 2015 ਦੀ ਅਖ਼ੀਰ ਵਿਚ ਉਸ ਖ਼ਿਲਾਫ਼ ਜਾਂਚ ਸ਼ੁਰੂ ਹੋਈ ਸੀ।



# ਟਰੇਸੀ ਦੇ ਅਭਿਜੀਤ ਪ੍ਰਸਾਦ ਖ਼ਿਲਾਫ਼ ਵੀਜ਼ਾ ਧੋਖਾਧੜੀ ਦਾ ਮਾਮਲਾ ਦਰਜ

### ਅਭਿਜੀਤ ਨੇ ਦੋਸ਼ਾਂ ਦਾ ਕੀਤਾ ਖੰਡਨ

**ਟਰੇਸੀ/ਬਿਊਰੋ ਨਿਊਜ਼ :**
ਫਰਜ਼ੀ ਤਰੀਕੇ ਨਾਲ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੇ ਆਧਾਰ 'ਤੇ ਦੂਜਿਆਂ ਦੀ ਪਛਾਣ ਚੋਰੀ ਕਰਕੇ ਐਚ-1 ਬੀ ਸ਼੍ਰੇਣੀ ਦੇ ਦੋ ਵੀਜ਼ਾ ਹਾਸਲ ਕਰਨ ਦੇ ਮਾਮਲੇ ਵਿਚ ਟਰੇਸੀ ਦੇ ਭਾਰਤੀ ਮੂਲ ਦੇ ਵਿਅਕਤੀ ਅਭਿਜੀਤ ਪ੍ਰਸਾਦ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਫਿਲਹਾਲ ਅਭਿਜੀਤ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। 49 ਸਾਲਾ ਅਭਿਜੀਤ ਪ੍ਰਸਾਦ ਨੇ ਕਿਹਾ, 'ਕਿਸੇ ਗ੍ਰਾਂਡ ਜਿਊਰੀ ਨੇ ਮੈਨੂੰ ਦੋਸ਼ੀ ਨਹੀਂ ਦੱਸਿਆ ਹੈ। ਮੈਂ ਸਾਫ ਤੌਰ 'ਤੇ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਹੈ ਅਤੇ ਇਕ ਗ੍ਰਾਂਡ ਜਿਊਰੀ ਗਠਿਤ ਕਰਨ ਦੀ ਅਪੀਲ ਕੀਤੀ ਹੈ। ਇਸ ਸਬੰਧ ਵਿਚ ਮੇਰੇ ਨਾਲ ਜੁੜਿਆ ਕੋਈ ਸਬੂਤ ਨਹੀਂ ਹੈ ਅਤੇ ਅਜੇ ਤੱਕ ਕੋਈ ਸੁਣਵਾਈ ਨਹੀਂ ਹੋਈ ਨਾ ਹੀ ਅਜੇ ਤੱਕ ਸੁਣਵਾਈ ਤੋਂ ਪਹਿਲਾਂ ਦੀ ਕਾਰਵਾਈ ਹੋਈ।' ਅਭਿਜੀਤ ਪ੍ਰਸਾਦ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਸ ਲਈ ਇਹ ਬੇਹੱਦ ਬਦਕਿਸਮਤੀ ਪੂਰਨ ਹੈ ਕਿ ਯੂ.ਐਸ. ਅਟਾਰਨੀ ਦੇ ਦਫਤਰ ਨੇ ਬਿਨਾਂ ਕਿਸੇ ਸੁਣਵਾਈ ਅਤੇ ਕਾਰਵਾਈ ਦੇ ਇਹ ਸੂਚਨਾ ਜਾਰੀ ਕੀਤੀ। ਅਮਰੀਕੀ ਅਟਾਰਨੀ ਦੇ ਕੈਲੀਫੋਰਨੀਆ ਦਫਤਰ ਤੋਂ ਜਾਰੀ ਬਿਆਨ ਮੁਤਾਬਕ ਸੰਘੀ ਗ੍ਰਾਂਡ ਜਿਊਰੀ ਨੇ ਕੈਲੀਫੋਨਰੀਆ ਵਿਚ ਟਰੇਸੀ ਦੇ ਪ੍ਰਸਾਦ ਖ਼ਿਲਾਫ਼ 23 ਦਸੰਬਰ ਨੂੰ ਲਗਾਏ ਗਏ 23 ਮਾਮਲਿਆਂ ਵਾਲੇ ਪੱਤਰ ਨੂੰ ਵਾਪਸ ਕਰ ਦਿੱਤਾ ਹੈ। ਇਸ ਵਿਚ 31 ਵੀਜ਼ਾ ਸਬੰਧੀ ਜਾਲਸਾਜ਼ੀ ਅਤੇ ਦੋ ਪਛਾਣ ਪੱਤਰ ਲੁਕਾਉਣ ਨਾਲ ਜੁੜੇ ਹਨ। ਫਿਲਹਾਲ ਯੂ.ਐਸ. ਅਟਾਰਨੀ ਦੇ ਦਫਤਰ ਨੇ ਕਿਹਾ ਕਿ ਇਹ ਮਾਮਲੇ ਸਿਰਫ ਦੋਸ਼ ਹਨ। ਇਸਤਗਾਸਾ ਨੂੰ ਉਦੋਂ ਤੱਕ ਨਿਰਦੋਸ਼ ਮੰਨਿਆ ਜਾਵੇਗਾ ਜਦੋਂ ਤੱਕ ਕਿ ਤਰਕਸੰਗਤ ਸ਼ੱਕ ਤੋਂ ਪਰ੍ਹੇ ਉਸ ਨੂੰ ਦੋਸ਼ੀ ਨਹੀਂ ਸਾਬਿਤ ਕਰ ਦਿੱਤਾ ਜਾਵੇ।

# ਸਿੱਖ ਕੌਮ ਨੂੰ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਲਈ ਉਚੇਚੇ ਯਤਨਾਂ ਦੀ ਲੋੜ : ਅਮੋਲਕ ਸਿੰਘ ਗਾਖਲ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਜੀ.ਬੀ. ਐਂਟਰਟੇਨਮੈਂਟ ਦੇ ਗਾਖਲ ਬ੍ਰਦਰਜ਼ ਗਰੁੱਪ ਆਫ ਕੰਪਨੀਜ਼, ਏ.ਆਈ. ਟਰੱਕਿੰਗ ਦੇ ਮੁੱਖ ਸੰਚਾਲਕ ਸ. ਅਮੋਲਕ ਸਿੰਘ ਗਾਖਲ ਨੇ ਸਮੂਹ ਪੰਜਾਬੀਆਂ ਨੂੰ ਨਵੇਂ ਵਰ੍ਹੇ ਦੀ ਆਮਦ 'ਤੇ ਵਧਾਈ ਦਿੰਦਿਆਂ ਕਿਹਾ ਹੈ ਕਿ ਜਿੱਥੇ ਦੁਨੀਆ ਛੋਟੀਆਂ-ਛੋਟੀਆਂ ਉਲਝਣਾਂ 'ਚ ਫਸ ਕੇ ਸਮਾਂ ਅਤੇ ਧਨ ਦੀ ਬਰਬਾਦੀ ਕਰ ਰਹੀ ਹੈ, ਉਥੇ ਕੌਮਾਂ ਨੂੰ ਸਰਬੱਤ ਦੇ ਭਲੇ ਲਈ ਦਿਲੀ ਮੁਹੱਬਤ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਯੁੱਗ ਵਿਚ ਲੋਭ ਲਾਲਚ ਆਏ ਦਿਨ ਭਾਰੂ ਹੁੰਦਾ ਜਾ ਰਿਹਾ ਹੈ। ਉਨ੍ਹਾਂ ਪੰਜਾਬੀਆਂ ਅਤੇ ਖਾਸ ਤੌਰ 'ਤੇ ਸਿੱਖ ਕੌਮ ਨੂੰ ਬੇਨਤੀ ਕਰਦਿਆਂ ਕਿਹਾ ਕਿ ਹਰ ਖੇਤਰ ਵਿਚ, ਦੁਨੀਆ ਦੇ ਹਰ ਕੋਨੇ ਵਿਚ ਅਸੀਂ ਤਰੱਕੀ ਕਰ ਲਈ ਹੈ ਅਤੇ ਇਸ ਵੇਲੇ ਲੋੜ ਹੈ ਕਿ ਅਸੀਂ ਆਪਸੀ ਇਤਫਾਕ ਵਧਾਈਏ ਅਤੇ ਸਿੱਖਾਂ ਦੀ ਪਛਾਣ ਬਣਾਈ ਰੱਖਣ ਲਈ ਹਰ ਯਤਨ ਕਰੀਏ। ਸ. ਗਾਖਲ ਨੇ ਕਿਹਾ ਕਿ ਉਹ ਆਪਣੀਆਂ ਆਉਣ ਵਾਲੀਆਂ ਫਿਲਮਾਂ ਵਿਚ ਜਿੱਥੇ ਸਿੱਖ ਇਤਿਹਾਸ ਨੂੰ ਵਰਤਮਾਨ ਯੁੱਗ ਲਈ ਮਹੱਤਵਪੂਰਨ ਪ੍ਰਸੰਗ ਵਜੋਂ ਪੇਸ਼ ਕਰਨ ਦਾ ਯਤਨ ਕਰ ਰਹੇ ਹਨ, ਉਥੇ ਦੇਸ਼ਾਂ-ਵਿਦੇਸ਼ਾਂ ਦੇ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਨਿਮਰਤਾ ਨਾਲ ਅਪੀਲ ਕਰਦੇ ਹਨ ਕਿ ਉਹ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਿੱਖ ਕੌਮ ਦੇ ਭਲੇ ਲਈ ਕੰਮ ਕਰਨ, ਤਾਂ ਜੋ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨਸਲੀ ਵਿਤਕਰਿਆਂ ਦਾ ਸ਼ਿਕਾਰ ਨਾ ਹੋ ਸਕੇ। ਉਨ੍ਹਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਗੁਰੂਘਰਾਂ ਵਿਚ 31 ਦਸੰਬਰ ਦੀ ਰਾਤ ਨੂੰ ਨਵਾਂ ਸਾਲ ਚੜ੍ਹਨ ਵੇਲੇ ਅਤੇ ਪਹਿਲੀ ਜਨਵਰੀ ਨੂੰ ਘੱਟੋ-ਘੱਟ ਵੀਹ ਡਾਲਰ ਅਤੇ ਵੱਧ ਤੋਂ ਵੱਧ ਆਪਣੀ ਸਮਰੱਥਾ ਮੁਤਾਬਕ ਗੁਰੂ ਦੀ ਗੋਲਕ 'ਚ ਸੇਵਾ ਵਜੋਂ ਪਾਇਆ ਜਾਵੇ ਤਾਂ ਜੋ ਇਸ ਪੈਸੇ ਨਾਲ ਨਵੀਂ ਪੀੜ੍ਹੀ ਵਿਚ ਵਿੱਦਿਆ ਦੇ ਪਸਾਰ, ਪੰਜਾਬ ਦੀ ਵਿਰਾਸਤ ਅਤੇ ਅਮੀਰ ਵਿਰਸੇ ਨਾਲ ਜੋੜਨ ਲਈ ਵੱਡੇ ਉਪਰਾਲੇ ਕੀਤੇ ਜਾ ਸਕਣ। ਇਨ੍ਹਾਂ ਦਿਨਾਂ ਵਿਚ ਇਕੱਤਰ ਹੋਣ ਵਾਲੀ ਮਾਇਆ ਨੂੰ ਗੁਰੂਘਰਾਂ ਦੀਆਂ ਇਮਾਰਤਾਂ ਜਾਂ ਗੁਰੂਘਰਾਂ ਵਿਚ ਝਗੜਿਆਂ ਲਈ ਨਹੀਂ ਸਗੋਂ ਸਿੱਖ ਕੌਮ ਅਤੇ ਸਰਬੱਤ ਦੇ ਭਲੇ ਲਈ ਵਰਤਿਆ ਜਾਵੇ।



## ਸਰਬਜੀਤ ਦੀ ਭੈਣ ਦਲਬੀਰ ਕੌਰ ਭਾਜਪਾ ਵਿੱਚ ਸ਼ਾਮਲ

**ਫਾਜ਼ਿਲਕਾ/ਬਿਊਰੋ ਨਿਊਜ਼ :**
ਪਾਕਿਸਤਾਨੀ ਜੇਲ੍ਹ ਵਿੱਚ 2013 ਵਿੱਚ ਮਾਰੇ ਗਏ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਭਾਜਪਾ ਵਿੱਚ ਸ਼ਾਮਲ ਹੋ ਗਈ ਹੈ। ਪੰਜਾਬ ਭਾਜਪਾ ਦੇ ਕਿਸਾਨ ਮੋਰਚੇ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਨੇ ਇਥੇ ਦੱਸਿਆ ਕਿ ਦਲਬੀਰ ਕੌਰ ਨੇ ਕੈਬਨਿਟ ਮੰਤਰੀ ਸੁਰਜੀਤ ਕੁਮਾਰ ਜਿਆਣੀ ਦੀ ਮੌਜੂਦਗੀ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਭਾਜਪਾ ਵਿੱਚ ਸ਼ਮੂਲੀਅਤ ਕੀਤੀ। ਜ਼ਿਕਰਰਯੋਗ ਹੈ ਕਿ ਸਰਬਜੀਤ ਨੂੰ ਪਾਕਿਸਤਾਨੀ ਜੇਲ੍ਹ ਵਿੱਚੋਂ ਰਿਹਾਅ ਕਰਾਉਣ ਲਈ ਕੀਤੇ ਗਏ ਸੰਘਰਸ਼ ਦੌਰਾਨ 2005 ਵਿੱਚ ਦਲਬੀਰ ਕੌਰ ਦੀਆਂ ਨਜ਼ਦੀਕੀਆਂ ਭਾਜਪਾ ਨਾਲ ਵਧ ਗਈਆਂ ਸਨ।



# ਅਦਾਕਾਰਾ ਤੋਂ ਕਾਮਯਾਬ ਸਿਆਸਤਦਾਨ ਬਣੀ

# ਜੈਲਲਿਤਾ

**ਸੂਬੇ ਵਿਚ 60 ਇਹੋ ਜਿਹੇ ਥਾਣੇ ਬਣਾਏ ਗਏ ਜਿਨ੍ਹਾਂ ਵਿਚ ਕੇਵਲ ਤੇ ਕੇਵਲ ਔਰਤਾਂ ਹੀ ਤਾਇਨਾਤ ਹਨ। ਉਹ ਉਨ੍ਹਾਂ ਦੀ ਕਾਰਗੁਜ਼ਾਰੀ ਉੱਤੇ ਖੁਦ ਲਗਾਤਾਰ ਨਿਗ੍ਹਾ ਰੱਖਦੀ ਸੀ। ਬੇਸਹਾਰਾ ਤੇ ਗਰੀਬ ਕੁੜੀਆਂ ਦੇ ਜਨਮ ਨਾਲ ਹੀ ਉਨ੍ਹਾਂ ਦੇ ਨਾਂ 'ਤੇ ਪੰਜ ਹਜ਼ਾਰ ਦੀ ਐਫ. ਡੀ ਤਿਆਰ ਕੀਤੀ ਜਾਂਦੀ ਅਤੇ ਜਵਾਨ ਹੋਣ ਤਕ ਉਹ ਰਕਮ 20000 ਬਣ ਜਾਂਦੀ। ਪੰਜ ਰੁਪਏ ਵਿਚ ਕੀਮਤੀ ਖਾਣਾ ਦਿੱਤਾ ਜਾਂਦਾ ਅਤੇ ਵਿਸ਼ੇਸ਼ ਹਦਾਇਤ ਇਹ ਹੁੰਦੀ ਕਿ ਸਟੀਲ ਦੀਆਂ ਵਧੀਆ ਥਾਲੀਆਂ ਵਿਚ ਇਹ ਖਾਣਾ ਪੂਰੇ ਸਲੀਕੇ ਨਾਲ ਪਰੋਸਿਆ ਜਾਵੇ। ਉਹ ਔਰਤਾਂ ਦੀਆਂ ਮੁਸ਼ਕਲਾਂ, ਰੀਝਾਂ ਅਤੇ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੀ ਸੀ ਕਿਉਂਕਿ ਉਸ ਦਾ ਆਪਣਾ ਬਚਪਨ ਵੀ ਗਰੀਬੀ ਵਿਚੋਂ ਲੰਘਿਆ ਸੀ।**



ਸ਼ਾਇਦ ਇਸ ਸਵਾਲ ਦੇ ਇਕ ਤੋਂ ਵੱਧ ਜਵਾਬ ਹੋਣਗੇ ਕਿ ਕੀ ਜੈਲਲਿਤਾ ਨੂੰ ਨਾਇਕ ਦਾ ਰੁਤਬਾ ਦਿੱਤਾ ਜਾ ਸਕਦਾ ਹੈ? ਕਿਹਾ ਜਾਂਦਾ ਹੈ ਕਿ ਨਾਇਕ ਲੀਕ ਤੋਂ ਹੱਟ ਕੇ ਅਗਿਆਤ ਦੇ ਖੇਤਰਾਂ ਵਿਚ ਛਾਲ ਮਾਰਨ ਦਾ ਖਤਰਾ ਮੁੱਲ ਲੈਂਦੇ ਹਨ। ਉਹ ਉਨ੍ਹਾਂ ਰਸਤਿਆਂ ਵਲ ਜਾਂਦੇ ਹਨ, ਜਿੱਥੇ ਨਾ ਕੋਈ ਜਾਣ ਦੀ ਹਿੰਮਤ ਕਰਦਾ ਹੈ ਅਤੇ ਨਾ ਕੋਈ ਗਿਆ ਹੁੰਦਾ ਹੈ। ਜੇ ਨਾਇਕ ਦੀ ਪਰਿਭਾਸ਼ਾ ਨੂੰ ਇੱਥੋਂ ਤਕ ਹੀ ਸੀਮਤ ਕਰਕੇ ਰੱਖਣਾ ਹੈ ਤਾਂ ਫੇਰ ਕਾਮਯਾਬ ਅਦਾਕਾਰਾ ਤੋਂ ਕਾਮਯਾਬ ਸਿਆਸਤਦਾਨ ਬਣੀ ਇਹ ਔਰਤ ਇਹੋ ਜਿਹੇ ਖਤਰੇ ਕਈ ਵਾਰ ਮੁੱਲ ਲੈਂਦੀ ਰਹੀ ਹੈ। ਉਸ ਦੇ ਰਾਹ ਖੁਸ਼ੀਆਂ ਦੇ ਨਾਲ-ਨਾਲ ਪੀੜਾਂ ਮੱਲੇ ਵੀ ਸਨ। ਹਾਰਨਾ ਵੀ ਉਸ ਦੀ ਤਕਦੀਰ ਵਿਚ ਲਿਖਿਆ ਹੋਇਆ ਸੀ, ਪਰ ਉਹ ਹਾਰ ਨੂੰ ਜਿੱਤ ਵਿਚ ਵੀ ਬਦਲਦੀ ਰਹੀ ਹੈ। ਜ਼ਲੀਲ ਵੀ ਪੁੱਜ ਕੇ ਹੋਈ ਪਰ ਵਕਤ ਆਉਣ 'ਤੇ ਜ਼ਲਾਲਤ ਦਾ ਬਦਲਾ ਵੀ ਲੈਂਦੀ ਰਹੀ ਹੈ। ਉਸ ਦੇ ਅੰਦਰ ਸੱਚੀ-ਮੁੱਚੀਂ ਕੁੱਝ ਵੱਡੀਆਂ ਗੱਲਾਂ ਜ਼ਰੂਰ ਸਨ ਜੋ ਕੁਝ ਤਾਂ ਕੁਦਰਤ ਦੀ ਸੌਗਾਤ ਸਨ ਪਰ ਬਹੁਤੀਆਂ ਉਸ ਨੇ ਕਮਾਈ ਕਰਕੇ ਹਾਸਲ ਕੀਤੀਆਂ ਸਨ।

ਜੈਲਲਿਤਾ ਨੇ ਦਰਾਵੜ ਰਾਜਨੀਤੀ ਅਤੇ ਦਰਾਵੜ ਮਾਨਸਿਕਤਾ ਵਿਚ ਉਹ ਮੁਕਾਮ ਹਾਸਲ ਕੀਤਾ ਜੋ ਹੈਰਾਨ ਕਰ ਦੇਣ ਵਾਲਾ ਹੈ। ਉਹ ਗੌੜ ਜਾਤ ਦੀ ਬ੍ਰਾਹਮਣ ਸੀ, ਜਿਸ ਨੂੰ ਬ੍ਰਾਹਮਣ ਭਾਈਚਾਰੇ ਵਿਚ ਉੱਚੀ ਜਾਤ ਸਮਝਿਆ ਜਾਂਦਾ ਹੈ, ਜਦਕਿ ਦੂਜੇ ਪਾਸੇ ਦਰਾਵੜ ਕੌਮ ਦਾ ਸਾਰਾ ਸੰਘਰਸ਼ ਹੀ ਬ੍ਰਾਹਮਣਵਾਦ ਨਾਲ ਸੀ। ਇਕ ਦੌਰ ਅਜਿਹਾ ਵੀ ਸੀ ਜਦੋਂ ਦਰਾਵੜ ਬਰਾਦਰੀ ਇਹ ਸਮਝਦੀ ਸੀ ਕਿ ਜੈਲਲਿਤਾ 'ਸਾਡੇ ਵਿਚੋਂ' ਨਹੀਂ ਅਤੇ ਉਹ 'ਆਊਟਸਾਈਡਰ' ਹੈ। ਠੀਕ ਜਾਂ ਗਲਤ ਦਰਾਵੜ ਮਾਨਸਿਕਤਾ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਸਿੰਧ ਘਾਟੀ ਦੀ ਮਹਾਨ ਸਭਿਅਤਾ ਦੇ ਅਸਲ ਵਾਰਿਸ ਉਹ ਹੀ ਸਨ। ਪਰ ਹਜ਼ਾਰਾਂ ਸਾਲ ਪਹਿਲਾਂ ਇਤਿਹਾਸ ਦੇ ਇਕ ਦੌਰ ਵਿਚ ਮੱਧ ਏਸ਼ੀਆ ਤੋਂ ਆਏ ਆਰੀਅਨ ਲੋਕਾਂ ਨੇ ਉਨ੍ਹਾਂ ਨੂੰ ਦੱਖਣ ਵਲ ਧੱਕ ਦਿੱਤਾ। ਉਹ ਆਪਣੇ ਆਪ ਨੂੰ ਗੈਰ-ਆਰੀਅਨ ਸਮਝਦੇ ਹਨ ਅਤੇ ਉਨ੍ਹਾਂ ਦੀ ਭਾਸ਼ਾ ਵੀ ਸੰਸਕ੍ਰਿਤ-ਪਰਿਵਾਰ ਦਾ ਹਿੱਸਾ ਨਹੀਂ। ਉਹ ਕੁਰਦਾਂ ਵਾਂਗ ਹੀ ਕਈ ਮੁਲਕਾਂ ਵਿਚ ਫੈਲੇ ਹੋਏ ਹਨ। ਇਕ ਅਨੁਮਾਨ ਅਨੁਸਾਰ ਦੁਨੀਆ ਭਰ ਵਿਚ ਦਰਾਵੜ ਨਸਲ ਦੇ ਲੋਕਾਂ ਦੀ ਗਿਣਤੀ 20 ਕਰੋੜ ਹੈ। ਦਿਲਚਸਪ ਗੱਲ ਇਹ ਹੈ ਕਿ ਬਲੋਚਿਸਤਾਨ ਜਿੱਥੇ ਆਜ਼ਾਦੀ ਦਾ ਸੰਘਰਸ਼ ਚਲ ਰਿਹਾ ਹੈ, ਉਹ ਵੀ ਦਰਾਵੜ ਹੀ ਸਮਝੇ ਜਾਂਦੇ ਹਨ।

50ਵਿਆਂ ਅਤੇ 60ਵਿਆਂ ਦੇ ਦੌਰ ਵਿਚ ਤਾਮਿਲਨਾਡੂ ਅੰਦਰ ਹਿੰਦੀ ਵਿਰੋਧੀ ਅੰਦੋਲਨ ਸਿਖਰ 'ਤੇ ਸੀ ਪਰ ਇਕ ਜੈਲਲਿਤਾ ਸੀ ਜੋ ਤਾਮਿਲ ਦੇ ਨਾਲ-ਨਾਲ ਹਿੰਦੀ ਵੀ ਚੰਗੀ ਤਰ੍ਹਾਂ ਬੋਲ ਲੈਂਦੀ ਸੀ। ਪਰ ਉਹ ਆਪਣੀ ਕੂਟਨੀਤਕ ਕਾਬਲੀਅਤ ਦੇ ਜ਼ੋਰ ਇਸ ਕਦਰ ਉਚਾਈਆਂ ਵੱਲ ਚੜ੍ਹਦੀ ਗਈ ਕਿ ਇਕ ਵਕਤ ਆ ਗਿਆ ਜਦੋਂ ਦਰਾਵੜ ਰਾਜਨੀਤੀ ਨੇ ਉਸ ਨੂੰ ਪੂਰੀ ਤਰ੍ਹਾਂ ਆਪਣੀ ਬਣਾ ਲਿਆ। ਪਰ ਇਸ ਮੁਕਾਮ 'ਤੇ ਪਹੁੰਚਾਉਣ ਵਿਚ ਸਭ ਤੋਂ ਵੱਡਾ ਰੋਲ ਐਮ.ਜੀ ਰਾਮਾਚੰਦਰਨ (ਐਮਜੀਆਰ) ਦਾ ਸੀ ਜਿਸ ਦੀ ਅਦਾਕਾਰੀ ਦੀਆਂ ਧੁੰਮਾਂ ਅਤੇ ਉਸ ਦੀ ਕਲਾ ਦੇ ਕ੍ਰਿਸ਼ਮੇ ਤੇ ਕਿੱਸੇ ਤਾਮਿਲਨਾਡੂ ਦੇ ਹਰ ਘਰ ਵਿਚ ਪਹੁੰਚ ਗਏ ਸਨ। ਕਰੀਬ 28 ਫਿਲਮਾਂ ਵਿਚ ਜੈਲਲਿਤਾ ਤੇ ਐਮਜੀਆਰ ਨੇ ਇਕੱਠਿਆਂ ਕੰਮ ਕੀਤਾ। ਦੋਵਾਂ ਦੀ ਜੋੜੀ ਦੀ ਕੈਮਿਸਟਰੀ ਤਾਮਿਲਾਂ ਦੇ ਦਿਲਾਂ ਉੱਤੇ ਰਾਜ ਕਰਨ ਲੱਗੀ। ਦੋਵੇਂ ਇਕ-ਦੂਜੇ ਦੇ ਇੰਨੇ ਕਰੀਬ ਹੋ ਗਏ ਕਿ ਐਮਜੀਆਰ ਨੂੰ ਲਗਿਆ ਕਿ ਜੈਲਲਿਤਾ ਰਾਜਨੀਤੀ ਵਿਚ ਵੀ ਵੱਡੇ ਕਰਿਸ਼ਮੇ ਕਰ ਸਕਦੀ ਹੈ। ਇਹ ਉਹ ਦੌਰ ਸੀ ਜਦੋਂ ਜੈਲਲਿਤਾ ਤਾਮਿਲ ਫਿਲਮ ਇੰਡਸਟਰੀ ਵਿਚ ਪਹਿਲੇ ਨੰਬਰ ਦੀ ਸਟਾਰ ਸੀ, ਦੋਵਾਂ ਦੇ ਸਬੰਧਾਂ ਉੱਤੇ ਵੀ ਕਈ ਤਰ੍ਹਾਂ ਦੇ ਚਰਚੇ ਹੋਣ ਲੱਗੇ। ਆਪਣੇ ਰਾਜਨੀਤਿਕ ਬੁਲੰਦੀ ਦੇ ਇਕ ਦੌਰ ਵਿਚ ਜੈਲਲਿਤਾ ਨੇ ਇਕ ਮੁਲਾਕਾਤ ਵਿਚ ਮੰਨਿਆ ਕਿ ਐਮਜੀਆਰ ਉਸ ਲਈ ਸਭ ਕੁਝ ਸੀ- ਇਕ ਮਾਂ, ਪਿਤਾ, ਦੋਸਤ, ਗਾਈਡ, ਗੁਰੂ ਤੇ ਫਿਲਾਸਫਰ। ਦਰਾਵੜ ਮਾਨਸਿਕਤਾ ਦਾ ਇਕ ਹੋਰ ਪਹਿਲੂ ਵੀ ਰਾਜਨੀਤਿਕ ਵਿਗਿਆਨੀਆਂ ਲਈ ਵਿਸ਼ੇਸ਼ ਦਿਲਚਸਪੀ ਅਤੇ ਅਧਿਐਨ ਦਾ ਕੇਂਦਰ ਰਿਹਾ ਹੈ। ਇਹ ਤਾਮਿਲਨਾਡੂ ਹੀ ਸੀ, ਜਿੱਥੇ ਸਿਨੇਮਾ ਰਾਜਨੀਤੀ ਦਾ ਪ੍ਰੇਰਨਾ ਸਰੋਤ ਹੋ ਨਿਬੜਿਆ। ਇਕ ਵਾਰ ਡੀਐਮਕੇ ਦੇ ਮੁਖੀ ਕਰੁਣਾਨਿਧੀ ਨੇ ਸਿਨੇਮਾ ਹਾਲ ਦੀ ਮਹੱਤਤਾ ਉੱਤੇ ਟਿੱਪਣੀ ਕਰਦਿਆਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਸਿਨੇਮਾ ਹਾਲ ਸਮਾਜਿਕ ਬਰਾਬਰਤਾ ਦਾ ਪੈਗਾਮ ਦਿੰਦੇ ਹਨ। ਤਾਮਿਲਨਾਡੂ ਵਿਚ ਫਿਲਮੀ ਹੀਰੋ ਸਿਆਸਤ ਦੇ ਮੈਦਾਨ ਵਿਚ ਵੀ ਹੀਰੋ ਬਣ ਕੇ ਉਭਰਦੇ ਰਹੇ ਹਨ। ਇਹ ਕਲਾਕਾਰ ਉੱਤਰੀ ਭਾਰਤ ਦੇ ਫਿਲਮੀ ਨਾਇਕਾਂ ਨਾਲੋਂ ਕਈ ਪਹਿਲੂਆਂ ਨਾਲੋਂ ਵੱਖਰੇ, ਵਿਸ਼ੇਸ਼ ਅਤੇ ਵਿਲੱਖਣ ਹਨ। ਉੱਤਰੀ ਭਾਰਤ ਦੇ ਲੋਕ ਫਿਲਮੀ ਨਾਇਕਾਂ ਨੂੰ ਸਿਆਸਤ ਵਿਚ ਲਿਆਉਣ ਲਈ ਕੋਈ ਖਾਸ ਦਿਲਚਸਪੀ ਨਹੀਂ ਵਖਾਉਂਦੇ ਪਰ ਦੱਖਣੀ ਭਾਰਤ ਦੇ ਲੋਕ ਅਤੇ ਵਿਸ਼ੇਸ਼ ਕਰਕੇ ਤਾਮਿਲ ਭਾਈਚਾਰਾ ਫਿਲਮੀ ਨਾਇਕਾਂ ਨੂੰ ਸਿਆਸਤ ਵਿਚ ਵੀ ਦਿਲੋਂ ਦਖਣਾ ਚਾਹੁੰਦੇ ਹਨ। ਤਾਮਿਲਨਾਡੂ ਦੇ 7 ਮੁੱਖ ਮੰਤਰੀਆਂ ਵਿਚੋਂ ਪੰਜ ਮੁੱਖ ਮੰਤਰੀ ਫਿਲਮਾਂ ਨਾਲ ਸਬੰਧਤ ਰਹੇ ਪਰ ਇਨ੍ਹਾਂ ਵਿਚੋਂ ਐਮਜੀਆਰ ਅਤੇ ਜੈਲਲਿਤਾ ਸਭ ਤੋਂ ਵੱਧ ਹਰਮਨ ਪਿਆਰੇ ਸਨ। ਅਸਲ ਵਿਚ ਤਾਮਿਲਨਾਡੂ ਦੀ ਵਰਤਮਾਨ ਸਿਆਸਤ ਦੀ ਰੂਪ ਰੇਖਾ, ਉਸ ਦੀ ਸੁਤੰਤਰ ਹੋਂਦ, ਨੁਹਾਰ ਅਤੇ ਨਿਖਾਰ ਦਾ ਸੋਮਾ ਵੀ ਫਿਲਮਾਂ ਹੀ ਸਨ। ਇਹ ਫਿਲਮੀ ਨਾਇਕ ਇਸ ਕਰਕੇ ਵੀ ਲੋਕਪ੍ਰਿਯ ਹਨ ਕਿਉਂਕਿ ਉਹ ਤਿਆਗ, ਸੇਵਾ ਤੇ ਲਗਨ ਦਾ ਮੁਜੱਸਮਾ ਵੀ ਹੁੰਦੇ ਹਨ ਅਤੇ ਜੈਲਲਿਤਾ ਵਿਚ ਇਹ ਸਾਰੇ ਗੁਣ ਮੌਜੂਦ ਸਨ।



ਕਰਮਜੀਤ ਸਿੰਘ
(99150-910630)

ਐਮਜੀਆਰ ਨੇ ਡੀ.ਐਮ.ਕੇ ਨਾਲੋਂ ਤੋੜ-ਵਿਛੋੜਾ ਕਰਕੇ ਵੱਖਰੀ ਪਾਰਟੀ ਅੰਨਾ.ਡੀ.ਐਮ.ਕੇ ਬਣਾ ਲਈ ਤੇ ਆਪਣੀ ਰਾਜਨੀਤਿਕ ਵਿਰਾਸਤ ਨੂੰ ਅੱਗੇ ਤੋਰਨ ਲਈ ਆਪਣੇ ਜਿਉਂਦੇ ਜੀਅ ਹੀ ਜੈਲਲਿਤਾ ਦੀ ਚੋਣ ਵੀ ਕਰ ਲਈ। ਪਹਿਲਾਂ ਉਹ ਅਸੈਂਬਲੀ ਦੀ ਮੈਂਬਰ ਬਣੀ ਅਤੇ ਫੇਰ ਜਦੋਂ ਐਮਜੀਆਰ ਨੇ ਵੇਖਿਆ ਕਿ ਦਰਾਵੜ ਭਾਈਚਾਰਾ ਜੈਲਲਿਤਾ ਦੇ ਉਭਾਰ ਤੇ ਪਸਾਰ ਨੂੰ ਅਜੇ ਪਸੰਦ ਨਹੀਂ ਕਰਦਾ ਤਾਂ ਉਸ ਨੇ ਜੈਲਲਿਤਾ ਨੂੰ ਰਾਜ ਸਭਾ ਦਾ ਮੈਂਬਰ ਬਣਾ ਕੇ ਦਿੱਲੀ ਭੇਜ ਦਿੱਤਾ। 1987 ਵਿਚ ਐਮਜੀਆਰ ਚਲ ਵਸੇ ਤੇ ਨਾਲ ਹੀ ਉਸ ਦਾ ਅਗਲਾ ਰਾਜਨੀਤਿਕ ਸਫਰ ਸ਼ੁਰੂ ਹੋ ਗਿਆ ਜੋ ਰੁਕਾਵਟਾਂ ਤੇ ਮੁਸ਼ਕਲਾਂ ਨਾਲ ਭਰਿਆ ਹੋਇਆ ਸੀ। ਪਾਰਟੀ ਐਮਜੀਆਰ ਦੀ ਪਤਨੀ ਨੂੰ ਅੱਗੇ ਲਿਆਉਣਾ ਚਾਹੁੰਦੀ ਸੀ ਪਰ ਫੇਰ ਵੀ ਜੈਲਲਿਤਾ ਨੇ ਹਾਰ ਨਹੀਂ ਮੰਨੀ ਅਤੇ ਉਸ ਨੇ ਆਪਣੀ ਕੂਟਨੀਤਕ ਯੋਗਤਾ ਤੇ ਮਿਹਨਤ ਨਾਲ ਪਾਰਟੀ ਵਿਚ ਆਪਣੀ ਥਾਂ ਬਣਾ ਲਈ। 2014 ਦੀ ਲੋਕ ਸਭਾ ਚੋਣ ਵਿਚ ਉਸ ਨੇ 39 ਵਿਚੋਂ 37 ਸੀਟਾਂ ਹਾਸਲ ਕੀਤੀਆਂ ਅਤੇ ਕੁਲ ਪਈਆਂ ਵੋਟਾਂ ਦੇ 44 ਫੀਸਦੀ ਹਿੱਸੇ ਉੱਤੇ ਉਸੇ ਦਾ ਕਬਜ਼ਾ ਸੀ। ਪਰ ਵਿੱਤ ਤੋਂ ਵੱਧ ਜਾਇਦਾਦ ਰੱਖਣ ਦੇ ਇਲਜ਼ਾਮ ਵਿਚ ਸਤੰਬਰ 2014 ਵਿਚ ਉਸ ਨੂੰ ਸਜ਼ਾ ਹੋਈ, ਉਹ ਜੇਲ੍ਹ ਵੀ ਗਈ ਪਰ 2015 ਵਿਚ ਬਰੀ ਹੋ ਗਈ ਅਤੇ ਇਕ ਵਾਰ ਫੇਰ ਤਾਮਿਲਨਾਡੂ ਦੀ ਸਿਆਸਤ ਵਿਚ ਛਾ ਗਈ। ਰਾਜਨੀਤੀ ਵਿਚ ਉਸ ਦਾ ਮੁਕਾਬਲਾ ਡੀ.ਐਮ.ਕੇ ਦੇ ਮੁਖੀ ਕਰੁਣਾਨਿਧੀ ਨਾਲ ਹਮੇਸ਼ਾ ਹੀ ਰਿਹਾ ਜੋ ਕਦੇ ਉਸ ਦਾ ਵਿਰੋਧੀ ਹੁੰਦਾ ਸੀ, ਕਦੇ ਸ਼ਰੀਕ ਤੇ ਕਦੇ ਦੁਸ਼ਮਣ। ਪਰ ਇਸ ਟੱਕਰ ਵਿਚ ਵੀ ਬਹੁਤੀ ਵਾਰ ਜਿੱਤ ਜੈਲਲਿਤਾ ਦੀ ਹੀ ਰਹੀ।

ਕੁਝ ਦਿਲਚਸਪ ਹਕੀਕਤਾਂ ਦਾ ਜ਼ਿਕਰ ਵੀ ਜ਼ਰੂਰੀ ਹੈ ਜੋ ਉਸ ਦੀ ਸਖਸ਼ੀਅਤ ਨੂੰ ਹੋਰਨਾਂ ਨਾਲੋਂ ਵੱਖਰਾ ਤੇ ਵੱਡਾ ਕਰਦੀਆਂ ਹਨ। ਉਸ ਨੂੰ ਜਨਤਾ ਦੇ ਦਿਲਾਂ ਦੇ ਕਰੀਬ ਲਿਆਉਂਦੀਆਂ ਹਨ ਅਤੇ ਇੱਥੋਂ ਤਕ ਪੂਜਣਯੋਗ ਹਸਤੀ ਵੀ ਬਣਾ ਦਿੰਦੀਆਂ ਹਨ। ਜੈਲਲਿਤਾ ਨੂੰ ਇਸ ਗੱਲ ਦੀ ਬੜੀ ਗੰਭੀਰ ਤੇ ਬਾਰੀਕ ਸਮਝ ਸੀ ਕਿ ਹਾਸ਼ੀਏ ਉੱਤੇ ਰੁਲਦੇ ਖੁਲਦੇ ਲੋਕਾਂ ਨੂੰ ਗਲ ਨਾਲ ਕਿਵੇਂ ਲਾਉਣਾ ਹੈ ਤਾਂ ਜੋ ਉਸ ਦਾ ਵੋਟ ਬੈਂਕ ਵੀ ਪੱਕਾ ਤੇ ਲੰਮੀ ਉਮਰ ਵਾਲਾ ਹੋਵੇ ਪਰ ਨਾਲ ਹੀ ਉਹ ਉਨ੍ਹਾਂ ਦੇ ਦਿਲਾਂ ਦੀ ਰਾਜਕੁਮਾਰੀ ਵੀ ਬਣੀ ਰਹੇ। ਸੂਬੇ ਵਿਚ 60 ਇਹੋ ਜਿਹੇ ਥਾਣੇ ਬਣਾਏ ਗਏ ਜਿਨ੍ਹਾਂ ਵਿਚ ਕੇਵਲ ਤੇ ਕੇਵਲ ਔਰਤਾਂ ਹੀ ਤਾਇਨਾਤ ਹਨ। ਉਹ ਉਨ੍ਹਾਂ ਦੀ ਕਾਰਗੁਜ਼ਾਰੀ ਉੱਤੇ ਖੁਦ ਲਗਾਤਾਰ ਨਿਗ੍ਹਾ ਰੱਖਦੀ ਸੀ। ਬੇਸਹਾਰਾ ਤੇ ਗਰੀਬ ਕੁੜੀਆਂ ਦੇ ਜਨਮ ਨਾਲ ਹੀ ਉਨ੍ਹਾਂ ਦੇ ਨਾਂ 'ਤੇ ਪੰਜ ਹਜ਼ਾਰ ਦੀ ਐਫ.ਡੀ ਤਿਆਰ ਕੀਤੀ ਜਾਂਦੀ ਅਤੇ ਜਵਾਨ ਹੋਣ ਤਕ ਉਹ ਰਕਮ 20000 ਬਣ ਜਾਂਦੀ। ਪੰਜ ਰੁਪਏ ਵਿਚ ਕੀਮਤੀ ਖਾਣਾ ਦਿੱਤਾ ਜਾਂਦਾ ਅਤੇ ਵਿਸ਼ੇਸ਼ ਹਦਾਇਤ ਇਹ ਹੁੰਦੀ ਕਿ ਸਟੀਲ ਦੀਆਂ ਵਧੀਆ ਥਾਲੀਆਂ ਵਿਚ ਇਹ ਖਾਣਾ ਪੂਰੇ ਸਲੀਕੇ ਨਾਲ ਪਰੋਸਿਆ ਜਾਵੇ। ਉਹ ਔਰਤਾਂ ਦੀਆਂ ਮੁਸ਼ਕਲਾਂ, ਰੀਝਾਂ ਅਤੇ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੀ ਸੀ ਕਿਉਂਕਿ ਉਸ ਦਾ ਆਪਣਾ ਬਚਪਨ ਵੀ ਗਰੀਬੀ ਵਿਚੋਂ ਲੰਘਿਆ ਸੀ। ਰਸੋਈ ਲਈ ਗੈਸ ਚੁੱਲ੍ਹੇ, ਲੈਪਟਾਪ, ਮਿਕਸੀਆਂ ਅਤੇ ਇਹੋ ਜਿਹਾ ਹੋਰ ਸਾਮਾਨ ਉਸ ਨੇ ਖੁੱਲ੍ਹੇ ਦਿਲ ਨਾਲ ਵੰਡਿਆ। ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਲਈ ਦੁਪਹਿਰ ਦੇ ਮੁਫਤ ਖਾਣੇ ਦਾ ਉਦਘਾਟਨ ਵੀ ਉਸੇ ਨੇ ਹੀ ਕੀਤਾ ਅਤੇ ਰੀਸਮ ਰੀਸ ਫੇਰ ਹੋਰਨਾਂ ਸੂਬਿਆਂ ਨੇ ਵੀ ਇਸ ਨੂੰ ਲਾਗੂ ਕਰ ਦਿੱਤਾ। ਪਰ ਤਾਮਿਲਨਾਡੂ ਦੇ ਖਾਣਿਆਂ ਵਿਚ ਕਦੇ ਵੀ ਇਹ ਸ਼ਿਕਾਇਤ ਨਹੀਂ ਸੀ ਆਈ ਕਿ ਆਟੇ ਵਿਚ ਕੀੜੇ ਪਾਏ ਗਏ ਜਾਂ ਘਟੀਆਂ ਕਿਸਮ ਦੀਆਂ ਸਬਜ਼ੀਆਂ ਬੱਚਿਆਂ ਨੂੰ ਖਾਣ ਲਈ ਦਿੱਤੀਆਂ ਗਈਆਂ।

ਜੈਲਲਿਤਾ ਜ਼ਿੱਦੀ ਵੀ ਸੀ, ਅੜੀਅਲ ਵੀ ਸੀ, ਸਿਰੜੀ ਵੀ ਪੁੱਜ ਕੇ ਸੀ ਅਤੇ ਬਦਲਾਖੋਰੀ ਵਿਚ ਵੀ ਪੂਰਾ ਯਕੀਨ ਰੱਖਦੀ ਸੀ। ਸਵੈ-ਭਰੋਸੇ ਅਤੇ ਸਵੈਮਾਣ ਦਾ ਨਾਹ ਪੱਖੀ ਪਹਿਲੂ ਉਸ ਦੇ ਧੁਰ ਅੰਦਰ ਇਸ ਹੱਦ ਤਕ ਬਲਵਾਨ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਦੇਵੇਗੌੜਾ ਦਾ ਕਹਿਣਾ ਹੈ ਕਿ ਕਾਵੇਰੀ ਦੇ ਪਾਣੀਆਂ ਦੇ ਮੁੱਦੇ 'ਤੇ ਗੱਲਬਾਤ ਲਈ ਜਦੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਉਸ ਨੂੰ ਦਿੱਲੀ ਵਿਚ ਸੱਦਿਆ ਤਾਂ ਕਿਸੇ ਨੁਕਤੇ ਉੱਤੇ ਚਲਦੀ ਮੀਟਿੰਗ ਵਿਚ ਆਪਣੀ ਅਸਹਿਮਤੀ ਅਤੇ ਰੋਸ ਦਾ ਇਜ਼ਹਾਰ ਕਰਨ ਲਈ ਉਹ ਅਚਾਨਚੱਕ ਮੀਟਿੰਗ ਵਿਚੋਂ ਵਾਕ-ਆਊਟ ਕਰ ਗਈ। ਮੀਡੀਏ ਤੋਂ ਉਹ ਦੂਰੀ ਬਣਾ ਕੇ ਰੱਖਦੀ ਸੀ। ਅਦਾਕਾਰਾ ਸਿੰਮੀ ਗਰੇਵਾਲ ਨਾਲ ਲੰਬੀ ਮੁਲਾਕਾਤ ਦੌਰਾਨ ਉਸ ਨੇ ਆਪਣੀ ਜ਼ਿੰਦਗੀ ਦੇ ਕਈ ਰਾਜ਼ ਖੋਲ੍ਹੇ ਸਨ ਅਤੇ ਦੱਸਿਆ ਸੀ ਕਿ ਉਸ ਦਾ ਬਚਪਨ ਕਿਹੋ ਜਿਹਾ ਸੀ। ਪਿਆਰ ਉਸ ਦੀ ਜ਼ਿੰਦਗੀ ਵਿਚ ਕਦੇ ਵੀ ਨਹੀਂ ਸੀ ਆਇਆ ਜਾਂ ਇਉਂ ਕਹਿ ਲਓ ਕਿ ਉਸ ਦਾ ਆਪਣਾ ਰਾਜਨੀਤਿਕ ਕੱਦ ਹੀ ਐਨਾ ਉੱਚਾ ਹੋ ਗਿਆ ਸੀ ਕਿ ਅਜਿਹਾ ਕੋਈ ਵੀ ਵਿਅਕਤੀ ਉਸ ਦੇ ਹਾਣ ਦਾ ਨਹੀਂ ਸੀ ਜਿਸ ਨੂੰ ਦਿਲਾਂ ਦਾ ਮਹਿਰਮ ਕਿਹਾ ਜਾ ਸਕੇ। ਉਂਞ ਹਾਸੇ ਮਖੌਲ ਵਿਚ ਉਸ ਨੇ ਸਿੰਮੀ ਗਰੇਵਾਲ ਨੂੰ ਕਿਹਾ ਸੀ ਕਿ ਸ਼ੰਮੀ ਕਪੂਰ ਉਸ ਨੂੰ ਪਸੰਦ (ਕਰੱਸ਼) ਸੀ। ਹਲਾਂਕਿ ਇਹ ਗੱਲ ਵੀ ਅਜੀਬ ਤੇ ਦਿਲਚਸਪ ਸੀ ਕਿ ਉਹ ਉਸ ਨੂੰ ਕਦੇ ਵੀ ਨਹੀਂ ਸੀ ਮਿਲੀ। ਜਦੋਂ ਪੁਛਿਆ ਗਿਆ ਕਿ ਤੁਹਾਨੂੰ ਸਭ ਤੋਂ ਵੱਧ ਕਿਹੜਾ ਗਾਣਾ ਪਸੰਦ ਸੀ ਤਾਂ ਜਵਾਬ ਸੀ ਕਿ 'ਕਈ ਹਨ', ਪਰ ਇਹ ਗਾਣਾ 'ਆ ਜਾ ਸਨਮ, ਮਧੁਰ ਚਾਂਦਨੀ ਮੇਂ ਹਮ, ਤੁਮ ਮਿਲੇ ਤੋ ਵਿਰਾਨੇ ਮੇਂ ਭੀ ਆ ਜਾਏਗੀ ਬਹਾਰ.....' ਸਭ ਤੋਂ ਵੱਧ ਪਸੰਦ ਸੀ। ਇਸ ਉਦਾਸ ਗਾਣੇ ਦੀਆਂ ਕੁਝ ਸਤਰਾਂ ਸਿੰਮੀ ਗਰੇਵਾਲ ਤੇ ਜੈਲਲਿਤਾ ਨੇ ਜਦੋਂ ਰਲ ਕੇ ਗਾਈਆਂ ਤਾਂ ਕੋਈ ਵੀ ਜੈਲਲਿਤਾ ਦੇ ਚਿਹਰੇ ਉੱਤੇ ਆਈ ਉਸ ਦੀ ਸੰਘਣੀ ਉਦਾਸੀ ਵਿਚ ਸ਼ਾਮਲ ਹੋਣ ਤੋਂ ਨਹੀਂ ਰਹਿ ਸਕਦਾ। ਉਦਾਸ ਚਿੰਤਨ ਦੇ ਧਰਾਤਲ 'ਤੇ ਖਲੋ ਕੇ ਸੋਚਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਵੱਡੇ ਬੰਦੇ ਇਕੱਲੇ ਹੀ ਹੁੰਦੇ ਹਨ ਤੇ ਚੰਨ ਤਾਰਿਆਂ ਨਾਲ ਹੀ ਆਪਣੀ ਸਾਂਝ ਪਾਉਣੀ ਉਨ੍ਹਾਂ ਦੀ ਹਸਰਤ ਜਾਂ ਬੇਵਸੀ ਹੁੰਦੀ ਹੈ।

ਜੈਲਲਿਤਾ ਆਪਣੇ ਦਿਲ ਦੇ ਭੇਤ ਘੱਟ ਹੀ ਕਿਸੇ ਨੂੰ ਦਿੰਦੀ ਸੀ, ਸ਼ਾਇਦ ਸ਼ਸ਼ੀਕਲਾ ਨੂੰ ਵੀ ਨਹੀਂ ਜੋ ਕਦੇ ਉਸ ਦੇ ਅੱਤ ਕਰੀਬ ਸੀ ਪਰ ਇਕ ਸਮੇਂ ਉਸ ਨੂੰ ਉਸ ਨੇ ਆਪਣੇ ਘਰ ਵਿਚੋਂ ਕੱਢ ਦਿੱਤਾ ਸੀ। ਬਾਅਦ ਵਿਚ ਉਹ ਉਸ ਦੇ ਫੇਰ ਕਰੀਬ ਆ ਗਈ ਸੀ। ਜੈਲਲਿਤਾ ਦੇ ਜੀਵਨ ਸਫਰ ਦੇ ਆਖਰੀ ਸੱਤ ਮਹੀਨਿਆਂ ਬਾਰੇ ਕਿਸੇ ਨੂੰ ਵੀ ਬਹੁਤਾ ਪਤਾ ਨਹੀਂ, ਹੋ ਸਕਦਾ ਹੈ ਸ਼ਸ਼ੀਕਲਾ ਇਨ੍ਹਾਂ ਦਿਨਾਂ ਦੇ ਰਾਜ਼ ਖੋਲ੍ਹੇ। ਪਰ ਕਿਹਾ ਜਾਂਦਾ ਹੈ ਕਿ ਉਹ ਸਕੱਤਰੇਤ ਵਿਚ ਬਹੁਤ ਘੱਟ ਜਾਂਦੀ ਸੀ ਅਤੇ ਫਾਈਲਾਂ ਉਸ ਦੇ ਦਸਤਖਤਾਂ ਲਈ ਉਡੀਕ ਕਰਦੀਆਂ ਰਹਿੰਦੀਆਂ ਸਨ। ਆਖਰੀ ਮਹੀਨਿਆਂ ਵਿਚ ਉਹ ਨੀਲਗੀਰੀ ਹਿਲਜ਼ ਦੇ ਆਪਣੇ ਘਰ ਵਿਚ ਚਲੀ ਗਈ। ਉਸ ਦੇ ਘਰ ਦੇ ਬਾਹਰਵਾਰ ਉਸ ਨੇ ਝੌਂਪੜੀਆਂ ਬਣਾਈਆਂ ਹੁੰਦੀਆਂ ਸਨ, ਜਿੱਥੇ ਆਈ. ਏ.ਐਸ ਤੇ ਹੋਰ ਅਧਿਕਾਰੀ ਫਾਈਲਾਂ ਦੇ ਪੁਲੰਦੇ ਲੈ ਕੇ ਪਹੁੰਚ ਜਾਂਦੇ। ਉੱਥੋਂ ਹੀ ਤਿੰਨ ਚਾਰ ਨੌਜਵਾਨ ਕੁੜੀਆਂ ਇਹ ਫਾਈਲਾਂ ਲੈ ਜਾਂਦੀਆਂ ਤੇ ਜੈਲਲਿਤਾ ਦੇ ਦਸਤਖ਼ਤ ਕਰਵਾ ਕੇ ਵਾਪਸ ਲੈ ਆਉਂਦੀਆਂ। ਇਕ ਵਾਰ ਤਾਂ ਉਸ ਨੇ ਚੋਣ ਕਮਿਸ਼ਨ ਨੂੰ ਵੀ ਕਹਿ ਦਿੱਤਾ ਕਿ ਉਹ ਜ਼ਿਮਨੀ ਚੋਣ ਵਿਚ ਆਪਣੀ ਉਮੀਦਵਾਰੀ ਦਾ ਫਾਰਮ ਵੀ ਆਪਣੇ ਘਰ ਵਿਚ ਹੀ ਭਰੇਗੀ ਪਰ ਕਮਿਸ਼ਨ ਨੇ ਇਨਕਾਰ ਕਰ ਦਿੱਤਾ। ਇਕ ਵਾਰ ਸੌਂਹ ਚੁੱਕਣ ਦੇ ਸਮਾਗਮ ਸਮੇਂ ਉਸ ਨੇ ਰਾਸ਼ਟਰੀ ਗੀਤ ਬੰਦ ਕਰਵਾ ਦਿੱਤਾ ਕਿਉਂਕਿ ਉਹ ਬਿਮਾਰ ਹੋਣ ਕਰਕੇ ਖੜ੍ਹੀ ਨਹੀਂ ਸੀ ਹੋ ਸਕਦੀ। ਉਸ ਦੇ ਜੀਵਨ ਨਾਲ ਜੁੜੀਆਂ ਕਈ ਅਜਿਹੀਆਂ ਬੁਝਾਰਤਾਂ ਹਨ ਪਰ ਉਹ ਸਾਫ ਕਿਹਾ ਕਰਦੀ ਸੀ ਕਿ ਮੈਂ ਕਿਸੇ ਦੀ ਈਨ ਨਹੀਂ ਮੰਨਦੀ, ਮੈਨੂੰ ਕੋਈ ਪਿਆਰ ਨਾਲ ਕਹੇ ਤਾਂ ਮੈਂ ਝੱਟ ਮੰਨ ਜਾਂਦੀ ਹਾਂ।

ਕੀ ਜੈਲਲਿਤਾ ਨੇ ਦਰਾਵੜ ਰਾਜਨੀਤੀ ਦੇ ਮੂਲ ਚਰਿੱਤਰ ਨੂੰ ਕਾਇਮ ਰੱਖਿਆ? ਇਸ ਸਵਾਲ 'ਤੇ ਦੋ ਰਾਵਾਂ ਸਾਹਮਣੇ ਆਉਂਦੀਆਂ ਹਨ। ਇਕ ਵਿਚਾਰ ਤਾਂ ਇਹ ਹੈ ਕਿ ਉਸ ਨੇ ਦਰਾਵੜਾਂ ਦੇ ਸਵੈਮਾਣ ਅਤੇ ਉਨ੍ਹਾਂ ਦੀ ਸੁਤੰਤਰ ਹੋਂਦ ਨੂੰ ਕਾਇਮ ਰੱਖਦੇ ਹੋਏ ਦਰਾਵੜ ਰਾਜਨੀਤੀ ਨੂੰ ਰਾਸ਼ਟਰ ਮੰਚ ਉੱਤੇ ਲਿਆ ਖੜ੍ਹਾ ਕੀਤਾ। ਪਰ ਇਸ ਦੇ ਉਲਟ ਦੂਜਾ ਵਿਚਾਰ ਇਹ ਹੈ ਕਿ ਉਸ ਨੇ ਦਰਾਵੜ ਰਾਜਨੀਤੀ ਦੇ ਮੂਲ ਲੱਛਣਾਂ ਨੂੰ ਖੋਰਾ ਲਾ ਕੇ ਦਿੱਲੀ ਅੱਗੇ ਗੋਡੇ ਟੇਕ ਦਿੱਤੇ ਅਤੇ ਤਾਮਿਲ ਕਲਚਰ ਦੀ ਸ਼ਾਨੋ ਸ਼ੌਕਤ ਨੂੰ ਨੁਕਸਾਨ ਪਹੁੰਚਾਇਆ। ਕਿਹਾ ਜਾਂਦਾ ਹੈ ਕਿ ਡੀ.ਐਮ.ਕੇ ਦਾ ਜੈਲਲਿਤਾ ਨਾਲ ਮੁੱਖ ਤੌਰ 'ਤੇ ਰੌਲਾ ਹੀ ਇਹੋ ਸੀ। ਉਹ ਆਪਣੇ ਪਿੱਛੇ ਵੱਡਾ ਖਲਾਅ ਛੱਡ ਗਈ ਹੈ, ਜਿਸ ਨੂੰ ਪੂਰਨਾ ਉਸ ਦੇ ਵਾਰਿਸਾਂ ਲਈ ਵੱਡੀ ਚੁਣੌਤੀ ਹੋਵੇਗਾ।

# Sir Speedy Tustin ®

*Printers to the Community*




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



**CALL NOW**

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਅੱਠਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਸ. ਵਿਸਾਖਾ ਸਿੰਘ

ਦਬੌਲੀ ਵਿਚ ਬਹੁਤ ਸਾਰੇ ਘਰ ਸਿੱਖਾਂ ਦੇ ਸਨ, ਜੋ ਪੂਰੀ ਤਰ੍ਹਾਂ ਲੁੱਟੇ ਤੇ ਸਾੜੇ ਗਏ। ਸ. ਵਿਸਾਖਾ ਸਿੰਘ ਦੇ ਘਰ ਦੇ ਸੱਤ ਜੀਅ ਮਾਰੇ ਗਏ। ਵਿਸਾਖਾ ਸਿੰਘ ਦੀਆਂ ਪੰਜ ਨੰਬਰ ਗੁਮਟੀ ਵਿਚ ਕਰਿਆਨੇ ਦੀਆਂ ਦੁਕਾਨਾਂ ਸਨ। ਇਕ 'ਤੇ ਉਹ ਆਪ ਤੇ ਛੋਟੇ ਪੁੱਤਰ ਬਹਿੰਦੇ ਤੇ ਦੂਜੀ 'ਤੇ ਵੱਡਾ ਪੁੱਤਰ ਤੇ ਵਿਚਕਾਰਲਾ ਬਹਿੰਦੇ। ਗੁਰਮੁਖ ਤੇ ਨਿਹਾਇਤ ਸ਼ਰੀਫ਼ ਹੋਣ ਕਰਕੇ ਸਭ ਉਸ ਦੀ ਬਹੁਤ ਇੱਜ਼ਤ ਕਰਦੇ।

ਇਕੱਤੀ ਤਾਰੀਖ਼ ਸ਼ਾਮੀ ਕੁਝ ਕੁ ਗੁੰਡਿਆਂ ਨੇ ਇਕੱਠੇ ਹੋ ਕੇ ਉਨ੍ਹਾਂ ਦੇ ਘਰ ਨੂੰ ਘੇਰਿਆ ਤਾਂ ਉਨ੍ਹਾਂ ਪੀਸੀਆਂ ਹੋਈਆਂ ਮਿਰਚਾਂ ਕੋਠੇ ਤੋਂ ਸੁੱਟੀਆਂ। ਭੀੜ ਅੱਖਾਂ ਮਲਦੀ ਤੇ ਨਿੱਛਾਂ ਮਾਰਦੀ ਖਿੰਡ ਗਈ, ਪਰ ਸਵੇਰੇ ਬਹੁਤ ਵੱਡੇ ਹਜੂਮ ਨੇ ਘਰ 'ਤੇ ਹਮਲਾ ਕੀਤਾ।

ਸਾਰਾ ਟੱਬਰ ਅੰਦਰ ਹੀ ਲੁਕਿਆ ਹੋਇਆ ਸੀ ਜਦੋਂ ਉਨ੍ਹਾਂ ਖਿੜਕੀਆਂ ਵਿੱਚੋਂ ਡਬਲਰੋਟੀ ਤੇ ਪੈਟਰੋਲ ਪਾ ਕੇ ਬਲਦੀਆਂ ਲੀਰਾਂ ਅੰਦਰ ਸੁੱਟ ਕੇ ਮਿੱਟੀ ਦਾ ਤੇਲ ਤੇ ਪੈਟਰੋਲ ਡੋਲ੍ਹਿਆ। ਅੱਗ ਤੇ ਧੂੰਏਂ ਤੋਂ ਘਬਰਾ ਕੇ ਚਾਰੇ ਮੁੰਡੇ ਬਾਹਰ ਦੌੜੇ ਤਾਂ ਗੁੰਡਿਆਂ ਨੇ ਸਭ ਨੂੰ ਕੋਹ ਸੁੱਟਿਆ। ਵਿਸਾਖਾ ਸਿੰਘ, ਉਸ ਦੀ ਪਤਨੀ ਤੇ 21 ਸਾਲ ਦੀ ਧੀ ਵੀ ਬਾਹਰ ਆ ਗਏ। ਵਿਸਾਖਾ ਸਿੰਘ ਦੇ ਹੱਥ ਵਿਚ ਕਿਰਪਾਨ ਸੀ। ਉਸ ਨੇ ਮੁਕਾਬਲਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਕੁਝ ਗੁੰਡੇ ਉਸ ਦੀ ਧੀ ਚੁਕਣਾ ਚਾਹ ਰਹੇ ਸਨ। ਜਦ ਕੋਈ ਚਾਰਾ ਨਾ ਰਿਹਾ ਤਾਂ ਉਸ ਨੇ ਲੜਕੀ ਦਾ ਸਿਰ ਲਾਹ ਕੇ ਕਿਰਪਾਨ ਆਪਣੇ ਪੇਟ ਵਿਚ ਖੋਭ ਲਈ। ਹੇਠਾਂ ਲੜਕੀ, ਉੱਤੇ ਵਿਸਾਖਾ ਸਿੰਘ ਤੇ ਉਨ੍ਹਾਂ ਦੋਹਾਂ ਉੱਤੇ ਉਸ ਦੀ ਪਤਨੀ ਡਿਗ ਪਈ। ਦੰਗਾਈਆਂ ਨੇ ਉੱਤੇ ਤੇਲ ਪਾ ਕੇ ਅੱਗ ਲਾ ਦਿੱਤੀ। ਅੱਗ ਮਚਣ ਤੋਂ ਬਾਅਦ ਉਨ੍ਹਾਂ ਦੇ ਘਰ ਅੰਦਰੋਂ ਚੀਨੀ ਦੀ ਬੋਰੀ ਧ੍ਰੀਕ ਕੇ ਉੱਤੇ ਸੁੱਟ ਦਿੱਤੀ ਗਈ। ਉਸ ਦੇ ਦੋ ਪੁੱਤਰ ਛੱਤ ਟੱਪ ਕੇ ਪਿਛਵਾੜੇ ਮਲਬੇ ਪਿੱਛੇ ਛੁਪੇ ਰਹੇ। ਦੋ ਦਿਨ ਬਾਅਦ ਆਰਮੀ ਨੇ ਉਨ੍ਹਾਂ ਨੂੰ ਕੱਢ ਕੇ ਕੈਂਪ ਵਿਚ ਲਿਆਂਦਾ।

ਦਬੌਲੀ ਵਿਚ ਸਾਰੇ ਸਿੱਖਾਂ ਦੇ ਘਰ ਤਬਾਹ ਕਰ ਦਿੱਤੇ ਗਏ ਤੇ ਭਿਆਨਕ ਨਰਸੰਹਾਰ ਹੋਇਆ। ਕਈਆਂ ਕੁੜੀਆਂ ਨੂੰ ਅਗਵਾ ਕੀਤਾ ਗਿਆ, ਜਿਨ੍ਹਾਂ ਦੀ ਬਹੁਤ ਦੁਰਗਤੀ ਕੀਤੀ ਗਈ। ਕੁਝ ਤਾਂ ਲੱਭ ਗਈਆਂ, ਪਰ ਬਹੁਤ ਸਾਰੀਆਂ ਦਾ ਕੋਈ ਥਹੁ ਪਤਾ ਨਹੀਂ ਮਿਲਿਆ। ਅਸਲ ਵਿਚ ਕਈ ਮਾਂ ਪਿਉ, ਅਜਿਹੇ ਵੀ ਸਨ, ਜੋ ਅੰਦਰੇ ਅੰਦਰ ਘੁੱਟ ਕੇ ਇਹ ਬੇਇਜ਼ਤੀ ਦੇ ਦੁੱਖ ਪੀ ਗਏ ਤੇ ਰਿਪੋਰਟ ਤਕ ਨਹੀਂ ਲਿਖਾਈ।

756/14 ਦਬੌਲੀ ਦੀ ਸੁਰਿੰਦਰ ਕੌਰ ਨੇ ਦਸਿਆ ਕਿ ਉਸ ਦੇ ਪਤੀ ਭਗਵਾਨ ਸਿੰਘ ਇਕੱਤੀ ਅਕਤੂਬਰ ਗਨ ਫ਼ੈਕਟਰੀ ਵਿਚੋਂ ਇਕਲੇ ਹੀ ਸਨ ਕਿ ਹਜੂਮ ਨੇ ਘੇਰ ਲਿਆ। ਉਨ੍ਹਾਂ ਸਰਦਾਰ ਜੀ ਦੀ ਪੱਗ ਲਾ ਕੇ ਬੇਤਹਾਸ਼ਾ ਮਾਰਿਆ ਕਿ ਉਨ੍ਹਾਂ ਦਾ ਸਿਰ ਪਾਟ ਗਿਆ ਤੇ ਨੱਕ ਵਿਚੋਂ ਖ਼ੂਨ ਵਹਿ ਤੁਰਿਆ। ਲਹੂ ਲੁਹਾਨ ਹੋਏ ਵੀ ਉਹ ਸਾਈਕਲ 'ਤੇ ਘਰ ਅਪੜ ਗਏ।

ਸਵੇਰੇ ਯਾਰਾਂ ਵਜੇ ਦੇ ਕਰੀਬ ਛੇ ਸਤ ਸੌ ਬੰਦਿਆਂ ਦਾ ਹਜੂਮ ਆਇਆ। ਉਨ੍ਹਾਂ ਕੋਲ ਦੇਸੀ ਕੱਟੇ, ਲੋਹੇ ਦੇ ਡੰਡੇ, ਸੱਬਲ, ਡਾਂਗਾਂ ਤੇ ਮਿੱਟੀ ਦਾ ਤੇਲ, ਪੈਟਰੋਲ ਸਭ ਕੁਝ ਹੈ ਸੀ। ਅਸੀਂ ਦਰਵਾਜ਼ੇ ਬੰਦ ਕਰਕੇ ਅੰਦਰ ਬੈਠੇ ਹੋਏ ਸਾਂ ਤੇ ਉਹ ਬਾਹਰੋਂ ਹੋ...ਹੋ... ਕਰਦੇ ਤੇ ਗੰਦੀਆਂ ਗਾਲ੍ਹਾਂ ਕੱਢਦੇ। ਫੇਰ ਉਨ੍ਹਾਂ ਰੇਲਵੇ ਲਾਈਨ ਤੋਂ ਪੱਥਰ ਚੁੱਕ ਚੁੱਕ ਕੇ ਮਾਰਨੇ ਸ਼ੁਰੂ ਕੀਤੇ ਤੇ ਦਰਵਾਜ਼ਾ ਭੰਨਣ ਲੱਗੇ। ਅਸੀਂ ਖੋਲ੍ਹਣਾ ਨਹੀਂ ਸਾਂ ਚਾਹੁੰਦੇ, ਪਰ ਸਰਦਾਰ ਜੀ ਨੇ ਕਿਹਾ ਕਿ ਮੈਂ ਗੱਲ ਕਰਦਾ ਹਾਂ।

ਦਰਵਾਜ਼ਾ ਖੋਲ੍ਹਣ 'ਤੇ ਤਿੰਨ ਚਾਰ ਨੇਤੇ ਜਹੇ ਸਾਹਮਣੇ ਖੜ੍ਹੇ ਹੋ ਗਏ। ਸਰਦਾਰ ਜੀ ਨੇ ਹੱਥ ਜੋੜੇ ਕਿ 'ਜੋ ਮੇਰੇ ਕੋਲ ਹੈ ਸਭ ਲੈ ਲਉ... ਮੇਰਾ ਕੋਈ ਕਸੂਰ ਨਹੀਂ... ਮੈਂ ਤਾਂ ਬਾਲ ਬੱਚੇਦਾਰ ਹਾਂ। ਮੈਂ ਇੰਦਰਾ ਜੀ ਨੂੰ ਨਹੀਂ ਮਾਰਿਆ।'

ਇਸ 'ਤੇ ਉਹ ਕਹਿਣ ਲਗੇ ਕਿ ਘਰ ਵਿਚ ਨਕਦੀ ਤੇ ਜੇਵਰ ਜੋ ਵੀ ਹੈ ਛੇਤੀ ਦੇ।

ਘਰ ਵਿਚ ਪੰਜ ਸੌ ਰੁਪਏ ਹੀ ਸਨ, ਜੋ ਉਨ੍ਹਾਂ ਕੱਢ ਕੇ ਦੇ ਦਿੱਤੇ ਤਾਂ ਉਹ ਜ਼ਰਾ ਪਰ੍ਹੇ ਹੱਟ ਗਏ। ਏਨੇ ਨੂੰ ਸਰਦਾਰ ਜੀ ਦਾ ਭਣਵਈਆ ਤੇ ਦੋ ਭਣੇਵੇਂ ਆ ਗਏ ਤੇ ਆ ਬੂਹਾ ਖੜਕਾਇਆ। ਉਨ੍ਹਾਂ ਦਾ ਘਰ ਵੀ ਸਾਡੇ ਪਿਛਵਾੜੇ ਹੀ ਸੀ। ਰੌਲਾ ਸੁਣ ਕੇ ਉਹ ਆਪਣੀਆਂ ਜਾਨਾਂ ਬਚਾਉਣ ਲਈ ਆਏ ਸਨ। ਸਾਡੇ ਦਰਵਾਜ਼ਾ ਖੋਲ੍ਹਣ 'ਤੇ ਹਜੂਮ ਫੇਰ ਨੇੜੇ ਆਉਣ ਲਗਾ। ਉਹ ਗਾਲ੍ਹਾਂ ਕੱਢ ਰਹੇ ਸਨ ਤੇ ਬਕ ਰਹੇ ਸਨ ਕਿ ਬਾਲ ਕਾਟ ਦੋ, ਨਹੀਂ ਤੋਂ ਮਾਰ ਦੇਂਗੇ। ਸਰਦਾਰ ਜੀ ਨੇ ਪਹਿਲਾਂ ਛੋਟੇ ਮੁੰਡੇ ਦੇ ਵਾਲ ਕੱਟੇ। ਫਿਰ ਭਣਵਈਏ ਤੇ ਉਸ ਦੇ ਦੋਹਾਂ ਜੁਆਨ ਪੁੱਤਰਾਂ ਦੇ ਤੇ ਬਾਅਦ ਵਿਚ ਆਪਣੇ ਕੇਸ ਵੀ ਆਪ ਹੀ ਕੱਟ ਦਿੱਤੇ। ਦਾੜ੍ਹੀਆਂ ਵੀ ਕੈਂਚੀ ਨਾਲ ਕੁਤਰ ਦਿੱਤੀਆਂ। ਆਦਮੀਆਂ ਦੀਆਂ ਬਦਲੀਆਂ ਹੋਈਆਂ ਅਜੀਬ ਜਿਹੀਆਂ ਸ਼ਕਲਾਂ ਵੇਖ ਕੇ ਅਸੀਂ ਜ਼ਾਰ-ਜ਼ਾਰ ਰੋ ਰਹੀਆਂ ਸਾਂ।




ਏਨੇ ਨੂੰ ਹਜੂਮ ਨੇ ਸਾਰੇ ਬੂਹੇ ਤੋੜ ਦਿੱਤੇ ਤੇ ਅੰਦਰੋਂ ਸਭ ਮਰਦਾਂ ਨੂੰ ਬਾਹਰ ਘਸੀਟ ਲਿਆ। ਲੋਹੇ ਦੀਆਂ ਛੱੜਾ ਮਾਰ ਮਾਰ ਕੇ ਸਭ ਨੂੰ ਕਤਲ ਕਰ ਦਿੱਤਾ। ਸੁਰਿੰਦਰ ਕੌਰ ਨੂੰ ਪਤੀ ਨੇ ਕਿਹਾ ਕਿ ਕੁੜੀ ਤੇ ਮੁੰਡੇ ਨੂੰ ਲੈ ਕੇ ਕੋਠੇ 'ਤੇ ਚੜ੍ਹ ਜਾ... ਉਹ ਜਾਣਾ ਨਹੀਂ ਸੀ ਚਾਹੁੰਦੀ, ਪਰ ਉਨ੍ਹਾਂ ਕਿਹਾ ਤੂੰ ਛੇਤੀ ਜਾਹ, ਮੈਂ ਵੀ ਮਗਰੇ ਆਇਆ...."ਬੱਚੀ ਬਾਰ੍ਹਾਂ ਸਾਲਾਂ ਦੀ ਸੀ, ਮੈਨੂੰ ਉਸ ਦਾ ਫ਼ਿਕਰ ਸੀ ਸੋ ਮੈਂ ਉਪਰ ਚਲੀ ਗਈ।

ਫਿਰ ਉਨ੍ਹਾਂ ਸਾਰਾ ਘਰ ਲੁੱਟ ਲਿਆ ਤੇ ਨਾਲ ਦੇ ਘਰ ਜਾ ਕੇ ਵੀ ਏਹੋ ਕਾਰਾ ਕੀਤਾ।

ਰਾਤੀ ਮਿਲਟਰੀ ਦਾ ਟਰੱਕ ਆਇਆ, ਪਰ ਪੰਜ ਛੇ ਬੰਦੇ ਦਰਵਾਜ਼ੇ 'ਤੇ ਖੜ੍ਹੇ ਸਨ। ਉਨ੍ਹਾਂ ਪਿਸਤੌਲ ਤਾਣ ਕੇ ਧਮਕਾਇਆ ਕਿ ਜੇ ਆਵਾਜ਼ ਕੱਢੀ ਤਾਂ ਭੁੰਨ ਦਿਆਂਗੇ।

ਉਨ੍ਹਾਂ ਦੇ ਜਾਣ ਤੋਂ ਬਾਅਦ ਇਕ ਹਿੰਦੂ ਗੁਆਂਢੀ ਨੇ ਥੋੜ੍ਹੀ ਦੂਰ ਮਹਿੰਦਰ ਸਿੰਘ ਐਮ.ਐਲ.ਸੀ. ਦੇ ਮਕਾਨ ਤੱਕ ਉਨ੍ਹਾਂ ਨੂੰ ਛੱਡਿਆ, ਜਿੱਥੇ ਪੁਲੀਸ ਦੀਆਂ ਜੀਪਾਂ ਖੜ੍ਹੀਆਂ ਸਨ। ਪੁਲੀਸ ਤਾਂ ਸਾਡੇ ਘਰ ਦੇ ਬਾਹਰ ਵੀ ਖੜ੍ਹੀ ਸੀ, ਪਰ ਉਨ੍ਹਾਂ ਕਿਸੇ ਨੂੰ ਮਨ੍ਹਾਂ ਨਹੀਂ ਕੀਤਾ। ਉਨ੍ਹਾਂ ਮਹਿੰਦਰ ਸਿੰਘ ਦੇ ਦਰਬਾਨ ਦੇ ਤਰਲੇ ਕੀਤੇ ਕਿ ਉਨ੍ਹਾਂ ਨੂੰ ਪਨਾਹ ਦੇ ਦੇਵੇ, ਪਰ ਉਹ ਕਹਿਣ ਲਗਾ ਕਿ ਏਥੇ ਤਾਂ ਪਹਿਲਾਂ ਹੀ ਬਹੁਤ ਸਾਰੇ ਲੋਕ ਮੌਜੂਦ ਨੇ... ਸੋ ਉਹ ਪੈਦਲ ਹੀ ਗੋਬਿੰਦ ਨਗਰ ਕੈਂਪ ਵਿਚ ਗਏ... ਫਟੇਹਾਲ ਸਨ ਉਹ... ਬੀਬੀ ਦੇ ਸਿਰ 'ਤੇ ਨਾ ਚੁੰਨੀ ਸੀ, ਤੇ ਨਾ ਹੀ ਪੈਰੀਂ ਚੱਪਲ...

"ਮੈਨੂੰ ਤਾਂ ਹਾਲੀ ਤਕ ਕੰਨਾਂ ਵਿਚ ਉਹੀ ਰੌਲੇ ਦੀਆਂ ਆਵਾਜ਼ਾਂ ਆਉਂਦੀਆਂ ਨੇ... ਜਿਨ੍ਹਾਂ ਵਿਚ ਸਰਦਾਰ ਜੀ ਦੀ ਆਵਾਜ਼ "ਤੂੰ ਚਲ, ਮੈਂ ਆਇਆ"। ਸਪਸ਼ਟ ਵੱਖਰੀ ਸੁਣਾਈ ਦਿੰਦੀ ਹੈ।

ਹਮਲਾ ਕਰਨ ਵਾਲਿਆਂ ਦੇ ਨਾਂ ਦਸਣ ਤੋਂ ਸੁਰਿੰਦਰ ਕੌਰ ਨੇ ਇਨਕਾਰ ਕਰ ਦਿੱਤਾ, ਭਾਵੇਂ ਕਈਆਂ ਨੂੰ ਉਹ ਪਛਾਣਦੀ ਵੀ ਸੀ। ਬਹੁਤੇ ਲੋਕ ਓਪਰੇ ਸਨ, ਜਿਨ੍ਹਾਂ ਨੂੰ ਉਸ ਪਹਿਲਾਂ ਕਦੀ ਵੀ ਨਹੀਂ ਸੀ ਵੇਖਿਆ।

ਏਸੇ ਤਰ੍ਹਾਂ ਐਲੌਂ ਦਬੌਲੀ ਦਾ ਹੀ ਸਵਰਨ ਸਿੰਘ ਜੋ ਆਈ.ਈ.ਐਲ. ਵਿਚ ਕੰਮ ਕਰਦਾ ਸੀ, ਉਸ ਨੂੰ ਤੇ ਉਸ ਦੀ ਵਹੁਟੀ ਨੂੰ ਸਕੂਟਰ ਨਾਲ ਬੰਨ੍ਹ ਕੇ ਉੱਤੇ ਪੈਟਰੋਲ ਪਾ ਜ਼ਿੰਦਾ ਸਾੜ ਦਿੱਤਾ। ਉਨ੍ਹਾਂ ਦੇ ਤਿੰਨ ਬੱਚੇ ਸਾਹਮਣੇ ਮਾਂ-ਬਾਪ ਨੂੰ ਸੜਦੇ ਵੇਖ ਕੇ ਕੁਰਲਾਉਂਦੇ ਰਹੇ, ਪਰ ਉਨ੍ਹਾਂ ਵਹਿਸ਼ੀਆਂ ਨੂੰ ਤਰਸ ਨਹੀਂ ਆਇਆ।

ਬਾਅਦ ਵਿਚ ਕਾਨਪੁਰ ਰਣਜੀਤ ਨਗਰ ਤੋਂ ਇਕ ਬਹੁਤ ਭਲਾ ਇਨਸਾਨ ਇਨ੍ਹਾਂ ਨੂੰ ਆਪਣੇ ਘਰ ਲੈ ਗਿਆ, ਕਿਉਂਕਿ ਉਹ ਕਿਸੇ ਰਿਸ਼ਤੇਦਾਰ ਕੋਲ ਨਹੀਂ ਸਨ ਜਾਣਾ ਚਾਹੁੰਦੇ। ਸਰਦਾਰ ਜਿਨ੍ਹਾਂ ਨੂੰ ਪਿਆਰ ਨਾਲ ਸਾਰੇ 'ਗਿੱਲੂ' ਸੱਦਦੇ ਨੇ, ਉਨ੍ਹਾਂ ਬੱਚਿਆਂ ਦੀ ਪਰਵਰਿਸ਼ ਚੰਗੀ ਤਰ੍ਹਾਂ ਕੀਤੀ।

ਕਰਮ ਸਿੰਘ ਤੇ ਉਸ ਦੀ ਪਤਨੀ ਜਸਵੰਤ ਕੌਰ ਵੀ ਏਸੇ ਤਰ੍ਹਾਂ ਇਕੱਠਿਆਂ ਸਾੜੇ ਗਏ ਤੇ ਉਨ੍ਹਾਂ ਦੇ ਪੰਜ ਬੱਚੇ ਅਨਾਥ ਹੋ ਗਏ।

ਕਈ ਸਿੱਖਾਂ ਨੂੰ ਗੁਆਂਢੀਆਂ ਨੇ ਖ਼ਤਰਾ ਮੁਲ ਲੈ ਕੇ ਆਪਣੇ ਘਰਾਂ ਵਿਚ ਲੁਕਾਇਆ, ਪਰ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਕੇਸ ਕਟਾ ਕੇ ਆਪਣੀ ਜਾਨ ਬਚਾਉਣੀ ਪਈ। ਘਰ ਤਾਂ ਸੌ ਫ਼ੀਸਦੀ ਲੁੱਟੇ ਗਏ।

74ਈਂ/28, ਰਾਮਿੰਦਰ ਕੌਰ ਨੇ ਦਸਿਆ ਕਿ ਰੌਲਾ ਸੁਣ ਕੇ ਘਰ ਦੇ ਸਭ ਬੰਦੇ, ਉਹ, ਸੱਸ, ਦੋ ਨਨਾਣਾਂ, ਸਹੁਰਾ, ਪਤੀ ਤੇ ਇਕ ਬੱਚਾ ਮਹਿਰੀ ਦੇ ਘਰ ਜਾ ਛੁਪੇ। ਮਹਿਰੀ ਨੇ ਉਸ ਪਾਸੋਂ ਰਮਿੰਦਰ ਦੀਆਂ ਵਾਲੀਆਂ, ਮੁੰਦਰੀ ਤੇ ਤਿੰਨ ਸੌ ਰੁਪਿਆ ਲਿਆ ਕਿ ਲੇਟਰਿਆਂ ਨੂੰ ਸ਼ਰਾਬ ਪਿਲਾਵੇਗੀ ਤਾਂ ਉਹ ਛੱਡ ਦੇਣਗੇ। ਥੋੜ੍ਹੀ ਦੇਰ ਬਾਅਦ ਉਹ ਅੰਦਰ ਆ ਕੇ ਕਹਿਣ ਲੱਗੀ ਕਿ ਵਾਲ ਕੱਟ ਦਿਉ ਤਾਂ ਛੱਡ ਦੇਣਗੇ, "ਪਰ ਅਸਾਂ ਸਭ ਕੁਝ ਵਾਹਿਗੁਰੂ 'ਤੇ ਛੱਡ ਦਿੱਤਾ ਤੇ ਵਾਲ ਨਹੀਂ ਕੱਟੇ। ਅਸੀਂ ਮੌਤ ਦਾ ਇੰਤਜ਼ਾਮ ਕਰ ਰਹੇ ਸਾਂ ਕਿ ਆਰਮੀ ਆ ਗਈ। ਸਾਡੇ ਜਾਣ ਤੋਂ ਪਿੱਛੋਂ ਗੁੰਡਿਆਂ ਨੇ ਘਰ ਪੂਰਾ ਲੁੱਟ ਲਿਆ।"



**ਤਾਰਨ ਗੁਜਰਾਲ**
ਫ਼ੋਨ 98557-19660

ਅਮਰਜੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਸਤਿੰਦਰ ਜੋ ਗੁਰੂ ਨਾਨਕ ਕਾਲਜ ਵਿਚ ਪੜ੍ਹਾਉਂਦੀ ਸੀ, ਆਪਣੇ ਹਿੰਦੂ ਗੁਆਂਢੀਆਂ ਦੇ ਘਰ ਜਾ ਛੁਪੇ। ਬਾਹਰੋਂ ਭੀੜ ਨੇ ਘੇਰਿਆ ਹੋਇਆ ਸੀ ਤੇ ਰੌਲਾ ਪਾ ਰਹੀ ਸੀ ਕਿ ਸਰਦਾਰ ਜਿੱਥੇ ਵੀ ਛੁਪਿਆ ਹੈ, ਕੱਢੋ...ਨਹੀਂ ਤਾਂ ਪਛਤਾਉਗੇ। ਅਸਾਂ ਉਹਨੂੰ ਛੱਡਣਾ ਨਹੀਂ। ਭੀੜ ਨੇ ਅਮਰਜੀਤ ਦੇ ਘਰ ਬਾਹਰ ਖੜ੍ਹੇ ਸਕੂਟਰ ਨੂੰ ਅੱਗ ਲਾ ਦਿੱਤੀ ਤੇ ਰੌਲਾ ਪਾਇਆ ਕਿ ਏਸੇ ਵਿਚ ਸਰਦਾਰ ਨੂੰ ਸਾੜਨਾ ਹੈ।

ਹਿੰਦੂ ਮਰਦ ਤੇ ਔਰਤਾਂ ਜਿਨ੍ਹਾਂ ਉਨ੍ਹਾਂ ਨੂੰ ਪਨਾਹ ਦਿੱਤੀ ਹੋਈ ਸੀ, ਆਪਣੇ ਕੋਠੇ 'ਤੇ ਚੜ੍ਹ ਗਏ ਤੇ ਸਰਦਾਰਾਂ ਨੂੰ ਗਾਲ੍ਹਾਂ ਕੱਢਣ ਲੱਗੇ ਕਿ ਲੱਭ ਗਏ ਤਾਂ ਅਸੀਂ ਆਪ ਉਨ੍ਹਾਂ ਨੂੰ ਮਾਰ ਮੁਕਾਵਾਂਗੇ। ਪੂਰੀ ਰਾਤ ਜਾਗ ਕੇ ਉਹ ਫ਼ਰਿਸ਼ਤੇ ਇਸ ਸਰਦਾਰ ਟੱਬਰ ਦੀ ਰਖਵਾਲੀ ਕਰਦੇ ਰਹੇ। ਦੋ ਤਾਰੀਖ਼ ਤਕ ਗੁੰਡਿਆਂ ਨੇ ਘੇਰਾ ਪਾਈ ਰੱਖਿਆ। ਸਕੂਟਰ 'ਤੇ ਤੇਲ ਪਾ ਉੱਤੇ ਹੋਰ ਸਾਮਾਨ ਸੁੱਟ ਸੁੱਟ ਅੱਗ ਮਘਾਈ ਰੱਖੀ ਕਿ ਏਸੇ ਵਿਚ ਸਭ ਨੂੰ ਸਾੜਾਂਗੇ। ਦੋ ਤਾਰੀਖ਼ ਜਦ ਉਹ ਘਰ ਦੀ ਤਲਾਸ਼ੀ ਲੈਣ 'ਤੇ ਆਮਾਦਾ ਹੋ ਗਏ ਤਾਂ ਅਮਰਜੀਤ ਨੇ ਆਪਣੇ ਗੁਆਂਢੀ ਤੇ ਉਸ ਦੇ ਟੱਬਰ ਦੀ ਜਾਨ ਬਖ਼ਸ਼ੀ ਲਈ ਆਪਣੀ ਦਾੜ੍ਹੀ ਤੇ ਕੇਸ ਕਟਵਾ ਲਏ ਤੇ ਉਨ੍ਹਾਂ ਦੀ ਸਾਈਕਲ 'ਤੇ ਬਲਵਈਆਂ ਵਿਚੋਂ ਹੋ ਕੇ ਬਾਹਰ ਨਿਕਲ ਗਿਆ। ਕਿਸੇ ਨੇ ਉਸ ਨੂੰ ਪਛਾਣਿਆ ਨਹੀਂ। ਘਰ ਦੀ ਤਲਾਸ਼ੀ ਲਈ ਗਈ। ਸਤਿੰਦਰ ਨੂੰ ਹਿੰਦੂਆਂ ਦੀਆਂ ਔਰਤਾਂ ਵਾਂਗ ਸੂਤੀ ਧੋਤੀ ਪੁਆ ਕੇ ਬਿੰਦੀ ਸੰਧੂਰ ਲਾ ਕੇ ਲੰਮਾ ਘੁੰਡ ਕਢਾ ਦਿੱਤਾ ਗਿਆ ਕਿ ਦਿਹਾਤ ਤੋਂ ਭੈਣ ਦੀ ਨੂੰਹ ਆਈ ਹੋਈ ਹੈ। ਤਿੰਨ ਚਾਰ ਦਿਨਾਂ ਬਾਅਦ ਕੁਝ ਚਿਰ ਕਰਫਿਊ ਖੁਲ੍ਹਣ 'ਤੇ ਉਹ ਏਸੇ ਵੇਸ ਵਿਚ ਉਸ ਨੂੰ ਤੇ ਬੱਚਿਆਂ ਨੂੰ ਉਸ ਦੇ ਪੇਕੇ ਛੱਡ ਕੇ ਆਏ।

## ਸ਼ੰਕਰ ਨਗਰ ਲਾਲ ਬੰਗਲਾ

ਪਹਿਲੀ ਨਵੰਬਰ 1984 ਸਵੇਰੇ 9-10 ਵਜੇ ਜੀ.ਟੀ. ਰੋਡ ਵੱਲੋਂ ਢਾਈ ਤਿੰਨ ਸੌ ਦੀ ਭੀੜ ਆਈ ਜਿਨ੍ਹਾਂ ਦੇ ਹੱਥਾਂ ਵਿਚ ਲੋਹੇ ਦੀਆਂ ਛੜਾਂ, ਲਾਠੀਆਂ ਤੇ ਪੱਥਰ ਸਨ। ਪਹਿਲਾਂ ਉਹ 201, ਸ਼ੰਕਰ ਨਗਰ ਗੁਰਚਰਨਜੀਤ ਸਿੰਘ ਦੇ ਘਰ ਗਏ ਤੇ ਦਰਵਾਜ਼ੇ ਤੋੜ ਕੇ ਅੰਦਰ ਵੱਲ ਗਏ। ਉਨ੍ਹਾਂ ਸਰਦਾਰ ਜੀ ਕੋਲੋਂ ਉਨ੍ਹਾਂ ਦੀ ਪੱਗ ਮੰਗੀ, ਪਰ ਉਨ੍ਹਾਂ ਨੇ ਨਹੀਂ ਦਿੱਤੀ। ਇਸ 'ਤੇ ਉਨ੍ਹਾਂ ਨੂੰ ਖਿੱਚ ਕੇ ਬਾਹਰ ਲੈ ਗਏ। ਉਨ੍ਹਾਂ ਦਾ ਛੋਟਾ ਲੜਕਾ ਦੌੜ ਕੇ ਗਵਾਂਢ ਵਿਚ ਗਿਆ ਤੇ ਦਸਿਆ ਕਿ ਉਸ ਦੇ ਪਿਤਾ ਨੂੰ ਦੰਗਾਈ ਮਾਰ ਰਹੇ ਨੇ। ਗੁਆਂਢ ਵਿਚ ਰਹਿੰਦੇ ਚਾਰ ਸਰਦਾਰ ਲਾਠੀਆਂ ਤੇ ਕਿਰਪਾਨਾਂ ਲੈ ਕੇ ਬਾਹਰ ਨਿਕਲ ਆਏ ਤੇ ਲਲਕਾਰਿਆ ਤਾਂ ਸਾਰੀ ਭੀੜ ਨਸ ਗਈ, ਪਰ ਪੰਜ ਕੁ ਮਿੰਟ ਬਾਅਦ ਹੀ ਪੰਜ ਛੇ ਸੌ ਬੰਦੇ ਇਕੱਠੇ ਹੋ ਕੇ ਆ ਗਏ ਤੇ ਦੂਰੋਂ ਹੀ ਪੱਥਰ ਚਲਾਉਣੇ ਸ਼ੁਰੂ ਕਰ ਦਿੱਤੇ। ਇਸ 'ਤੇ ਰਾਜਵੰਤ ਸਿੰਘ ਪੱਥਰ ਲਗਣ ਨਾਲ ਡਿੱਗ ਪਏ। ਮਨਜੀਤ ਸਿੰਘ, ਗੁਰਚਰਨਜੀਤ ਸਿੰਘ ਤੇ ਸਤਪਾਲ ਸਿੰਘ ਜੋ ਉਨ੍ਹਾਂ ਦੇ ਗਵਾਂਢੀ ਸਨ, ਬਲਵਈਆਂ ਨਾਲ ਲੜਦੇ ਰਹੇ। ਅਗਲਾ ਪੱਥਰ ਗੁਰਚਰਨਜੀਤ ਸਿੰਘ ਨੂੰ ਲੱਗਾ ਤੇ ਉਹ ਵੀ ਡਿੱਗ ਪਿਆ। ਮਨਜੀਤ ਸਿੰਘ ਨੂੰ ਅੱਠ ਦਸ ਬੰਦਿਆਂ ਘੇਰ ਲਿਆ ਤੇ ਸਿਰ ਵਿਚ ਲੋਹੇ ਦੇ ਸਰੀਏ ਮਾਰੇ। ਉਹ ਬੇਹੋਸ਼ ਹੋ ਗਿਆ। ਗੁਰਚਰਨਜੀਤ ਸਿੰਘ ਤੇ ਰਾਜਵੰਤ ਸਿੰਘ ਨੂੰ ਪੱਥਰਾਂ ਨਾਲ ਹੀ ਮਾਰ ਦਿੱਤਾ। ਘਰਾਂ ਦਾ ਪੂਰਾ ਸਾਮਾਨ ਲੁੱਟਣ ਤੋਂ ਬਾਅਦ ਸਿਲੰਡਰ ਖੋਲ੍ਹ ਕੇ ਅੱਗ ਲਾ ਦਿੱਤੀ ਤੇ ਵਿਚ ਮਨਜੀਤ ਸਿੰਘ ਜੋ 22 ਸਾਲ ਦਾ ਨੌਜੁਆਨ ਸੀ ਤੇ ਹਾਲੀ ਜੀਉਂਦਾ ਸੀ, ਅੱਗ ਵਿਚ ਸੁੱਟ ਦਿੱਤਾ। ਏਨੇ ਵਿਚ ਏਅਰ ਫ਼ੋਰਸ ਦੇ ਗਾਰਡ ਆ ਗਏ ਤੇ ਸਤਪਾਲ ਨੂੰ ਕਮਰੇ ਵਿਚ ਬੰਦ ਕਰਕੇ ਬਾਹਰ ਤਾਲਾ ਲਾ ਦਿੱਤਾ। ਸ਼ਾਮੀ ਚਾਰ ਵਜੇ ਤੱਕ ਉਹ ਆਪਣੇ ਘਰ ਦੇ ਚਾਰ ਬੰਦਿਆਂ ਨਾਲ ਉਥੇ ਬੰਦ ਰਿਹਾ ਤੇ ਬਾਅਦ ਵਿਚ ਸਭ ਨੂੰ ਕੈਂਪਾਂ ਵਿਚ ਪਹੁੰਚਾਇਆ ਗਿਆ। ਸਤਪਾਲ ਸਿੰਘ ਨੇ ਸੁਕਾਡਰਨ ਲੀਡਰ ਬਾਜਪਾਈ ਤੇ ਸੁਕਾਡਰਨ ਲੀਡਰ ਪੰਜਾਬੀ ਨਾਲ ਜਾ ਕੇ ਲਾਸ਼ਾਂ 'ਤੇ ਚਾਦਰਾਂ ਪਾਈਆਂ। ਅਜੀਤ ਸਿੰਘ ਦੀ ਲਾਸ਼ ਅੱਧੀ ਸੜੀ ਹੋਈ ਸੀ।

ਮਾਰਨ ਵਾਲੇ ਕਾਂਗਰਸ ਆਈ ਲੀਡਰ ਗਾਂਧੀ ਤੇ ਉਸ ਦੇ ਭੱਠਿਆਂ ਦੀ ਲੇਬਰ ਸੀ। ਚੌਕੀ ਇੰਚਾਰਜ ਅਹਿਰਵਾਂ ਦੇ ਮਿਸਟਰ ਤੋਮਰ ਨੇ ਪੀੜਤਾਂ ਦੀ ਬਹੁਤ ਮਦਦ ਕੀਤੀ। ਇਕ ਦੋ ਰਾਊਂਡ ਗੋਲੀ ਵੀ ਚਲਾਈ ਤੇ ਭੀੜ ਵਿਚ ਦੋ ਚਾਰ ਮੁੰਡਿਆਂ ਨੂੰ ਫੜ ਕੇ ਕੁੱਟਿਆ, ਪਰ ਫ਼ੋਰਸ ਨਾ ਹੋਣ ਕਰਕੇ ਉਹ ਬਹੁਤਾ ਕੁਝ ਕਰ ਨਹੀਂ ਸਕੇ।

ਗੁਰੂ ਨਾਨਕ ਮਾਡਲ ਸਕੂਲ ਦੇ ਗਰੰਥੀ ਇੰਦਰਜੀਤ ਸਿੰਘ ਬਾਰੇ ਉਥੋਂ ਦੀ ਚੁੰਗੀ ਦੇ ਮੁਹੱਰਰ ਨੇ ਦੱਸਿਆ ਕਿ ਉਸ ਨੂੰ ਰੱਸੀਆਂ ਨਾਲ ਬੰਨ੍ਹ ਕੇ ਘਸੀਟਿਆ ਗਿਆ ਤੇ ਬੁਰੀ ਤਰ੍ਹਾਂ ਮਾਰਿਆ ਗਿਆ। ਬਾਅਦ ਵਿਚ ਸੜਦੇ ਸਕੂਲ ਦੇ ਗੁਰਦੁਆਰੇ ਵਿਚ ਸੁੱਟ ਦਿੱਤਾ ਗਿਆ।

(ਬਾਕੀ ਅਗਲੇ ਹ.ਫ਼ਤੇ)

# ਪੰਚਾਇਤੀ ਜ਼ਮੀਨ ਵਿਵਾਦ : ਤੇਜ਼ਾਬੀ ਹਮਲੇ ਵਿਚ ਦੋਵੇਂ ਧਿਰਾਂ ਦੀਆਂ 9 ਔਰਤਾਂ ਜ਼ਖ਼ਮੀ

**ਕਪੂਰਥਲਾ/ਬਿਊਰੋ ਨਿਊਜ਼ :** ਜ਼ਿਲ੍ਹੇ ਦੇ ਪਿੰਡ ਭੂਈ ਵਿੱਚ ਜ਼ਮੀਨ ਸਬੰਧੀ ਝਗੜੇ ਦੌਰਾਨ ਦੋਵੇਂ ਧਿਰਾਂ ਨੇ ਇਕ-ਦੂਜੇ ਉਤੇ ਤੇਜ਼ਾਬ ਸੁੱਟਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਦੋਵੇਂ ਧਿਰਾਂ ਦੀਆਂ ਨੌਂ ਔਰਤਾਂ ਝੁਲਸ ਗਈਆਂ, ਜਿਨ੍ਹਾਂ ਵਿੱਚ ਸਰਪੰਚ ਦੀ ਪਤਨੀ, ਪੰਜ ਮਨਰੇਗਾ ਮਜ਼ਦੂਰ, ਇਕ ਲੜਕੀ ਤੇ ਦੋ ਹੋਰ ਔਰਤਾਂ ਸ਼ਾਮਲ ਹਨ। ਸਰਪੰਚ ਦੀ ਪਤਨੀ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਪਰਿਵਾਰਕ ਜੀਅ ਇਲਾਜ ਲਈ ਜਲੰਧਰ ਲੈ ਗਏ। ਬਾਕੀ ਅੱਠ ਔਰਤਾਂ ਇਥੇ ਸਿਵਲ ਹਸਪਤਾਲ ਵਿੱਚ ਜ਼ੇਰੇ-ਇਲਾਜ ਹਨ।

ਜਾਣਕਾਰੀ ਮੁਤਾਬਕ ਪੰਚਾਇਤੀ ਦੱਸੀ ਜਾ ਰਹੀ ਪਿੰਡ ਦੀ ਜ਼ਮੀਨ ਵਿੱਚ ਮਿੰਨੀ ਪੈਲੇਸ ਬਣਾਉਣ ਲਈ ਮਨਰੇਗਾ ਮਜ਼ਦੂਰ ਔਰਤਾਂ ਜਗੀਰੋ, ਜਸਬੀਰ ਕੌਰ, ਤਾਰਾ ਰਾਣੀ, ਸ਼ਾਂਤੀ



ਤੇਜ਼ਾਬੀ ਹਮਲੇ ਵਿੱਚ ਜ਼ਖ਼ਮੀ ਹੋਈਆਂ ਔਰਤਾਂ ਜ਼ੇਰੇ ਇਲਾਜ

ਅਤੇ ਜਸਵੀਰ ਕੌਰ ਇੱਟਾਂ ਚੁੱਕ ਰਹੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੌਰਾਨ ਪਿੰਡ ਦੇ ਹੀ ਨਿਰਮਲ ਸਿੰਘ ਤੇ ਉਸ ਦੀ ਪਤਨੀ ਨੇ ਵਿਰੋਧ ਸ਼ੁਰੂ ਕਰ ਦਿੱਤਾ ਤੇ ਗੱਲ ਤਕਰਾਰ ਤੋਂ ਹੱਥੋਪਾਈ ਤੱਕ ਪੁੱਜ ਗਈ। ਸ਼ੋਰ ਸੁਣ ਕੇ ਰਾਜਵੰਤ ਕੌਰ, ਸਰਪੰਚ ਵਿਨੋਦ ਕੁਮਾਰ ਸਹਿਗਲ ਦੀ ਪਤਨੀ ਗੀਨਾ ਸਹਿਗਲ ਵੀ ਪੁੱਜ ਗਈਆਂ।

ਇਸ ਦੌਰਾਨ ਰਾਜਵਿੰਦਰ ਕੌਰ ਤੇ ਉਸ ਦੀ ਧੀ ਲਵਪ੍ਰੀਤ ਕੌਰ ਨੇ ਸਪਰੇਅ ਨਾਲ ਤੇਜ਼ਾਬ ਸੁੱਟਣਾ ਸ਼ੁਰੂ ਕਰ ਦਿੱਤਾ ਤੇ ਸੱਤ ਔਰਤਾਂ ਝੁਲਸ ਗਈਆਂ। ਗੀਨਾ ਸਹਿਗਲ ਨੂੰ ਹਾਲਤ ਗੰਭੀਰ ਹੋਣ ਕਾਰਨ ਜਲੰਧਰ ਲਿਜਾਇਆ ਗਿਆ ਹੈ ਤੇ ਬਾਕੀ ਇਥੇ ਸਿਵਲ ਹਸਪਤਾਲ ਵਿੱਚ ਜ਼ੇਰੇ-ਇਲਾਜ ਹਨ, ਜਿਨ੍ਹਾਂ ਵਿੱਚੋਂ ਰਾਜਵੰਤ ਕੌਰ ਤੇ ਰਾਜਵਿੰਦਰ ਕੌਰ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਜਵਿੰਦਰ ਕੌਰ ਤੇ ਉਸ ਦੀ ਧੀ ਨੇ ਪਹਿਲਾਂ ਤੇਜ਼ਾਬ ਲਿਆ ਕੇ ਰੱਖਿਆ ਹੋਇਆ ਸੀ। ਸਾਬਕਾ ਸਰਪੰਚ ਸੁਖਜਿੰਦਰ ਕੌਰ ਨੇ ਦੋਸ਼ ਲਾਇਆ ਕਿ ਰਾਜਵਿੰਦਰ ਕੌਰ ਦਾ ਪਰਿਵਾਰ ਹੀ ਝਗੜਾ ਕਰ ਰਿਹਾ ਹੈ, ਜੋ ਜ਼ਮੀਨ 'ਤੇ ਮਾਲਕੀ ਦਾ ਦਾਅਵਾ ਕਰਦਾ ਹੈ। ਸਰਪੰਚ ਨੇ ਉਥੇ ਮਿਨੀ ਪੈਲੇਸ ਬਣਾਉਣ ਦੀ ਇਜਾਜ਼ਤ ਦਿੱਤੀ ਹੋਈ ਹੈ ਤੇ ਉਥੇ ਪਹਿਲਾਂ ਟੈਂਕੀ ਵੀ ਬਣੀ ਹੋਈ ਹੈ।

ਦੂਜੇ ਪਾਸੇ ਹਸਪਤਾਲ ਵਿੱਚ ਹੀ ਜ਼ੇਰੇ-ਇਲਾਜ ਰਾਜਵਿੰਦਰ ਕੌਰ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਦੋਸ਼ ਲਾਇਆ ਕਿ ਦੂਜੀ ਧਿਰ ਦੀਆਂ ਔਰਤਾਂ ਨੇ ਉਸ ਤੇ ਉਸ ਦੀ ਧੀ ਲਵਪ੍ਰੀਤ ਕੌਰ 'ਤੇ ਤੇਜ਼ਾਬ ਸੁੱਟਿਆ ਹੈ। ਉਸ ਨੇ ਦੋਸ਼ ਲਾਇਆ ਕਿ ਸਰਪੰਚ ਉਸ ਦੀ ਦਸ ਮਰਲੇ ਜ਼ਮੀਨ ਉਤੇ ਕਬਜ਼ਾ ਕਰਨਾ ਚਾਹੁੰਦਾ ਹੈ। ਉਸ ਮੁਤਾਬਕ ਮਾਮਲਾ ਅਦਾਲਤ ਵਿੱਚ ਹੈ ਪਰ ਸਰਪੰਚ ਨੇ ਉਥੇ ਟੈਂਕੀ ਬਣਵਾ ਦਿੱਤੀ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸਐਚਓ ਸਿਕੰਦਰ ਸਿੰਘ ਪੁਲੀਸ ਪਾਰਟੀ ਸਮੇਤ ਹਸਪਤਾਲ ਪੁੱਜੇ। ਪੁਲੀਸ ਵੱਲੋਂ ਨਿਰਮਲ ਸਿੰਘ ਤੇ ਰਾਜਵਿੰਦਰ ਕੌਰ ਦੀ ਸੱਸ ਰਤਨ ਕੌਰ ਨੂੰ ਹਿਰਾਸਤ ਵਿੱਚ ਲਏ ਜਾਣ ਦੀ ਖ਼ਬਰ ਹੈ ਪਰ ਪੁਲੀਸ ਨਾਂਹ ਕਰ ਰਹੀ ਹੈ। ਡੀਐਸਪੀ ਦਲਜੀਤ ਸਿੰਘ ਵਿੱਲੋਂ ਮੁਤਾਬਕ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਬਰਤਾਨਵੀ ਗ੍ਰਹਿ ਸਕੱਤਰ ਅੰਬਰ ਰੱਡ ਨੇ ਸਿੱਖਾਂ ਦੀ ਸੁਰੱਖਿਆ ਦਾ ਭਰੋਸਾ ਦਿੱਤਾ

*ਨਸਲੀ ਅਪਰਾਧਾਂ ਨਾਲ ਨਜਿੱਠਣ ਲਈ 30 ਲੱਖ ਪੌਂਡ ਮੁਹੱਈਆ ਕਰਵਾਏ*



**ਲੰਡਨ/ਬਿਊਰੋ ਨਿਊਜ਼ :** ਸਿੱਖਾਂ ਵਿਰੁੱਧ ਨਸਲੀ ਅਪਰਾਧ ਨਾਲ ਨਜਿੱਠਣ ਬਾਰੇ ਚਰਚਾ ਲਈ ਬਰਤਾਨੀਆ ਦੀ ਗ੍ਰਹਿ ਸਕੱਤਰ ਅੰਬਰ ਰੱਡ ਨੇ ਸਾਊਥਹਾਲ ਦੇ ਗੁਰਦੁਆਰੇ ਦਾ ਦੌਰਾ ਕੀਤਾ। ਬ੍ਰਿਐਗਜ਼ਿਟ 'ਤੇ ਵੋਟਿੰਗ ਮਗਰੋਂ ਨਸਲੀ ਅਪਰਾਧਾਂ ਦੀਆਂ ਘਟਨਾਵਾਂ ਵਧੀਆਂ ਹਨ। ਅੰਬਰ ਰੱਡ ਨੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿੱਚ ਸਿੱਖ ਆਗੂਆਂ, ਜਥੇਬੰਦੀਆਂ ਅਤੇ ਸਿੱਖ ਕੌਂਸਲ ਯੂਕੇ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਨਫਰਤ ਨੂੰ ਹਰਾਉਣ ਲਈ ਭਾਈਚਾਰੇ ਨੂੰ ਇਕਜੁੱਟ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਬਹੁਭਾਂਤੀ ਬਰਤਾਨੀਆ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਦਾ ਦੌਰਾ ਕਰ ਕੇ ਕਾਫ਼ੀ ਖ਼ੁਸ਼ੀ ਮਿਲੀ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿੱਚ ਨਸਲੀ ਅਪਰਾਧ ਦੀ ਕਤਈ ਕੋਈ ਥਾਂ ਨਹੀਂ ਅਤੇ ਇਹ ਸਾਡੇ ਲਈ ਅਹਿਮ ਹੈ ਕਿ ਅਸੀਂ ਇਸ ਸ਼ਾਂਤੀਪੂਰਨ ਧਰਮ 'ਤੇ ਚੱਲਣ ਵਾਲਿਆਂ ਦੀ ਰੱਖਿਆ ਕਰੀਏ। ਗ੍ਰਹਿ ਸਕੱਤਰ ਨੇ ਕਿਹਾ ਕਿ ਉਨ੍ਹਾਂ ਧਾਰਮਿਕ ਸਥਾਨਾਂ ਦੀ ਰੱਖਿਆ ਅਤੇ ਨਸਲੀ ਅਪਰਾਧਾਂ ਨਾਲ ਨਜਿੱਠਣ ਲਈ ਭਾਈਚਾਰਕ ਪ੍ਰਾਜੈਕਟਾਂ ਵਾਸਤੇ 30 ਲੱਖ ਪੌਂਡ ਮੁਹੱਈਆ ਕਰਵਾਏ। ਉਨ੍ਹਾਂ ਸਾਰੇ ਗੁਰਦੁਆਰਿਆਂ ਤੇ ਸਿੱਖ ਗਰੁੱਪਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੱਲ 'ਤੇ ਵਿਚਾਰ ਕਰਨ ਕਿ ਕੀ ਇਹ ਰਕਮ ਉਨ੍ਹਾਂ ਦੀ ਮਦਦ ਕਰ ਸਕਦੀ ਹੈ। ਸਿੱਖ ਕੌਂਸਲ ਯੂਕੇ ਦੇ ਸਕੱਤਰ ਜਨਰਲ ਗੁਰਮੇਲ ਸਿੰਘ ਨੇ ਕਿਹਾ ਕਿ ਨਸਲੀ ਅਪਰਾਧਾਂ ਨਾਲ ਨਜਿੱਠਣ ਅਤੇ ਭਾਈਚਾਰੇ ਵਿੱਚ ਇਕਜੁੱਟਤਾ ਵਧਾਉਣ ਦੀ ਗ੍ਰਹਿ ਸਕੱਤਰ ਦੀ ਵਚਨਬੱਧਤਾ ਸ਼ਲਾਘਾਯੋਗ ਹੈ।

# ਹਰਪ੍ਰੀਤ ਤੇਜ਼ਾਬ ਕਾਂਡ : ਦੋ ਮੁੱਖ ਦੋਸ਼ੀਆਂ ਨੂੰ 25-25 ਸਾਲ ਦੀ ਕੈਦ

**ਲੁਧਿਆਣਾ/ਬਿਊਰੋ ਨਿਊਜ਼ :** ਸਥਾਨਕ ਸਰਾਭਾ ਨਗਰ ਵਿਚ ਦਸੰਬਰ 2013 ਵਿਚ ਵਿਆਹ ਲਈ ਬਿਊਟੀ ਪਾਰਲਰ 'ਤੇ ਤਿਆਰ ਹੋਣ ਆਈ ਲੜਕੀ 'ਤੇ ਤੇਜ਼ਾਬ ਸੁੱਟ ਕੇ ਉਸ ਦੀ ਹੱਤਿਆ ਕਰਨ ਦੇ ਮਾਮਲੇ ਦਾ ਨਿਪਟਾਰਾ ਕਰਦਿਆਂ ਅਦਾਲਤ ਵੱਲੋਂ 6 ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ। ਦੋ ਮੁੱਖ ਦੋਸ਼ੀਆਂ ਨੂੰ 25-25 ਸਾਲ ਦੀ ਕੈਦ ਕੱਟਣੀ ਹੋਵੇਗੀ। ਬਾਕੀ ਦੇ ਚਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਕ ਦੋਸ਼ੀ ਨੂੰ ਸਬੂਤਾਂ ਦੀ ਕਮੀ ਕਾਰਨ ਬਰੀ ਕਰ ਦਿੱਤਾ ਗਿਆ ਹੈ। ਹਮਲੇ ਦੇ 20 ਦਿਨ ਬਾਅਦ ਹਰਪ੍ਰੀਤ ਦੀ ਮੌਤ ਹੋ ਗਈ ਸੀ। ਉਮਰ ਕੈਦ ਦੀ ਸਜ਼ਾ ਸੁਣਾਈ, ਜਦਕਿ ਦੋਸ਼ੀਆਂ ਨੂੰ ਸਜ਼ਾ ਦੇ ਨਾਲ 9 ਲੱਖ 60 ਹਜ਼ਾਰ ਰੁਪਏ ਜੁਰਮਾਨਾ ਵੀ ਅਦਾ ਕਰਨਾ ਹੋਵੇਗਾ। ਜਾਣਕਾਰੀ ਅਨੁਸਾਰ 7 ਦਸੰਬਰ 2013 ਨੂੰ ਸਰਾਭਾ ਨਗਰ ਮਾਰਕੀਟ ਵਿਚ ਲੈਕਮੇ ਬਿਊਟੀ ਪਾਰਲਰ ਵਿਚ ਕੁਝ ਨੌਜਵਾਨਾਂ ਨੇ ਵਿਆਹ ਵਾਲੇ ਦਿਨ ਤਿਆਰ ਹੋਣ ਆਈ ਲਾੜੀ ਹਰਪ੍ਰੀਤ ਕੌਰ ਵਾਸੀ ਬਰਨਾਲਾ 'ਤੇ ਤੇਜ਼ਾਬ ਸੁੱਟ ਦਿੱਤਾ ਸੀ। ਇਸ ਘਟਨਾ ਵਿਚ ਹਰਪ੍ਰੀਤ ਕੌਰ ਗੰਭੀਰ ਜ਼ਖਮੀ ਹੋ ਗਈ ਸੀ। ਗੰਭੀਰ ਹਾਲਾਤ ਵਿਚ ਕੁਝ ਦਿਨ ਹਰਪ੍ਰੀਤ ਕੌਰ ਦਾ ਇਲਾਜ ਦਿਆਨੰਦ ਹਸਪਤਾਲ ਵਿਚ ਕੀਤਾ ਗਿਆ, ਪਰ ਬਾਅਦ ਵਿਚ ਹਰਪ੍ਰੀਤ ਕੌਰ ਨੂੰ ਮੁੰਬਈ ਦੇ ਇਕ ਹਸਪਤਾਲ ਵਿਚ ਇਲਾਜ ਲਈ ਭੇਜ ਦਿੱਤਾ ਗਿਆ, ਜਿਥੇ 22 ਦਿਨ ਬਾਅਦ ਉਹ ਦਮ ਤੋੜ ਗਈ। ਪੁਲੀਸ ਅਨੁਸਾਰ ਹਰਪ੍ਰੀਤ ਕੌਰ ਦੀ ਮੰਗਣੀ ਕੋਲਕਾਤਾ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਨਾਲ ਹੋਈ ਸੀ, ਪਰ ਇਸ ਰਿਸ਼ਤੇ ਤੋਂ ਹਰਪ੍ਰੀਤ ਸਿੰਘ ਦੀ ਸਾਬਕਾ ਭਾਬੀ ਅੰਮ੍ਰਿਤਪਾਲ ਕੌਰ ਖੁਸ਼ ਨਹੀਂ ਸੀ। ਸਾਲ 2012 ਵਿਚ ਅੰਮ੍ਰਿਤਪਾਲ ਕੌਰ ਦਾ ਹਰਪ੍ਰੀਤ ਸਿੰਘ ਦੇ ਭਰਾ ਨਾਲ ਤਲਾਕ ਹੋ ਗਿਆ ਸੀ ਪਰ ਉਸ ਦੀ ਹਰਪ੍ਰੀਤ ਸਿੰਘ ਪਰਿਵਾਰ ਨਾਲ ਰੰਜਿਸ਼ ਸੀ। ਹਾਲਾਂਕਿ



ਅੰਮ੍ਰਿਤਪਾਲ ਕੌਰ ਦਾ ਵਿਆਹ ਦੁਬਾਰਾ ਲੰਡਨ ਦੇ ਰਹਿਣ ਵਾਲੇ ਇਕ ਵਿਅਕਤੀ ਨਾਲ ਹੋ ਗਿਆ ਸੀ ਪਰ ਉਹ ਲੰਡਨ ਨਹੀਂ ਗਈ ਅਤੇ ਪਟਿਆਲਾ ਵਿਚ ਹੀ ਰਹਿਣ ਲੱਗ ਪਈ। ਇਸ ਦੌਰਾਨ ਉਸ ਦੇ ਸਬੰਧ ਪਟਿਆਲਾ ਦੇ ਰਹਿਣ ਵਾਲੇ ਪਰਵਿੰਦਰ ਸਿੰਘ ਨਾਲ ਹੋ ਗਏ। ਅੰਮ੍ਰਿਤਪਾਲ ਕੌਰ ਕਿਸੇ ਵੀ ਹਾਲਾਤ ਵਿਚ ਇਹ ਵਿਆਹ ਨਹੀਂ ਹੋਣ ਦੇਣਾ ਚਾਹੁੰਦੀ ਸੀ, ਜਿਸ 'ਤੇ ਉਸ ਨੇ ਆਪਣੇ ਪ੍ਰੇਮੀ ਪਰਵਿੰਦਰ ਸਿੰਘ ਨਾਲ ਮਿਲ ਕੇ ਹਰਪ੍ਰੀਤ ਕੌਰ 'ਤੇ ਤੇਜ਼ਾਬ ਸੁੱਟਣ ਦੀ ਯੋਜਨਾ ਬਣਾਈ ਸੀ ਤਾਂ ਜੋ ਉਸ ਦਾ ਵਿਆਹ ਹਰਪ੍ਰੀਤ ਸਿੰਘ ਨਾਲ ਨਾ ਹੋ ਸਕੇ। ਪੁਲੀਸ ਵੱਲੋਂ ਇਸ ਮਾਮਲੇ ਵਿਚ ਅੰਮ੍ਰਿਤਪਾਲ ਕੌਰ, ਪਰਵਿੰਦਰ ਸਿੰਘ, ਪਰਵਿੰਦਰ ਸਿੰਘ ਦੇ ਚਚੇਰੇ ਭਰਾ ਸੰਨੀਪ੍ਰੀਤ, ਜਸਪ੍ਰੀਤ ਵਾਸੀ ਅਮਲੋਹ, ਗੁਰਸੇਵਕ ਸਿੰਘ ਵਾਸੀ ਪਟਿਆਲਾ, ਰਕੇਸ਼ ਕੁਮਾਰ ਵਾਸੀ ਫਤਿਹਗੜ੍ਹ ਸਾਹਿਬ ਅਤੇ ਅਸ਼ਵਨੀ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਨੇ ਇਨ੍ਹਾਂ ਸਾਰਿਆਂ ਖਿਲਾਫ਼ ਕੇਸ ਦਰਜ ਕੀਤਾ ਸੀ। ਜੱਜ ਸ੍ਰੀ ਸੰਦੀਪ ਸਿੰਗਲਾ ਵੱਲੋਂ ਇਸ ਮਾਮਲੇ ਦਾ ਨਿਪਟਾਰਾ ਕਰਦਿਆਂ ਉਪਰੋਕਤ 6 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਦਕਿ ਸੱਤਵੇਂ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਸਬੂਤਾਂ ਦੀ ਕਮੀ ਕਾਰਨ ਬਰੀ ਕਰ ਦਿੱਤਾ ਗਿਆ। ਅਦਾਲਤ ਵੱਲੋਂ 6 ਦੋਸ਼ੀਆਂ ਨੂੰ 9 ਲੱਖ 60 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਹੈ, ਜਿਨ੍ਹਾਂ ਵਿਚ 6 ਲੱਖ ਰੁਪਏ ਮ੍ਰਿਤਕ ਲੜਕੀ ਦੇ ਪਰਿਵਾਰ ਨੂੰ ਦੇਣ ਬਾਰੇ ਕਿਹਾ ਗਿਆ ਹੈ, ਜਦਕਿ ਬਿਊਟੀ ਪਾਰਲਰ 'ਤੇ ਕੰਮ ਕਰਨ ਵਾਲੀਆਂ ਲੜਕੀਆਂ ਅਮਰਜੀਤ ਕੌਰ ਨੂੰ 1 ਲੱਖ ਰੁਪਏ, ਗੀਤਾ ਨੂੰ 50 ਹਜ਼ਾਰ ਰੁਪਏ ਦੇਣ ਦੇ ਹੁਕਮ ਦਿੱਤੇ ਗਏ ਹਨ। ਇਹ ਲੜਕੀਆਂ ਦੋਸ਼ੀਆਂ ਵੱਲੋਂ ਤੇਜ਼ਾਬ ਸੁੱਟੇ ਜਾਣ ਸਮੇਂ ਜ਼ਖ਼ਮੀ ਹੋ ਗਈਆਂ ਸਨ, ਕਿਉਂਕਿ ਘਟਨਾ ਸਮੇਂ ਹਰਪ੍ਰੀਤ ਕੌਰ ਦੇ ਨੇੜੇ ਹੀ ਖੜ੍ਹੀਆਂ ਸਨ ਤੇ ਉਸਨੂੰ ਤਿਆਰ ਕਰ ਰਹੀਆਂ ਸਨ। ਜੱਜ ਵੱਲੋਂ ਸੁਣਾਏ ਇਸ ਫ਼ੈਸਲੇ ਵਿਚ ਅੰਮ੍ਰਿਤਪਾਲ ਕੌਰ ਅਤੇ ਉਸ ਦੇ ਪ੍ਰੇਮੀ ਪਰਵਿੰਦਰ ਸਿੰਘ ਬਾਰੇ ਵਿਸ਼ੇਸ਼ ਹੁਕਮ ਜਾਰੀ ਕੀਤੇ ਹਨ। ਜਿਸ ਤਹਿਤ ਇਨ੍ਹਾਂ ਦੋਵਾਂ ਦੋਸ਼ੀਆਂ ਨੂੰ ਉਮਰ ਕੈਦ ਦੇ ਰੂਪ ਵਿਚ 25 ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਇਸ ਮਾਮਲੇ ਵਿਚ ਮੁੰਬਈ ਦੇ ਡਾਕਟਰ ਦੀ ਗਵਾਹੀ ਅਦਾਲਤ ਵਿਚ ਦਰਜ ਕਰਵਾਉਣ ਲਈ ਪੁਲੀਸ ਨੂੰ ਜੱਦੋ-ਜਹਿਦ ਦਾ ਸਾਹਮਣਾ ਕਰਨਾ ਪਿਆ ਪਰ ਸੀ। ਆਈ. ਏ. ਇੰਚਾਰਜ ਇੰਸਪੈਕਟਰ ਹਰਪਾਲ ਸਿੰਘ ਦੇ ਯਤਨਾਂ ਸਦਕਾ ਵੀਡੀਓ ਕਾਨਫਰੰਸਿੰਗ ਰਾਹੀਂ ਹਰਪ੍ਰੀਤ ਕੌਰ ਦਾ ਇਲਾਜ ਕਰਨ ਵਾਲੇ ਡਾਕਟਰ ਦੀ ਗਵਾਹੀ ਹੋ ਸਕੀ, ਡਾਕਟਰ ਦੀ ਗਵਾਹੀ ਤੋਂ ਬਾਅਦ ਹੀ ਅਦਾਲਤ ਵੱਲੋਂ ਇਸ ਮਾਮਲੇ ਦੇ ਨਿਪਟਾਰੇ ਵਿਚ ਤੇਜ਼ੀ ਲਿਆਂਦੀ ਗਈ।

## ਚੋਣ ਮੈਨੀਫੈਸਟੋ ਆਖ਼ਰ ਕਿਉਂ ਨਹੀਂ ਬਣਦੇ ਕਾਨੂੰਨੀ ਦਸਤਾਵੇਜ਼ ?

ਸ.ਫ਼ਾ ਇਕ ਦੀ ਬਾਕੀ

ਕਾਰਵਾਈ ਕਰਨੀ ਚਾਹੀਦੀ ਹੈ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਕਿਹੜਾ ਵਾਅਦਾ, ਕਿੰਨੇ ਸਮੇਂ ਵਿਚ ਪੂਰਾ ਕਰਨਗੀਆਂ। ਵਾਅਦੇ ਕਰਨ ਤੋਂ ਪਹਿਲਾਂ, ਉਨ੍ਹਾਂ ਨੂੰ ਆਪਣੇ ਆਪਣੇ ਸਰੋਤ ਵੀ ਦਸਣੇ ਚਾਹੀਦੇ ਹਨ ਕਿ ਆਖ਼ਰ ਇਹ ਵਾਅਦੇ ਉਹ ਵਿੱਤੀ ਅਣਹੋਂਦ ਬਿਨਾਂ ਪੂਰੇ ਕਿਵੇਂ ਕਰਨਗੀਆਂ। ਇਸ ਮੰਗ ਨੂੰ ਲੈ ਕੇ ਪਿਛਲੇ ਦਿਨੀਂ ਸਿਆਸੀ ਪਾਰਟੀਆਂ 'ਤੇ ਸਿਕੰਜਾ ਉਦੋਂ ਕੱਸਦਾ ਨਜ਼ਰ ਆਇਆ, ਜਦੋਂ ਆਪਣੇ ਕਿਸਮ ਦੀ ਪਹਿਲੀ 'ਕਿਸਾਨ ਪਾਰਲੀਮੈਂਟ' ਹੋਈ। ਜਿਹੜੀ ਹੁਕਮਰਾਨ ਧਿਰ ਅੱਜ ਸਭ ਤੋਂ ਵੱਧ ਦਾਅਵੇ ਕਰ ਰਹੀ ਹੈ, ਭਾਵ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਨੁਮਾਇੰਦਾ 'ਕਿਸਾਨ ਪਾਰਲੀਮੈਂਟ' ਵਿਚ ਪੁੱਜਾ ਹੀ ਨਹੀਂ। ਕਾਂਗਰਸ, ਆਮ ਆਦਮੀ ਪਾਰਟੀ ਤੇ ਭਾਜਪਾ ਦੇ ਨੁਮਾਇੰਦਿਆਂ ਨੇ ਮੰਨਿਆ ਕਿ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਸਿਆਸੀ ਪਾਰਟੀ ਲੋਕਾਂ ਨਾਲ ਦਗ਼ਾ ਨਾ ਕਮਾ ਸਕਣ।

ਇਹ 'ਕਿਸਾਨ ਪਾਰਲੀਮੈਂਟ' ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਲੋਂ ਸੱਦੀ ਗਈ ਸੀ। ਇਸ ਵਿਚ ਕਾਂਗਰਸ ਵਲੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ, ਭਾਜਪਾ ਵਲੋਂ ਹਰਜੀਤ ਸਿੰਘ ਗਰੇਵਾਲ ਤੇ ਆਮ ਆਦਮੀ ਪਾਰਟੀ ਵਲੋਂ ਕੰਵਰ ਸੰਧੂ ਪੇਸ਼ ਹੋਏ। ਖ਼ੁਰਾਕ ਨਾਲ ਸਬੰਧਤ ਨੀਤੀਗਤ ਮਾਮਲਿਆਂ ਦੇ ਮਾਹਰ ਦਵਿੰਦਰ ਸ਼ਰਮਾ ਕਿਸਾਨ ਪਾਰਲੀਮੈਂਟ ਦੇ ਸਪੀਕਰ ਵਜੋਂ ਸ਼ਾਮਲ ਹੋਏ। ਕਿਸਾਨਾਂ ਵਲੋਂ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਖੇਤੀ ਕਰਜ਼ਿਆਂ, ਕਿਸਾਨ ਖ਼ੁਦਕੁਸ਼ੀਆਂ, ਬੇਰੁਜ਼ਗਾਰੀ, ਘੱਟੋ-ਘੱਟ ਆਮਦਨ ਸਮੇਤ ਕਈ ਸਵਾਲ ਪੁੱਛੇ। ਅਹਿਮ ਸਵਾਲ ਉਨ੍ਹਾਂ ਪੁੱਛਿਆ ਕਿ ਵਾਅਦੇ ਪੂਰੇ ਨਾ ਕਰਨ ਵਾਲੀਆਂ ਪਾਰਟੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਿਉਂ ਨਹੀਂ ਹੋਣੀ ਚਾਹੀਦੀ ? ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਏ ਜਾਣ ਬਾਰੇ ਤਿੰਨੋਂ ਪਾਰਟੀਆਂ ਦੇ ਨੁਮਾਇੰਦਿਆਂ ਨੇ ਹਾਮੀ ਭਰੀ ਜਦਕਿ ਹੁਣ ਜਦੋਂ ਮੋਦੀ ਸਰਕਾਰ ਦੇ 17 ਮਹੀਨੇ ਲੰਘ ਚੁੱਕੇ ਹਨ ਤਾਂ ਉਸ ਵਲੋਂ ਹਾਲੇ ਤਕ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਸਵਾਮੀਨਾਥਨ ਦੀ ਰਿਪੋਰਟ ਹਾਲੇ ਤਕ ਲਾਗੂ ਨਹੀਂ ਕੀਤੀ ਗਈ। ਇਸ 'ਤੇ ਭਾਜਪਾ ਦੇ ਨੁਮਾਇੰਦੇ ਨੇ ਮੁਆਫ਼ੀ ਤਾਂ ਮੰਗੀ, ਨਾਲ ਹੀ ਫੇਰ ਵਾਅਦਾ ਕੀਤਾ ਕਿ ਮੋਦੀ ਸਰਕਾਰ ਕਿਸਾਨਾਂ ਦੀ ਹਾਲਤ ਵਿਚ ਸੁਧਾਰ ਲਿਆਉਣ ਲਈ ਅਹਿਮ ਕਦਮ ਚੁੱਕੇਗੀ ਤੇ ਜੇਕਰ ਮੋਦੀ ਸਰਕਾਰ ਕੋਈ ਖ਼ਾਸ ਕਦਮ ਨਹੀਂ ਚੁੱਕਦੀ ਤਾਂ ਉਨ੍ਹਾਂ ਦੀ ਪਾਰਟੀ ਲੋਕਾਂ ਕੋਲ ਵੋਟ ਮੰਗਣ ਨਹੀਂ ਆਵੇਗੀ।

ਬੇਸ਼ੱਕ ਇਨ੍ਹਾਂ ਨੁਮਾਇੰਦਿਆਂ ਨੇ ਵਾਅਦਿਆਂ ਵਾਂਗ ਹੀ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ 'ਤੇ ਸਹਿਮਤੀ ਪ੍ਰਗਟ ਕੀਤੀ ਹੈ ਪਰ ਉਹ ਮਹਿਜ਼ ਨੁਮਾਇੰਦੇ ਵਜੋਂ ਪੇਸ਼ ਹੋਏ ਸੀ ਜੋ ਇਸ 'ਤੇ ਅਮਲ ਕਰਨ ਦਾ ਭਰੋਸਾ ਨਹੀਂ ਦੇ ਸਕੇ। ਜੇਕਰ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਦਸਤਾਵੇਜ਼ ਦੀ ਮਾਨਤਾ ਮਿਲ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਚੋਣ ਸੁਧਾਰ ਹੋ ਸਕਦਾ ਹੈ, ਤੇ ਉਥੇ ਆਮ ਲੋਕਾਂ ਦੇ ਮਸਲੇ ਹੱਲ ਹੁੰਦੇ ਹਨ। ਚੋਣਾਂ ਦੌਰਾਨ ਪਾਣੀ ਵਾਂਗ ਪੈਸਾ ਵਹਾਉਣ ਵਾਲੀਆਂ ਸਿਆਸੀ ਧਿਰਾਂ ਸੋਚ-ਸਮਝ ਕੇ ਵਾਅਦੇ ਕਰਨ ਲਈ ਮਜਬੂਰ ਹੋਣਗੀਆਂ। ਪਰ ਅਜਿਹਾ ਹੋਣਾ ਅਸੰਭਵ ਜਿਹਾ ਲਗਦਾ ਹੈ। ਕਿਉਂਕਿ ਸਿਆਸਤ ਕਾਫ਼ੀ ਨਿਵਾਣਾਂ ਤਕ ਪੁੱਜ ਚੁੱਕੀ ਹੈ। ਇਥੇ ਪਹਿਲਾਂ ਆਪਣੀ ਤੇ ਆਪਣਿਆਂ ਦੀ ਝੋਲੀ ਭਰੀ ਜਾਂਦੀ ਹੈ ਤੇ ਮਗਰੋਂ ਆਪਣੇ ਚੇਲੇ-ਚਪਟਿਆਂ ਵਾਸਤੇ। ਆਮ ਲੋਕਾਂ ਦੇ ਮਸਲੇ ਹੱਲ ਕਰਨੇ ਤਾਂ ਸਿਆਸੀ ਪਾਰਟੀਆਂ ਦੇ ਇਰਾਦੇ ਵਿਚੋਂ ਪੂਰੀ ਤਰ੍ਹਾਂ ਮਨਫ਼ੀ ਹੋ ਚੁੱਕੇ ਹਨ। ਵਿਕਾਸ ਵੀ ਆਮ ਲੋਕਾਂ ਨਹੀਂ, ਬਲਕਿ ਖ਼ਾਸ ਲੋਕਾਂ ਲਈ ਹੋ ਰਿਹਾ ਹੈ। ਸਿਹਤ, ਸਿੱਖਿਆ ਵਰਗੀਆਂ ਬੁਨਿਆਦੀ ਲੋੜਾਂ ਵੀ ਅਮੀਰਾਂ ਕੋਲ ਗਹਿਣੇ ਧਰ ਦਿੱਤੀਆਂ ਗਈਆਂ ਹਨ। ਵਾਅਦਾ ਤਾਂ ਸਿਹਤ ਜਾਂ ਸਿੱਖਿਆ ਵਿਚ ਸੁਧਾਰ ਦਾ ਹੁੰਦਾ ਹੈ, ਜਿੱਤ ਮਗਰੋਂ ਵਾਪਰਦਾ ਸਭ ਕੁਝ ਉਲਟ ਹੈ। ਜਨਤਕ ਪ੍ਰਣਾਲੀਆਂ ਨੂੰ ਤਬਾਹ ਕਰ ਕੇ ਵੱਡੇ ਵੱਡੇ ਕਾਰੋਬਾਰੀਆਂ ਨੂੰ ਸਸਤੀਆਂ ਜ਼ਮੀਨਾਂ ਦੇ ਕੇ ਉਨ੍ਹਾਂ 'ਤੇ ਸਕੂਲ, ਕਾਲਜ, ਯੂਨੀਵਰਸਿਟੀਆਂ, ਹਸਪਤਾਲ ਉਸਰ ਰਹੇ ਹਨ। ਚੋਣਾਂ ਤੋਂ ਪਹਿਲਾਂ ਖ਼ੁਸ਼ਹਾਲ ਦਿਨ ਦੇਣ ਵਾਲੀਆਂ ਸਿਆਸੀ ਧਿਰਾਂ, ਜਿੱਤ ਮਗਰੋਂ ਆਪਣੀ ਜ਼ਿੰਮੇਵਾਰੀ ਤੋਂ ਹੀ ਮੁਨਕਰ ਹੋ ਜਾਂਦੀਆਂ ਹਨ। ਇਸੇ ਲਈ ਸਾਰੇ ਜਨਤਕ ਅਦਾਰਿਆਂ 'ਤੇ ਇਨ੍ਹਾਂ ਦੀ ਨੀਅਤ ਦੀਆਂ ਨਜ਼ਰਾਂ ਗੱਡੀਆਂ ਹੋਈਆਂ ਤੇ ਹਰ ਖੇਤਰ ਵਿਚ ਕਾਰੋਬਾਰੀਆਂ ਤੇ ਸਿਆਸੀ ਭਾਈਵਾਲਾਂ ਦੀ ਦੁਕਾਨਦਾਰੀ ਚਮਕ ਰਹੀ ਹੈ। ਪੰਜਾਬੀਆਂ ਕੋਲ ਇਸ ਵਾਰ ਮੌਕਾ ਹੈ ਕਿ ਜੇ ਗੱਲ ਇਨ੍ਹਾਂ ਵਾਅਦਿਆਂ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਤੁਰੀ ਹੈ, ਤਾਂ ਉਨ੍ਹਾਂ ਨੂੰ ਹੰਭਲਾ ਮਾਰ ਕੇ ਇਸ ਮੰਗ ਨੂੰ ਜ਼ੋਰ-ਸ਼ੋਰ ਨਾਲ ਚੁੱਕਣਾ ਚਾਹੀਦਾ ਹੈ। ਇਹੀ ਸਹੀ ਮੌਕਾ ਹੈ, ਆਪਣੇ ਹਿਤਾਂ ਦੀ ਰਾਖੀ ਕਰਨ ਦਾ।

# Classified

## ਕੰਨਿਆ ਦੀ ਲੋੜ

**ਅਸਟਰੇਲੀਆ ਤੋਂ ਸ਼ੈਫ (Cooking course from Australia) ਕਰਕੇ ਆਏ ਜੱਟ ਸਿੱਖ 6 ਫੁੱਟ, ਉਮਰ 27 ਸਾਲ, 10 ਸਾਲ ਦੇ Visitor visa ਉਪਰ ਅਮਰੀਕਾ ਆਏ ਸੁਨੱਖੇ ਨੌਜਵਾਨ, ਜਿਸ ਦੀ ਫਰੀਦਕੋਟ ਪੰਜਾਬ 'ਚ 20 ਕਿੱਲਿਆਂ ਦੇ ਫਾਰਮ ਵਿਚ ਸ਼ਾਹੀ ਕੋਠੀ ਦੇ ਮਾਲਕ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।**

**ਹੋਰ ਜਾਣਕਾਰੀ ਲਈ : ਫੋਨ ਨੰਬਰ: 209-914-2980**

## ਵਰ ਦੀ ਲੋੜ

**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5' 2" ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੈਟਾ ਸਮੇਤ ਈਮੇਲ- 5RiversDeep@gmail.com. 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

**ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5", ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।**

**ਸੰਪਰਕ-ਈ ਮੇਲ :hardeepdhillon212@yahoo.com**

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Seeking Jatt Sikh profesional, Pure Vegetarian match for our US born beautiful daughter, 28, 5' 2''. Bachelor's Degree in Business Marketing. Dowry seekers please excuse. Interested, please contact with photo and biodata at 5RiversDeep@gmail.com.

## ਯਾਮਨੀ ਗੋਮਰ, ਕੜਵਲ ਤੇ ਨਈਅਰ ਕਾਂਗਰਸ 'ਚ ਸ਼ਾਮਲ

ਉਨ੍ਹਾਂ ਦੀ ਸਹਿਮਤੀ ਨਾਲ ਦਿੱਤੀਆਂ ਗਈਆਂ ਹਨ।

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਸ੍ਰੀ ਹੁੱਡਾ ਨੇ ਇੱਕ ਦਿਨ ਪਹਿਲਾਂ ਕਿਹਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਹਰਿਆਣਾ ਨੂੰ ਪਾਣੀ ਦੇਣ ਦਾ ਭਰੋਸਾ ਦੇਣ ਤਾਂ ਹੀ ਉਹ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸੀ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨਗੇ। ਇਸ ਦੇ ਜੁਆਬ ਵਿੱਚ ਕੈਪਟਨ ਨੇ ਸਪਸ਼ਟ ਕੀਤਾ ਹੈ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਸੱਤਾ ਵਿੱਚ ਆਉਣ ਮਗਰੋਂ ਨਸ਼ੀਲੇ ਪਦਾਰਥਾਂ ਦੇ ਧੰਦੇ ਨੂੰ ਖ਼ਤਮ ਕਰਨ ਲਈ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਹੋਰਨਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਨਗੇ। ਨਾਜਾਇਜ਼ ਜਾਇਦਾਦਾਂ ਬਣਾਉਣ ਦੇ ਮਾਮਲੇ ਵਿੱਚ ਉਹ ਪਿਛਲੀ ਵਾਰ ਵਾਂਗ ਬਾਦਲਾਂ ਨੂੰ ਮੁੜ ਜੇਲ੍ਹਾਂ ਵਿੱਚ ਭੇਜਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਸ਼ੀਲੇ ਪਦਾਰਥਾਂ, ਰੇਤਾ, ਬੱਜਰੀ, ਟਰਾਂਸਪੋਰਟ, ਕੇਬਲ ਮਾਫ਼ੀਆ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਹੈ ਤੇ ਇਸ ਨੂੰ ਹਰ ਹਾਲਤ ਵਿੱਚ ਪੂਰਾ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਜਲਦੀ ਆਪਣਾ ਮੈਨੀਫੈਸਟੋ ਜਾਰੀ ਕਰੇਗੀ। ਕਾਂਗਰਸ ਦੀ ਅਗਲੀ ਸੂਚੀ ਜਨਵਰੀ ਦੇ ਪਹਿਲੇ ਹਫ਼ਤੇ ਆ ਜਾਵੇਗੀ। ਇਸ ਮੌਕੇ ਯਾਮਨੀ ਗੋਮਰ ਨੇ ਕਿਹਾ ਕਿ ਜਿਹੜੇ ਲੋਕ 'ਆਪ' ਦੀ ਵਿਚਾਰਧਾਰਾ ਅਤੇ ਪੰਜਾਬ ਨੂੰ ਬਦਲਣ ਦਾ ਸੁਪਨਾ ਲੈ ਕੇ ਪਾਰਟੀ ਵਿੱਚ ਸ਼ਾਮਲ ਹੋਏ ਸਨ, ਉਨ੍ਹਾਂ ਵਿੱਚੋਂ 70 ਫ਼ੀਸਦੀ ਨੇ ਪਾਰਟੀ ਨੂੰ ਛੱਡ ਦਿੱਤਾ ਹੈ। ਇਸ ਮੌਕੇ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਸਾਬਕਾ ਮੰਤਰੀ ਬ੍ਰਹਮ ਮਹਿੰਦਰਾ, ਪਰਗਟ ਸਿੰਘ ਆਦਿ ਹਾਜ਼ਰ ਸਨ।

## ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ

ਐਲਾਨਣ ਲਈ ਦੋ ਧਰਮਾਂ ਤੋਂ ਨਿਆਰਾ ਤੀਸਰਾ ਪੰਥ ਚਲਾਉਣ ਲਈ ਆਪ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖੰਡੇ ਦੀ ਧਾਰ ਵਿਚੋਂ ਖਾਲਸਾ ਪੰਥ ਪਰਗਟ ਕੀਤਾ। ਆਪ ਜੀ ਦੀ ਠਾਠ ਬਾਠ ਵੇਖ ਕੇ ਬਾਈਧਾਰ ਦੇ ਰਾਜੇ ਗੁਰੂ ਜੀ ਨਾਲ ਈਰਖਾ ਕਰਦੇ ਸਨ। ਭਾਰਤ ਦੇਸ਼ ਅੰਦਰ ਸ਼ੂਦਰ ਜਾਤੀ ਦੇ ਹਿੱਸੇ ਆਈ ਹੋਲੀ ਨੂੰ ਮਹਾਰਾਜ ਨੇ ਹੋਲਾ ਮਨਾਉਣ ਦੀ ਕਵਾਇਤ ਵੀ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਅਰੰਭ ਕੀਤੀ, ਜੋ ਨਿਰੰਤਰ ਜਾਰੀ ਹੈ। ਅਸਲ ਵਿੱਚ ਦਸ਼ਮੇਸ਼ ਪਿਤਾ ਜੀ ਦੀ ਤਾਂਘ ਇਹ ਸੀ ਕਿ ਇਸ ਦੇਸ਼ ਦੀਆਂ ਸਭ ਜਾਤਾਂ ਦੇ ਲੋਕਾਂ ਅੰਦਰ ਪਾਏ ਵਹਿਮਾਂ ਨੂੰ ਕੱਢਣਾ। ਉਨ੍ਹਾਂ ਵਿੱਚ ਧਰਮ ਅਤੇ ਸਵੈ ਦੀ ਤਾਂਘ ਜਗਾ ਕੇ ਉਨ੍ਹਾਂ ਤਨਾਂ, ਮਨਾਂ, ਨੂੰ ਬਲਵਾਨ ਬਣਾ ਕੇ ਆਜ਼ਾਦੀ ਅਤੇ ਸਵੈ-ਮਾਣ ਦੀ ਅਲੱਖ ਜਗਾਉਣਾ ਸੀ। ਇਹ ਗੱਲਾਂ ਪਹਾੜੀ ਰਾਜਿਆ ਦੇ ਗਲੋਂ ਥੱਲੇ ਨਹੀਂ ਸਨ ਉਤਰਦੀਆਂ। ਫਿਰ ਆਪ ਜੀ ਨੂੰ ਬਾਈ ਧਾਰ ਦੇ ਰਾਜੇ ਅਤੇ ਔਰੰਗਜ਼ੇਬ ਨਾਲ ਛੋਟੀਆ ਵੱਡੀਆਂ 14 ਜੰਗਾਂ ਲੜਨੀਆਂ ਪਈਆਂ ਅਤੇ ਸਾਰਿਆਂ ਵਿੱਚ ਜਿੱਤ ਪ੍ਰਾਪਤ ਹੋਈ। ਆਪ ਜੀ ਨੂੰ ਖਾਲਸਾ ਪੰਥ ਦੇ ਕਹਿਣ 'ਤੇ ਸ੍ਰੀ ਆਨੰਦਪੁਰ ਸਾਹਿਬ ਜੀ ਦਾ ਕਿਲ੍ਹਾ ਛੱਡਣਾ ਪਿਆ। ਆਪ ਜੀ ਦਾ ਸਰਸਾ ਨਦੀ ਦੇ ਕਿਨਾਰੇ ਪੂਰਾ ਪਰਿਵਾਰ ਵਿਛੜਿਆ। ਆਪ ਜੀ ਨਾਲ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵੱਲ ਚਲੇ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰ ਕੌਰ ਜੀ ਨਾਲ ਸਰਹਿੰਦ ਵਾਲੇ ਪਾਸੇ ਚਲੇ ਗਏ। ਮਾਤਾਵਾਂ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੀਆਂ ਗਈਆਂ। ਇੱਕ ਹਫ਼ਤੇ ਵਿੱਚ ਆਪ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਏ। ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਨੀਹਾਂ ਵਿੱਚ ਮੁਗ਼ਲ ਹਕੂਮਤ ਵਲੋਂ ਦੀਵਾਰਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਆਪ ਜੀ ਦੀ ਮਾਤਾ ਗੁਜਰ ਕੌਰ ਵੀ ਸ਼ਹੀਦ ਹੋ ਗਈ। ਆਪ ਜੀ ਨੇ ਅੰਮ੍ਰਿਤ ਦੀ ਦਾਤ ਛੱਕਣ ਲੱਗਿਆਂ ਖਾਲਸੇ ਨਾਲ ਕੀਤਾ ਵਾਅਦਾ ਨਿਭਾਉਂਦੇ ਹੋਏ ਆਪਣਾ ਸਾਰਾ ਸਰਬੰਸ ਸਮੁੱਚੀ ਮਨੁੱਖਤਾ ਉਪਰੋਂ ਵਾਰ ਦਿੱਤਾ। ਆਪ ਸੰਗਤਾਂ ਨੂੰ ਤਾਰਦੇ ਹੋਏ ਖਿਦਰਾਣੇ ਦੀ ਢਾਬ ਪਹੁੰਚੇ ਜਿਥੇ ਵਜੀਰ ਖਾਂ ਨੇ ਗੁਰੂ ਜੀ ਨਾਲ ਜੰਗ ਕੀਤੀ ਅਤੇ ਵਜ਼ੀਰ ਖਾਂ ਦੀ ਸ਼ਰਮਨਾਕ ਹਾਰ ਜੰਗ ਦੌਰਾਨ ਹੋਈ। ਆਪ ਜੀ ਜੀ ਜਿੱਤ ਹੋਈ। ਆਪ ਜੀ ਨੇ ਉਸ ਜਗ੍ਹਾ ਦਾ ਨਾਮ ਮੁਕਤਸਰ ਰੱਖਿਆ। ਆਪ ਅੱਗੇ ਸਾਬੋ ਕੀ ਤਲਵੰਡੀ ਵੱਲ ਗਏ। ਉਥੇ ਆਪ ਜੀ ਨੇ ਭਾਈ ਮਨੀ ਸਿੰਘ ਬਾਬਾ ਦੀਪ ਸਿੰਘ ਜੀ ਪਾਸੋਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ। ਫਿਰ ਆਪ ਜੀ ਸਿੱਧਾ ਦੱਖਣ ਵੱਲ ਚਲੇ ਗਏ। ਆਪ ਜੀ ਦੀ ਔਰੰਗਜ਼ੇਬ ਨੂੰ ਪਾਈ ਹੋਈ ਚਿੱਠੀ ਮਿਲੀ ਭਾਵ ਜ਼ਫ਼ਰਨਾਮਾ। ਔਰੰਗਜ਼ੇਬ ਦੀ ਜ਼ਫ਼ਰਨਾਮਾ ਪੜ੍ਹ ਕੇ ਮੌਤ ਹੋ ਗਈ। ਫਿਰ ਆਪ ਜੀ ਨੇ ਬਹਾਦਰਸ਼ਾਹ ਨੂੰ ਦਿੱਲੀ ਦੇ ਤਖ਼ਤ 'ਤੇ ਬਿਠਾਇਆ। ਆਪ ਜੀ ਅੱਗੇ ਹਜ਼ੂਰ ਸਾਹਿਬ ਵੱਲ ਚਲੇ ਗਏ। ਉਥੇ ਆਪ ਜੀ ਦਾ ਮਿਲਾਪ ਮਾਧੋ ਦਾਸ ਬੈਰਾਗੀ ਨਾਲ ਹੋਇਆ। ਆਪ ਜੀ ਨੇ ਉਸ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਬੰਦਾ ਸਿੰਘ ਬਹਾਦਰ ਬਣਾਇਆ ਅਤੇ ਪੰਜਾਬ ਵੱਲ ਬਦਲਾ ਲੈਣ ਲਈ ਤੋਰਿਆ। ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ, 'ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ, ਸਭ ਸਿਖਣ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।' ਮੇਰੀ ਆਤਮਾ ਗੁਰੂ ਗ੍ਰੰਥ ਅਤੇ ਮੇਰਾ ਸਰੀਰ ਖਾਲਸਾ ਪੰਥ ਇਹ ਹੁਕਮ ਖਾਲਸੇ ਪੰਥ ਨੂੰ ਕੀਤੇ, ਕਿਸੇ ਵੀ ਦੇਹਧਾਰੀ ਨੂੰ ਮੰਨਣ ਤੋਂ ਵਰਜਿਤ ਕੀਤਾ ਅਤੇ ਸਦਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ, ਆਪ ਜੀ ਕੱਤਕ ਸੁਦੀ ਪੰਜ, 6 ਕੱਤਕ ਸੰਮਤ 1764 ਮੁਤਾਬਕ ਸੱਤ ਅਕਤੂਬਰ ਸੰਨ 1708 ਨੂੰ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ (ਦੱਖਣ) (ਹੁਣ ਮਹਾਰਾਸ਼ਟਰ) ਵਿਖੇ ਜੋਤੀ ਜੋਤ ਸਮਾਏ।

## 'ਵਾਹੁ ਵਾਹੁ ਗੁਰੁ ਗੋਬਿੰਦ ਸਿੰਘ ਆਪੇ ਗੁਰ ਚੇਲਾ'

ਰਹੇ ਹੈਂ? ਇਨੈ ਆਗੇ ਬਤਾਇਆ ਮਾਤਾ ਜੀ! ਗੁਰੂ ਜੀ ਸਿੱਖੋਂ ਕੋ ਦੇਨੇ ਕੇ ਲੀਏ ਖਾਂਡੇ ਕੀ ਪਾਹੁਲ ਤਿਆਰ ਕਰ ਰਹੇ ਹੈਂ। ਮਾਤਾ ਜੀ ਇਤਨਾ ਬਚਨ ਸੁਨ ਵੈਰਾਗ ਮੇਂ ਆਇ ਗਈ। ਉਸੀ ਸਮੇਂ ਝੋਲੀ ਮੇਂ ਪਤਾਸੇ ਪਾਇ ਗੁਰ-ਦਰਬਾਰ ਮੈਂ ਆਇ ਗਈ ਪ੍ਰਿਥਮੇਂ ਇਸੇ ਸਤਿਗੁਰਾਂ ਕੋ ਸੀਸ ਨਿਵਾਇ, ਝੋਲੀ ਮੇਂ ਸੇ ਪਤਾਸੇ ਬਾਟੇ ਮੇਂ ਪਾਇ ਦੀਏ।" ਭਾਈ ਚਉਪਾ ਸਿੰਘ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ ਕਿ ਅੰਮ੍ਰਿਤ ਤਿਆਰ ਹੋਣ ਤੋਂ ਬਾਅਦ ਪੰਜ ਚੁਲੇ ਅੰਮ੍ਰਿਤ ਦੇ ਪੰਜਾਂ ਸਿੰਘਾਂ ਦੇ ਨੇਤਰਾਂ ਵਿਚ ਪਾਏ ਗਏ, ਪੰਜ ਚੁਲੇ ਹਰ ਸਿੰਘ ਨੂੰ ਪਿਲਾਏ ਗਏ ਤੇ ਪੰਜ ਚੁਲੇ ਹਰੇਕ ਸਿੰਘ ਦੇ ਸੀਸ ਤੇ ਪਾਏ। ਭਾਈ ਸੰਤੋਖ ਸਿੰਘ ਜੀ ਇਸ ਗੱਲ ਤੇ ਸਹਿਮਤੀ ਭਰਦੇ ਹਨ।

ਕਮਲ ਪਾਨ ਅੰਮ੍ਰਿਤ ਕੋ ਲੀਨੋ। ਦੇ ਕਰਿ ਤਿਨਹਿ ਪਿਆਵਨਿ ਕੀਨੋ। ਲੋਚਨ ਮਹਿ ਛਿਰਕੇ ਫੁਨ ਮਾਰੇ। ਕੇਸ ਜੂੜ ਮੈਂ ਅੰਜੁਲ ਡਾਰੇ ਬੁਤ 3, ਅਧਿ 19, ਬੰਦ 29। ਗੁ:ਪ੍ਰ; ਸੂਰਜ ਗ੍ਰੰਥ

ਇਸ ਵਿਧੀ ਨਾਲ ਪੰਜਾਂ ਸਿੰਘਾਂ ਨੂੰ ਖੰਡੇ ਦੀ ਪਾਹੁਲ ਦਿਤੀ, ਬਾਹਰਲਾ ਭੇਖ (ਪਹਿਰਾਵਾ)ਦਿਤਾ ਅਤੇ ਹਿਰਦੇ ਵਿਚ ਗਿਆਨ ਦੇ ਕੇ ਉਨ੍ਹਾਂ ਨੂੰ ਆਪਣੇ ਬਰਾਬਰ ਕਰ ਲਿਆ;

ਇਸ ਬਿਧਿ ਪੰਚਹੁੰ ਸਿੰਘ ਕੌ ਖੰਡੇ ਪਾਹੁਲ ਦੀਨਿ। ਵਹਿਰ ਭੇਖ ਉਰ ਗਿਆਨ ਦੇ ਅਪਨੇ ਸਮ ਸੋ ਕੀਨਿ। (ਰੁੱਤ 3, ਅਧਿ 19, ਅੰਕ,45)

ਪੰਜਾਂ ਸਿੰਘਾ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਸੱਭ ਨੂੰ ਸਿੰਘ" ਦਾ ਲਕਬ (ਉਪ-ਨਾਮ) ਦਿੱਤਾ ਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ। ਗੁਰ ਬਿਲਾਸ ਪਾਤਸ਼ਾਹੀ ਅਨੁਸਾਰ ਫਿਰ ਗੁਰੂ ਸਾਹਿਬ ਸੱਭ ਨੂੰ ਰਹਿਤ ਮਰਯਾਦਾ ਤੇ ਉਪਦੇਸ਼ ਦ੍ਰਿੜ ਕਰਵਾਉਣ ਪਿਛੋਂ ਸਿੰਘਾਸਨ ਤੋਂ ਹੇਠ ਉੱਤਰ ਆਏ ਤੇ ਦੋਵੇਂ ਹੱਥ ਜੋੜ ਕੇ ਪੰਜਾਂ ਪਿਆਰਿਆਂ" ਅੱਗੇ ਨਿਮਰ ਹੋ ਬੇਨਤੀ ਕੀਤੀ ਕਿ ਅੰਮ੍ਰਿਤ ਦੀ ਦਾਤ ਹੁਣ ਮੈਨੂੰ ਵੀ ਬਖ਼ਸ਼ੋ। ਹੁਣ ਉਚੇ ਨੀਂਵੇਂ, ਗੁਰੂ ਚੇਲੇ ,ਜਾਤ- ਪਾਤ ਦਾ ਫਰਕ ਨਹੀਂ ਰਿਹਾ ਹੈ ਮੈਨੂੰ ਵੀ ਖਾਲਸਾ ਸਜਾਉ ਜਿਵੇਂ ਗੁਰੂ ਨੇ ਤੁਹਾਨੂੰ ਬਣਾਇਆ ਹੈ।

ਉਤਰ ਸਿੰਘਾਸਨ ਜੁਗ ਕਰ ਜੋਰੀ।

ਅੰਮ੍ਰਿਤ ਲੇਤ ਆਪ ਸੁਖ ਗੋਰੀ।56॥

ਗੁਰੂ ਸਾਹਿਬ ਦੀ ਇਸ ਵਿਡੱਤਣ ਨੂੰ ਮੁੱਖ ਰਖਦਿਆ ਭਾਈ ਗੁਰਦਾਸ (ਦੂਜਾ) ਲਿਖਦਾ ਹੈ

'ਵਾਹੁ ਵਾਹੁ (ਗੁਰੂ) ਗੋਬਿੰਦ ਸਿੰਘ ਆਪੇ ਗੁਰ ਚੇਲਾ'

ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ (ਰੁਤ 3, ਅਧਿ 19) ਤੇ ਮਰਯਾਦਾ ਦ੍ਰਿੜ ਕਰਾਉਣ ਬਾਰੇ ਲਿਖਦੇ ਹਨ:

ਕਰ ਅਰਦਾਸ ਰਹਿਤ ਕੀ ਭਲੇ।

ਪੰਚਾਮ੍ਰਿਤ ਅਚਿ ਪਾਂਚਹੁੰ ਮਿਲੇ।

ਜਾਤਿ ਪਾਤਿ ਕੋ ਭੇਦ ਨਾ ਕੋਈ।

ਚਾਰ ਬਰਨ ਅਚਵਹਿ ਇਕ ਹੋਈ।

ਮਤਿ ਉਚੀ ਰਾਖਹੁ ਮਨ ਨੀਵਾਂ।

ਸਿਮਰਹੁ ਵਾਹਿਗੁਰੂ ਸੁਖ ਸੀਵਾਂ।

ਗੋਰ ਮੜ੍ਹੀ ਅਰ ਪੰਥ ਅਨੇਕਾਂ।

ਆਨਿ ਨਾ ਮਾਨਹਿ ਰਾਖ ਬਿਬੇਕਾ।43।

ਉਸ ਵੇਲੇ ਜੋ ਰਹਿਤ ਬਾਰੇ ਆਦੇਸ਼ ਦਿਤਾ ਗਿਆ ,ਉਸ ਬਾਰੇ ਗੁਰ ਬਿਲਾਸ 10 ਵੀਂ ਕ੍ਰਿਤ ਭਾਈ ਕੁਇਰ ਸਿੰਘ ਰਹਿਤ ਦੱਸਣ ਉਪਰੰਤ ਕਹਿੰਦੇ ਹਨ ; ਸਦਾ ਉੱਜਲ ਬਸਤਰ ਪਹਿਨਣੇ, ਅਲਪ ਅਹਾਰ, ਕੇਸਾਂ ਦੀ ਸੰਭਾਲ, ਲੋੜਵੰਦ ਦੀ ਲੋੜ ਪੂਰੀ ਕਰਨੀ, ਗੁਰਦੁਆਰੇ ਜਾ ਕੇ ਨਿੱਤ ਸ਼ਬਦ ਸੁਣਨਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਲੈਣੀ ਹੈ।

ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗਂ।44॥

ਸ੍ਰੀ ਗੁਰਸੋਭਾ ਦਾ ਕਰਤਾ ਸੈਨਾਪਤਿ ਲਿਖਦਾ ਹੈ ਕਿ ਖਾਲਸਾ ਸਾਜਣ ਨਾਲ ਮਸੰਦਾਂ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਗਿਆ ਤੇ ਸਤਿਸੰਗਤ ਦਾ ਖਾਲਸਾ' ਬਣਾ ਕੇ ਗੁਰੂ ਨਾਲ ਸਿੱਧਾ ਸੰਪਰਕ ਹੋ ਗਿਆ।ਖ਼ਾਲਸਾ ਜਾਣੀ ਸਿੱਖ ਸਿੱਧਾ ਵਾਹਿਗੁਰੂ ਦਾ ਹੋ ਗਿਆ।

ਗੁਰਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਭਾਈ: ਗੁਰਦਾਸ , ਵਾਰ 41

ਇਸ ਤਰ੍ਹਾਂ ਬਿਨਾਂ ਕਿਸੇ ਵੰਡ- ਵਰਨ ਦੇ ਸੱਭ ਜਾਤਾਂ ਦੇ ਲੋਕਾਂ ਨੂੰ ਅੰਮ੍ਰਿਤ ਛਕਾਇਆ ਗਿਆ। ਵੈਸ ਸ਼ੂਦਰ ਜਟ ਸਾਰੇ ਪੰਥ ਵਿਚ ਆ ਗਏ। ਪੰਥ ਖਾਲਸਾ ਸ਼ੋਭਾ ਖਾਤਰ ਨਹੀਂ ਸਗੋਂ ਗਰੀਬ ਸਿੱਖਨ' ਨੂੰ ਅਣਖ ਨਾਲ ਜਿਉਣ ਮਰਨ ਲਈ ਬਣਾਇਆ।

ਕਨਿੰਘਮ ਲਿਖਦਾ ਹੈ ਕਿ ਖਾਲਸਾ ਸਾਜਨਾ ਦਾ ਮਹਾਨ ਕੰਮ ਗੁਰੂ ਨਾਨਕ ਦੇਵ ਜੀ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ ਸੁੱਚੇ ਅਸੂਲ ਲੱਭੇ,ਵੱਡੀਆਂ ਬੁਨਿਆਦਾਂ ਰੱਖੀਆਂ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵੀਂ ਕੌਮੀਅਤ ਦਾ ਰੂਪ ਜਦੋਂ ਕੇ ਅਮਲੀ ਤੌਰ ਤੇ ਸ਼ਕਲ ਪ੍ਰਦਾਨ ਕਰ ਦਿੱਤੀ। ਗੁਰੂ ਨੇ ਜਾਣ ਲਿਆ ਸੀ ਕਿ ਹਿੰਦੂ ਇਕ ਨਿਰੀ ਧਾਰਮਿਕ ਸੰਸਥਾ ਹੈ ਜਿਸ ਨੂੰ ਸਮੇਂ ਦੀਆ ਚਪੇੜਾਂ ਨੇ ਕਮਜ਼ੋਰ ਕਰ ਦਿੱਤਾ ਹੈ ਸੋ ਐਸੀ ਸ਼ਕਤੀਸ਼ਾਲੀ ਜੱਥੇਬੰਦੀ ਬਣਾਉਣ ਦੀ ਲੋੜ ਹੈ ਜੋ ਧਰਮ ਨਿਭਾਉਣ ਦੇ ਨਾਲ, ਮਰਨ ਦਾ ਜਜ਼ਬਾ ਵੀ ਭਰ ਸਕੇ।

ਸਹਿਜੇ ਰਚਿਓ ਖਾਲਸਾ ਦਾ ਰਚੈਤਾ ਲਿਖਦਾ ਹੈ ਕਿ ਇਸ ਤਰਾਂ ਗੁਰਬਾਣੀ ਦੇ ਮੁੱਖ ਵਾਕ ਅਨੁਸਾਰ - ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ-। ਕਲਗੀਆਂ ਵਾਲੇ ਨੇ ਖਾਲਸਾ ਜੀ ਦੀ ਉਚੀ ਸੁਰਤਿ ਵਿਚ ਅਕਾਲ ਦੀ ਧੁਨੀ ਪੈਦਾ ਕਰ ਦਿੱਤੀ। ਕਰਮ ਕਾਂਡੀ ਪ੍ਰਤੀਕ-ਸੂਚੀ ਦੇ ਸਾਰੇ ਪੁਰਾਤਨ ਨਿਸ਼ਾਨ ਸਦਾ ਲਈ ਅਲੋਪ ਹੋ ਗਏ। ਇਹ ਅਵਸਥਾ ਪਾਉਣ ਪਿਛੋਂ ਉਹ ਸਿੱਧਾ ਅਕਾਲ ਪੁਰਖ ਦੀ ਬਖਸ਼ਸ਼ ਦਾ ਹਿੱਸਾ ਬਣ ਗਿਆ। ਰਾਮ , ਕ੍ਰਿਸ਼ਨ ਸ਼ਿਵ ਜੀ, ਵਿਸ਼ਨੂੰ ਦੁਰਗਾ ਤੇ ਹੋਰ ਪੌਰਾਣਿਕ ਨਾਇਕ ਦੂਜੇ ਦਰਜੇ ਦੀ ਸ੍ਰਿਸ਼ਟੀ ਮੰਨੇ ਗਏ। ਖਾਲਸੇ ਵਾਸਤੇ ਕੋਈ ਅਵਤਾਰ ਕੋਈ ਦੇਵੀ ਦੇਵਤਾ ਨਾ ਰਿਹਾ।

***ਸੀਨੀਅਰ ਰਿਸਰਚ ਸਕਾਲਰ**

**ਸਿੱਖ ਸਰੋਤ ਇਤਿਹਾਸਕ ਗ੍ਰੰਥ -ਸੰਪਾਦਨਾ ਪ੍ਰੋਜੈਕਟ ਚੰਡੀਗੜ੍ਹ।**

## ਅਦੁੱਤੀ ਅਤੇ ਅਜ਼ੀਮ ਸ਼ਖ਼ਸੀਅਤ ਦੇ ਮਾਲਕ ਗੁਰੂ ਗੋਬਿੰਦ ਸਿੰਘ

'ਖਾਲਸਾ' ਅਮਰ ਹੈ। ਹਾਂ, ਤੂੰ ਸਾਨੂੰ ਪੁੱਤਰ ਬਣਾਇਆ ਸੀ, ਤੇ ਅਮਰ ਪੁੱਤਰ ਬਣਾਇਆ ਸੀ। ਫੇਰ ਤੇਰੇ ਇਹ ਅਮਰ ਬੱਚੇ ਕੀਕੂੰ ਨਾ, ਤੇਰੇ ਆਪਣੇ ਜਾਏ ਬੱਚਿਆਂ ਵਾਲੀ ਅਹਿੱਲ, ਅਭੁੱਕ, ਅਬੁਝ ਅੱਗ ਦਾ ਅਲਾਂਬਾ ਹੋਣ।'

ਆਖਰ ਵਿਚ ਮਹਾਂਕਵੀ ਸੰਤੋਖ ਸਿੰਘ ਦੀ ਇਕ ਰਚਨਾ ਦਾ ਹਵਾਲਾ ਦੇ ਕੇ ਲੇਖ ਨੂੰ ਸਮਾਪਤ ਕਰਨਾ ਚਾਹੁੰਦਾ ਹਾਂ। ਭਾਰਤ ਦੇਸ਼ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਅਤੇ ਤਾਕਤ ਉਸ ਦੀ ਵਿਭਿੰਨਤਾ, ਉਸ ਦੀ ਵੰਨ-ਸੁਵੰਨਤਾ ਵਿਚ ਹੈ ਪਰ ਭਾਈ ਸਾਹਿਬ ਦਾ ਇਹ ਨਿਰਣਾ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਉਪਕਾਰ ਨਾ ਕਰਦੇ ਤਾਂ ਉਸ ਦੀ ਅਨੇਕਤਾ ਅਤੇ ਉਸ ਦੀ ਅਨੇਕਤਾ ਵਾਲੀ ਹੋਂਦ ਹੀ ਖਤਮ ਹੋ ਜਾਣੀ ਸੀ :

'ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ

ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।

ਪਾਪ ਹੀ ਪਰਪੁੱਕ ਜਾਤੇ, ਧਰਮ ਧਸੱਕ ਜਾਤੇ

ਵਰਨ ਗਰਕ ਜਾਤੇ, ਸਾਹਿਤ ਬਿਧਾਨ ਕੀ।

ਦੇਵੀ ਦੇਵ ਦੇਹੁਰਾ ਸੰਤੋਖ ਸਿੰਘ ਦੂਰ ਹੋ ਤੇ

ਰੀਤਿ ਮਿਟ ਜਾਤੀ ਕਥਾ ਬੇਦਨ ਪੁਰਾਨ ਦੀ।

ਸ੍ਰੀ ਗੁਰੂ ਗੋਬਿੰਦ ਪਾਵਨ ਪਰਮ ਸੁਰ

ਮੂਰਤਿ ਨਾ ਹੋਤੀ ਜਓਮੈ ਕਰੁਣਾ ਨਿਧਾਨ ਕੀ।'

ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਛੋਟੇ ਸਾਹਿਬਜ਼ਾਦਿਆਂ ਦੀ ਧਰਤੀ 'ਤੇ ਸੰਗਤ ਦਾ ਸੈਲਾਬ

ਸਫ਼ਾ ਇਕ ਦੀ ਬਾਕੀ

ਦੀ ਰੈਲੀ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਜਦੋਂ ਅਕਾਲੀ ਸਰਕਾਰ ਧਾਰਮਿਕ ਗਰੰਥਾਂ ਦੀ ਰੱਖਿਆ ਨਹੀਂ ਕਰ ਸਕੀ, ਤਾਂ ਲੋਕਾਂ ਦੀ ਸੁਰੱਖਿਆ ਦੀ ਗੱਲ ਤਾਂ ਦੂਰ ਹੈ। ਅਕਾਲੀਆਂ ਨੇ ਪੂਰੇ ਸ਼ਾਸ਼ਨ ਵਿਚ ਪੰਜਾਬ ਨੂੰ ਲੁੱਟਿਆ। ਹੁਣ ਆਪਣੇ 300 ਚਹੇਤਿਆਂ ਨੂੰ ਵੀ ਅਹੁਦੇ ਦੇ ਦਿੱਤੇ। ਕਾਂਗਰਸ ਦੇ ਸੱਤਾ ਵਿਚ ਆਉਂਦਿਆਂ ਹੀ ਸਾਰਿਆਂ ਨੂੰ ਹਟਾਇਆ ਜਾਵੇਗਾ ਤੇ ਬਾਦਲ, ਸੁਖਬੀਰ ਤੇ ਮਜੀਠੀਆ ਦੀਆਂ ਧੱਕੇਸ਼ਾਹੀਆਂ ਦੀ ਜਾਂਚ ਕਰਵਾ ਕੇ ਇਨ੍ਹਾਂ ਨੂੰ ਅੰਦਰ ਕੀਤਾ ਜਾਵੇਗਾ।'

ਆਮ ਆਦਮੀ ਪਾਰਟੀ ਦੀ ਰੈਲੀ ਵਿਚ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ, 'ਮੈਂ ਪੋਸਟਰ ਛਾਪਣ ਤੋਂ ਬੈਠਾ ਹਾਂ, ਸੁਖਬੀਰ ਦੱਸੇ ਓਹਨੇ ਕਿੱਥੋਂ ਚੋਣ ਲੜਨੀ ਐ।' ਕੈਪਟਨ ਨੂੰ ਵੀ ਖੁੱਲ੍ਹੀ ਚੁਣੌਤੀ ਦਿੰਦੇ ਹੋਏ ਕਿਹਾ, 'ਉਹ ਮੇਰੇ ਤੇ ਸੁਖਬੀਰ ਖ਼ਿਲਾਫ਼ ਚੋਣ ਲੜੇ।' ਕੈਪਟਨ ਨੂੰ ਬੋਲੇ, 'ਅਮਰਿੰਦਰ ਜੀ, ਤੁਸੀਂ ਤਾਂ ਪਾਕਿਸਤਾਨ ਤੋਂ ਚੋਣ ਲੜ ਲਓ, ਕੁਝ ਵੋਟਾਂ ਤਾਂ ਪੈਣਗੀਆਂ।' ਮਾਨ ਨੇ ਕਿਹਾ ਕਿ ਜਿਸ ਸੂਬੇ ਦੇ ਕਿਸਾਨ ਜਾਨ ਦੇ ਰਹੇ ਹਨ, ਉਸ ਦਾ ਮੁੱਖ ਮੰਤਰੀ 'ਕਿਸਾਨਾਂ ਦੇ ਮਸੀਹਾ' ਦਾ ਐਵਾਰਡ ਲੈ ਰਿਹਾ ਹੈ। ਇਸੇ ਦੌਰਾਨ ਅਕਾਲੀ ਦਲ ਅੰਮ੍ਰਿਤਸਰ ਦੀ ਰੈਲੀ ਵਿਚ ਸਿਮਰਨਜੀਤ ਸਿੰਘ ਮਾਨ ਨੇ ਕਿਹਾ, 'ਉਨ੍ਹਾਂ ਦੀ ਲੜਾਈ ਖ਼ਾਲਸ ਸਰਕਾਰ ਬਣਾਉਣ ਲਈ ਚੱਲ ਰਹੀ ਹੈ। ਪਰ ਕਾਂਗਰਸ ਤੇ ਅਕਾਲੀ ਦਲ ਬਾਦਲ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। ਇਹ ਦੋਵੇਂ ਪੰਜਾਬ ਦੇ ਲੋਕਾਂ ਦੀਆਂ ਦੁਸ਼ਮਣ ਪਾਰੀਆਂ ਹਨ। ਸਰਬੱਤ ਖ਼ਾਲਸਾ ਵਿਚ ਪਾਸ ਸਾਰੇ ਪ੍ਰਸਤਾਵਾਂ ਨੂੰ ਲਾਗੂ ਕੀਤਾ ਜਾਵੇਗਾ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਆਦੇਸ਼ਾਂ ਨੂੰ ਮਾਨਤਾ ਦਿੱਤੀ ਜਾਵੇਗੀ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Katha
Kirtan
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd.
**FREMONT**
CA-94538

3810 Eau Claire Ave, Ceres,
**MODESTO/CERES**
CA-95307

220 Bush St/Montgomery St, #445
**SAN FRANCISCO**
(OPPOSITE INDIA VISA CENTER)

## Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
**510.795.1100**

976 E. EL CAMINO REAL • SUNNYVALE
**408.795.1100**

4112 GRAFTON ST • DUBLIN
**925.829.1700**

WWW.CHAATBHAVAN.COM


JUS 24x7
KEEPING UP WITH
PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24x7
ਪਲ ਪਲ ਦੀ ਖਬਰ ਦਵੇ
WATCH JUS 24x7 ON CHANNEL 743 ON dish & sling
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
Healthy Living Maida Free
SHER
DURUM ATTA
DESI STYLE
20 lb
9.07 kg
BRAR NATURAL
DESI STYLE